ਵੀਰਵਾਰ, 19 ਫਰਵਰੀ, 2026
8 ਫੱਗਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 260

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 19 FEBRUARY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪ੍ਰੂਫ਼-ਰੀਡ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# ਡੇਰਾਵਾਦ ਦਾ ਉਭਾਰ ਚਿੰਤਾਜਨਕ : ਬੰਤ ਬਰਾੜ

## ਸੀ ਪੀ ਆਈ ਦੀ ਪੰਜਾਬ ਸੂਬਾ ਕਾਨਫਰੰਸ ਸਫ਼ਲਤਾ ਨਾਲ ਸੰਪਨ, 75 ਮੈਂਬਰੀ ਸੂਬਾ ਕੌਂਸਲ ਤੇ 9 ਮੈਂਬਰੀ ਕੰਟਰੋਲ ਕਮਿਸ਼ਨ ਦੀ ਚੋਣ



ਡੈਲੀਗੇਟ ਅਜਲਾਸ ਨੂੰ ਸੰਬੋਧਨ ਕਰਦੇ ਹੋਏ ਕਾਮਰੇਡ ਹਰਦੇਵ ਸਿੰਘ ਅਰਸ਼ੀ ਤੇ ਕਾਮਰੇਡ ਬੰਤ ਬਰਾੜ, ਵੈਟਰਨ ਕਮਿਊਨਿਸਟ ਆਗੂਆਂ ਨੂੰ ਸਨਮਾਨਿਤ ਕਰਦੇ ਕਾਮਰੇਡ ਡੀ ਰਾਜਾ।

**ਜਲੰਧਰ (ਗਿਆਨ ਸੈਦਪੁਰੀ)**
ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੀ ਦੋ ਦਿਨਾ ਸੂਬਾਈ ਕਾਨਫਰੰਸ ਬੁੱਧਵਾਰ ਇੱਥੇ ਸਫਲਤਾ ਨਾਲ ਨੇਪਰੇ ਚੜ੍ਹੀ। ਇਸ ਦੌਰਾਨ 75 ਮੈਂਬਰੀ ਸੂਬਾ ਕੌਂਸਲ ਤੇ 9 ਮੈਂਬਰੀ ਕੰਟਰੋਲ ਕਮਿਸ਼ਨ ਦੀ ਚੋਣ ਕੀਤੀ ਗਈ। ਸੂਬਾ ਸਕੱਤਰ ਦੀ ਚੋਣ ਆਉਣ ਵਾਲੇ ਕੁਝ ਦਿਨਾਂ ਵਿੱਚ ਕੀਤੀ ਜਾਵੇਗੀ।

25ਵੀਂ ਸੂਬਾ ਕਾਨਫਰੰਸ ਵਿੱਚ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਰਾਜਸੀ ਰੀਵਿਊ ਰਿਪੋਰਟ ਅਤੇ ਜਥੇਬੰਦਕ ਰਿਪੋਰਟ ਪੇਸ਼ ਕੀਤੀ। ਜ਼ਿਕਰਯੋਗ ਹੈ ਕਿ ਇਸ ਸੂਬਾ ਕਾਨਫਰੰਸ ਤੋਂ ਪਹਿਲਾਂ 24ਵੀਂ ਕਾਨਫਰੰਸ 8-9 ਸਤੰਬਰ 2022 ਨੂੰ ਵੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਹੀ ਹੋਈ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਸੰਸਾਰ ਪੱਧਰ 'ਤੇ ਵੱਡੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਕਾਮਰੇਡ ਬਰਾੜ ਨੇ ਰਿਪੋਰਟ ਵਿੱਚ ਅੰਤਰ-ਰਾਸ਼ਟਰੀ ਹਾਲਾਤ ਤੋਂ ਲੈ ਕੇ ਪੰਜਾਬ ਦੀਆਂ ਸਿਆਸੀ, ਸਮਾਜੀ ਤੇ ਆਰਥਿਕ ਹਾਲਤਾਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ। ਉਨ੍ਹਾ ਸਤੰਬਰ 2025 ਵਿੱਚ ਚੰਡੀਗੜ੍ਹ ਵਿੱਚ ਹੋਈ ਪਾਰਟੀ ਕਾਂਗਰਸ ਦੀ ਵੱਡੀ ਸਫ਼ਲਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਦਾ ਸਿਹਰਾ ਪੰਜਾਬ ਦੀ ਸਮੁੱਚੀ ਪਾਰਟੀ ਨੂੰ ਜਾਂਦਾ ਹੈ। ਸਭ ਦੇ ਸਾਂਝੇ ਯਤਨਾਂ ਦੇ ਸਾਰਥਿਕ ਨਤੀਜੇ ਸਾਹਮਣੇ ਆਏ।

ਪੰਜਾਬ ਦੀਆਂ ਮੌਜੂਦਾ ਪ੍ਰਸਥਿਤੀਆਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਸਮਿਆਂ ਵਿੱਚ ਡੇਰਾਵਾਦ ਦਾ ਵੱਡਾ ਉਭਾਰ ਹੋਇਆ ਹੈ। ਆਰ ਐੱਸ ਐੱਸ ਤੇ ਭਾਜਪਾ ਵੱਲੋਂ ਪੰਜਾਬ ਦੇ ਲੋਕਾਂ ਨੂੰ ਆਪਣੀ ਜਕੜ ਵਿੱਚ ਲੈਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਕਾਮਰੇਡ ਬਰਾੜ ਨੇ ਭਾਜਪਾ, ਆਰ ਐੱਸ ਐੱਸ ਤੇ ਅਕਾਲੀ ਦਲ ਦੇ ਸੰਭਾਵੀ ਗੱਠਜੋੜ ਹੋਣ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਲਈ ਠੀਕ ਨਹੀਂ ਹੋਵੇਗਾ। ਇਸ ਵਿਸਥਾਰਤ ਰਿਪੋਰਟ ਵਿੱਚ ਪਿਛਲੇ ਸਾਲਾਂ ਦੀ ਹਰ ਸਰਗਰਮੀ ਨੂੰ ਸ਼ਾਮਲ ਕੀਤਾ ਗਿਆ ਹੈ। ਰਿਪੋਰਟ 'ਤੇ ਭਖਵੀਂ ਬਹਿਸ ਹੋਈ। ਡੈਲੀਗੇਟਾਂ ਨੇ ਰਿਪੋਰਟ ਦਾ ਹਿੱਸਾ ਬਣਨ ਲਈ ਬਹੁਤ ਸਾਰੇ ਸੁਝਾਅ ਦਿੱਤੇ। ਇਸ ਬਹਿਸ ਵਿੱਚ ਕਾਮਰੇਡ ਹਰਦੇਵ ਸਿੰਘ ਅਰਸ਼ੀ, ਕਾਮਰੇਡ ਨਿਰਮਲ ਸਿੰਘ ਧਾਲੀਵਾਲ, ਕਾਮਰੇਡ ਜਗਰੂਪ, ਕ੍ਰਿਸ਼ਨ ਚੌਹਾਨ, ਪ੍ਰਿਥੀਪਾਲ ਮਾੜੀਮੇਘਾ, ਸੁਖਦੇਵ ਸ਼ਰਮਾ, ਦੇਵੀ ਕੁਮਾਰੀ ਸਰਹਾਲੀ ਕਲਾਂ, ਕੁਲਦੀਪ ਭੋਲਾ, ਰਜਿੰਦਰ ਪਾਲ ਕੌਰ ਸਮੇਤ 41 ਸਾਥੀਆਂ ਨੇ ਹਿੱਸਾ ਲਿਆ। ਇਸੇ ਦੌਰਾਨ ਵੈਟਰਨ ਕਮਿਊਨਿਸਟ ਆਗੂਆਂ ਨੂੰ ਸੂਬਾ ਪਾਰਟੀ ਵੱਲੋਂ ਸਨਮਾਨਤ ਕੀਤਾ ਗਿਆ। ਸਨਮਾਨ ਪ੍ਰਾਪਤ ਕਰਨ ਵਾਲੇ ਆਗੂਆਂ ਵਿੱਚ ਭੁਪਿੰਦਰ ਸਾਂਬਰ, ਹਰਭਜਨ ਸਿੰਘ, ਸੰਪੂਰਨ ਸਿੰਘ ਛਾਜਲੀ, ਚੰਦ ਫਤਿਹਪੁਰੀ, ਕੁਸ਼ਲ ਭੌਰਾ ਆਦਿ ਸ਼ਾਮਲ ਹਨ। ਸੂਬਾ ਕਾਨਫਰੰਸ ਵਿੱਚ ਵੱਖ-ਵੱਖ ਮਤੇ ਪੇਸ਼ ਕੀਤੇ ਗਏ, ਜਿਨ੍ਹਾਂ ਨੂੰ ਸਰਬ-ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਲਖਬੀਰ ਸਿੰਘ ਨਿਜ਼ਾਮਪੁਰ ਵੱਲੋਂ ਪੇਸ਼ ਕੀਤੇ ਮਤੇ ਵਿੱਚ ਪੰਜਾਬ ਦੇ ਸੰਘਰਸ਼ਸ਼ੀਲ ਮਜ਼ਦੂਰਾਂ, ਮੁਲਾਜ਼ਮਾਂ ਤੇ ਵਿਦਿਆਰਥੀਆਂ ਉਪਰ ਹੁੰਦੇ ਪੁਲਸ ਤਸ਼ੱਦਦ ਦੀ ਨਿਖੇਧੀ ਕੀਤੀ ਗਈ। ਬਠਿੰਡਾ ਵਿਖੇ ਕਿਸਾਨਾਂ ਵੱਲੋਂ ਦਿੱਤੇ ਜਾ ਰਹੇ ਰੋਸ ਧਰਨੇ ਨੂੰ ਅਸਫਲ ਕਰਨ ਲਈ ਪੂਰੇ ਪੰਜਾਬ ਦੀ ਕੀਤੀ ਗਈ ਨਾਕੇਬੰਦੀ ਦੀ ਨਿਖੇਧੀ ਦਾ ਵੀ ਮਤਾ ਪੇਸ਼ ਕੀਤਾ ਗਿਆ। ਇਸੇ ਤਰ੍ਹਾਂ ਡਾ. ਰਜਿੰਦਰ ਪਾਲ ਸਿੰਘ ਔਲਖ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਅਰੁਣ ਮਿੱਤਰਾ ਅਤੇ ਗਿਆਨ ਸੈਦਪੁਰੀ ਵੱਲੋਂ ਵੱਖ-ਵੱਖ ਵਿਸ਼ਿਆਂ 'ਤੇ ਮਤੇ ਪੇਸ਼ ਕੀਤੇ ਗਏ, ਜੋ ਡੈਲੀਗੇਟ ਹਾਊਸ ਨੇ ਸਰਬ-ਸੰਮਤੀ ਨਾਲ ਪਾਸ ਕਰ ਦਿੱਤੇ।

## ਮਹਾਰਾਸ਼ਟਰ 'ਚ ਮੁਸਲਮਾਨਾਂ ਦੀ ਰਿਜ਼ਰਵੇਸ਼ਨ ਖਤਮ

**ਮੁੰਬਈ** : ਮਹਾਰਾਸ਼ਟਰ ਸਰਕਾਰ ਨੇ ਮੁਸਲਮ ਭਾਈਚਾਰੇ ਨੂੰ ਨੌਕਰੀਆਂ ਅਤੇ ਸਿੱਖਿਆ ਵਿੱਚ ਮਿਲਣ ਵਾਲੇ 5 ਫੀਸਦੀ ਰਾਖਵੇਂਕਰਨ ਨੂੰ ਰੱਦ ਕਰ ਦਿੱਤਾ ਹੈ। ਸਰਕਾਰ ਨੇ 2014 ਤੋਂ ਚੱਲੇ ਆ ਰਹੇ ਸਾਰੇ ਪੁਰਾਣੇ ਸਰਕੂਲਰਾਂ ਨੂੰ ਰੱਦ ਕਰਦਿਆਂ ਮੁਸਲਮਾਨਾਂ ਨੂੰ ਵਿਸ਼ੇਸ਼ ਪੱਛੜੀ ਸ਼੍ਰੇਣੀ ਤਹਿਤ ਜਾਤੀ ਸਰਟੀਫਿਕੇਟ ਅਤੇ ਨੌਨ ਕਰੀਮੀ ਲੇਅਰ ਸਰਟੀਫਿਕੇਟ ਜਾਰੀ ਕਰਨ 'ਤੇ ਵੀ ਰੋਕ ਲਗਾ ਦਿੱਤੀ ਹੈ।

ਵਿਰੋਧੀ ਧਿਰ ਨੇ ਇਸ ਫੈਸਲੇ ਦੀ ਸਖਤ ਨਿਖੇਧੀ ਕਰਦਿਆਂ ਮਹਾਂਯੁਤੀ ਗੱਠਜੋੜ ਨੂੰ 'ਘੱਟਗਿਣਤੀ ਵਿਰੋਧੀ' ਕਰਾਰ ਦਿੱਤਾ ਹੈ। ਕਾਂਗਰਸ ਨੇਤਾ ਨਸੀਮ ਖਾਨ ਨੇ ਇਲਜ਼ਾਮ ਲਗਾਇਆ ਕਿ ਇਹ ਫੈਸਲਾ ਪਿਛੜੇ ਮੁਸਲਿਮ ਵਰਗਾਂ ਨੂੰ ਵਿਕਾਸ ਦੀ ਮੁੱਖ ਧਾਰਾ ਤੋਂ ਦੂਰ ਰੱਖਣ ਦੀ ਸਾਜ਼ਿਸ਼ ਹੈ।

ਦੂਜੇ ਪਾਸੇ, ਐੱਨ ਸੀ ਪੀ (ਸ਼ਰਦ ਪਵਾਰ) ਦੇ ਬੁਲਾਰੇ ਨੇ ਕਿਹਾ ਕਿ ਇਹ ਕਦਮ ਸਾਬਤ ਕਰਦਾ ਹੈ ਕਿ ਭਾਜਪਾ ਆਪਣੇ ਸਹਿਯੋਗੀ ਮੁਸਲਮ ਨੇਤਾਵਾਂ ਦੀ ਵੀ ਕਦਰ ਨਹੀਂ ਕਰਦੀ। ਵਿਰੋਧੀਆਂ ਦਾ ਕਹਿਣਾ ਹੈ ਕਿ ਜਦੋਂ ਬੰਬੇ ਹਾਈਕੋਰਟ ਨੇ ਸਿੱਖਿਆ ਵਿੱਚ 5 ਫੀਸਦ ਰਾਖਵੇਂਕਰਨ ਨੂੰ ਹਰੀ ਝੰਡੀ ਦਿੱਤੀ ਸੀ, ਤਾਂ ਸਰਕਾਰ ਨੇ ਇਸ ਨੂੰ ਜਾਣਬੁੱਝ ਕੇ ਲਾਗੂ ਨਹੀਂ ਕੀਤਾ।

## ਹਿਮਾਚਲ ਦੀ ਇੱਕ ਤੇ ਹਰਿਆਣਾ ਦੀਆਂ ਦੋ ਰਾਜ ਸਭਾ ਸੀਟਾਂ ਦੀ ਚੋਣ 16 ਨੂੰ

**ਨਵੀਂ ਦਿੱਲੀ** : ਚੋਣ ਕਮਿਸ਼ਨ ਨੇ ਬੁੱਧਵਾਰ ਨੇ ਦੱਸਿਆ ਕਿ ਦੇਸ਼ ਦੇ 10 ਸੂਬਿਆਂ ਵਿੱਚ ਰਾਜ ਸਭਾ ਦੀਆਂ 37 ਸੀਟਾਂ ਲਈ ਦੋ ਸਾਲਾ ਚੋਣਾਂ 16 ਮਾਰਚ ਨੂੰ ਕਰਵਾਈਆਂ ਜਾਣਗੀਆਂ। ਇਹ ਸੀਟਾਂ ਅਪਰੈਲ ਮਹੀਨੇ ਵਿੱਚ ਵੱਖ-ਵੱਖ ਤਰੀਕਾਂ ਨੂੰ ਖਾਲੀ ਹੋ ਰਹੀਆਂ ਹਨ।

ਇਨ੍ਹਾਂ ਚੋਣਾਂ ਵਿੱਚ ਹਰਿਆਣਾ ਦੀਆਂ ਦੋ ਅਤੇ ਹਿਮਾਚਲ ਪ੍ਰਦੇਸ਼ ਦੀ ਇੱਕ ਸੀਟ 'ਤੇ ਵੀ ਵੋਟਿੰਗ ਹੋਵੇਗੀ, ਜਿਸ ਕਾਰਨ ਸਿਆਸੀ ਹਲਚਲ ਤੇਜ਼ ਹੋ ਗਈ ਹੈ। ਜਿਨ੍ਹਾਂ ਹੋਰਨਾਂ ਰਾਜਾਂ ਵਿੱਚ ਚੋਣਾਂ ਹੋਣੀਆਂ ਹਨ, ਉਹ ਮਹਾਰਾਸ਼ਟਰ, ਓਡੀਸ਼ਾ, ਤੇਲੰਗਾਨਾ, ਤਾਮਿਲਨਾਡੂ, ਛੱਤੀਸਗੜ੍ਹ, ਪੱਛਮੀ ਬੰਗਾਲ, ਅਸਾਮ ਅਤੇ ਬਿਹਾਰ ਹਨ।

## ਲਾਰੈਂਸ ਕਤਲ ਕੇਸ 'ਚੋਂ ਬਰੀ

**ਚੰਡੀਗੜ੍ਹ** : ਸਥਾਨਕ ਅਦਾਲਤ ਨੇ ਪ੍ਰਾਪਰਟੀ ਡੀਲਰ ਸੋਨੂੰ ਸ਼ਾਹ ਕਤਲ ਕੇਸ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਬਰੀ ਕਰ ਦਿੱਤਾ ਹੈ। ਹਾਲਾਂਕਿ ਅਦਾਲਤ ਨੇ ਇਸੇ ਮਾਮਲੇ ਵਿੱਚ ਤਿੰਨ ਹੋਰਨਾਂ ਰਾਜਨ ਉਰਫ ਜਾਟ, ਮਨਜੀਤ ਅਤੇ ਸ਼ੁਭਮ ਪ੍ਰਜਾਪਤੀ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਨ੍ਹਾਂ ਦੋਸ਼ੀਆਂ ਦੀ ਸਜ਼ਾ ਦਾ ਐਲਾਨ 20 ਫਰਵਰੀ ਨੂੰ ਕੀਤਾ ਜਾਵੇਗਾ। ਸਤੰਬਰ 2019 ਵਿੱਚ ਬੁੜੈਲ ਸਥਿਤ ਦਫਤਰ ਵਿੱਚ ਸੋਨੂੰ ਸ਼ਾਹ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਜਿਸ ਦਾ ਇਲਜ਼ਾਮ ਪੁਲਸ ਨੇ ਬਿਸ਼ਨੋਈ 'ਤੇ ਲਗਾਇਆ ਸੀ।

ਅਦਾਲਤ ਵਿੱਚ ਪੁਲਸ ਲਾਰੈਂਸ ਬਿਸ਼ਨੋਈ ਅਤੇ ਪੰਜ ਹੋਰਾਂ ਖਿਲਾਫ ਲੱਗੇ ਦੋਸ਼ਾਂ ਨੂੰ ਸਾਬਤ ਕਰਨ ਵਿੱਚ ਅਸਫਲ ਰਹੀ। ਪੁਲਸ ਨੇ ਕਤਲ ਅਤੇ ਸਾਜ਼ਿਸ਼ ਵਰਗੀਆਂ ਗੰਭੀਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਸਬੂਤਾਂ ਦੀ ਘਾਟ ਕਾਰਨ ਬਿਸ਼ਨੋਈ ਕਿਸੇ ਕੇਸ ਵਿੱਚੋਂ ਬਰੀ ਹੋਇਆ ਹੋਵੇ; ਇਸ ਤੋਂ ਪਹਿਲਾਂ ਵੀ ਉਹ ਫਿਰੌਤੀ ਅਤੇ ਆਰਮਜ਼ ਐਕਟ ਦੇ ਕਈ ਮਾਮਲਿਆਂ ਵਿੱਚੋਂ ਬਰੀ ਹੋ ਚੁੱਕਾ ਹੈ। ਫਿਲਹਾਲ, ਉਹ ਸਿੱਧੂ ਮੂਸੇਵਾਲਾ ਕਤਲ ਕਾਂਡ ਸਮੇਤ ਕਈ ਹੋਰ ਵੱਡੇ ਮਾਮਲਿਆਂ ਵਿੱਚ ਟਰਾਇਲ ਦਾ ਸਾਹਮਣਾ ਕਰ ਰਿਹਾ ਹੈ।

## ਕਰਜ਼ੇ ਨੇ ਕਿਸਾਨ ਦੀ ਜਾਨ ਲਈ

**ਲਹਿਰਾਗਾਗਾ** : ਪਿੰਡ ਭੁਟਾਲ ਕਲਾਂ ਦੇ ਕਿਸਾਨ ਜਗਤਾਰ ਸਿੰਘ ਨੇ ਕਰਜ਼ੇ ਦੀ ਮਾਰ ਅਤੇ ਮਾਨਸਕ ਤਣਾਅ ਕਾਰਨ



ਜ਼ਹਿਰੀਲੀ ਚੀਜ਼ ਨਿਗਲ ਕੇ ਖੁਦਕੁਸ਼ੀ ਕਰ ਲਈ। ਕਿਸਾਨ ਆਗੂ ਗੋਬਿੰਦ ਸਿੰਘ ਭੁਟਾਲ ਨੇ ਦੱਸਿਆ ਕਿ ਜਗਤਾਰ ਸਿੰਘ ਦੇ ਸਿਰ 'ਤੇ ਦੋ ਪਰਵਾਰਾਂ ਦੀ ਜ਼ਿੰਮੇਵਾਰੀ ਸੀ। ਉਸ ਦੇ ਪਿਤਾ ਰਾਮਫਲ ਸਿੰਘ ਦੀ ਦਿੱਲੀ ਦੇ ਕਿਸਾਨੀ ਅੰਦੋਲਨ ਦੌਰਾਨ ਮੌਤ ਹੋ ਗਈ ਸੀ ਅਤੇ ਕਈ ਸਾਲ ਪਹਿਲਾਂ ਉਸ ਦੇ ਭਰਾ ਦੀ ਵੀ ਮੌਤ ਹੋ ਚੁੱਕੀ ਸੀ। ਜਗਤਾਰ ਸਿੰਘ ਆਪਣੇ ਪਿੱਛੇ ਪਤਨੀ, 9 ਸਾਲ ਦੀ ਧੀ, 7 ਸਾਲ ਦਾ ਪੁੱਤਰ ਅਤੇ ਵਿਧਵਾ ਭਾਬੀ ਸਮੇਤ ਭਤੀਜੇ-ਭਤੀਜੀਆਂ ਨੂੰ ਬੇਸਹਾਰਾ ਛੱਡ ਗਿਆ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਹੈ ਕਿ ਪੀੜਤ ਪਰਵਾਰ ਦਾ ਸਾਰਾ ਕਰਜ਼ਾ ਮੁਆਫ ਕੀਤਾ ਜਾਵੇ ਅਤੇ ਸਰਕਾਰ ਵੱਲੋਂ ਤੁਰੰਤ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇ।

## ਪਾਕਿਸਤਾਨ ਸੁਪਰ-8 'ਚ

**ਕੋਲੰਬੋ** : ਪਾਕਿਸਤਾਨ ਬੁੱਧਵਾਰ ਨਮੀਬੀਆ ਨੂੰ 102 ਦੌੜਾਂ ਨਾਲ ਹਰਾ ਕੇ ਟੀ-20 ਵਰਲਡ ਕੱਪ ਦੇ ਸੁਪਰ-8 ਗੇੜ ਵਿੱਚ ਪੁੱਜ ਗਿਆ। ਗਰੁੱਪ ਏ ਦੇ ਮੈਚ ਵਿੱਚ ਪਾਕਿਸਤਾਨ ਨੇ ਪਹਿਲਾਂ ਬੱਲੇਬਾਜ਼ੀ ਦਾ ਫੈਸਲਾ ਲੈ ਕੇ ਤਿੰਨ ਵਿਕਟਾਂ 'ਤੇ 199 ਦੌੜਾਂ ਬਣਾਈਆਂ। ਨਮੀਬੀਆ ਦੀ ਟੀਮ 17.3 ਓਵਰਾਂ ਵਿੱਚ 97 ਦੌੜਾਂ 'ਤੇ ਆਊਟ ਹੋ ਗਈ। ਪਾਕਿਸਤਾਨੀ ਸਲਾਮੀ ਬੱਲੇਬਾਜ਼ ਨੇ 58 ਗੇਂਦਾਂ 'ਤੇ ਨਾਬਾਦ 100 ਦੌੜਾਂ ਬਣਾਈਆਂ।

## ਸਦੀ ਪੁਰਾਣਾ ਬੋਹੜ ਵੱਢਣ 'ਤੇ ਰੋਹ

**ਰੋਪੜ** : ਨੰਗਲ ਦੇ ਪੋਸਟ ਆਫਿਸ ਕੰਪਲੈਕਸ ਵਿੱਚ ਇੱਕ ਸਦੀ ਪੁਰਾਣਾ ਬੋਹੜ ਅਤੇ ਕਈ ਫਲਦਾਰ ਰੁੱਖ ਗੈਰ-ਕਾਨੂੰਨੀ ਤਰੀਕੇ ਨਾਲ ਵੱਢਣ ਕਾਰਨ ਲੋਕਾਂ ਅਤੇ ਵਾਤਾਵਰਣ ਪ੍ਰੇਮੀਆਂ ਵਿੱਚ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਇਹ ਕਾਰਵਾਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸੂਬੇ ਵਿੱਚ ਹਰੇ ਅਤੇ ਸੁੱਕੇ ਦਰੱਖਤਾਂ ਦੀ ਕਟਾਈ 'ਤੇ ਲਗਾਈ ਗਈ ਪਾਬੰਦੀ ਦੀ ਸਿੱਧੀ ਉਲੰਘਣਾ ਹੈ। ਇਹ ਦਰੱਖਤ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਦੀ ਸਰਕਾਰੀ ਜ਼ਮੀਨ 'ਤੇ ਸਨ, ਪਰ ਹੁਣ ਇਸ ਮਾਮਲੇ ਵਿੱਚ ਬੋਰਡ ਅਤੇ ਜੰਗਲਾਤ ਵਿਭਾਗ ਇੱਕ-ਦੂਜੇ 'ਤੇ ਜ਼ਿੰਮੇਵਾਰੀ ਸੁੱਟ ਕੇ ਪੱਲਾ ਝਾੜ ਰਹੇ ਹਨ।

## ਇਲਾਹਾਬਾਦ ਹਾਈ ਕੋਰਟ ਦਾ ਫੈਸਲਾ ਬਦਲਿਆ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈ ਕੋਰਟ ਦੇ ਉਸ ਫੈਸਲੇ ਨੂੰ ਪਲਟ ਦਿੱਤਾ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਛਾਤੀਆਂ ਫੜਨਾ ਜਾਂ ਨਾਲਾ ਖਿੱਚਣਾ ਸਿਰਫ 'ਜਬਰ-ਜ਼ਨਾਹ ਦੀ ਤਿਆਰੀ' ਹੈ। ਚੀਫ ਜਸਟਿਸ ਸੂਰੀਆ ਕਾਂਤ ਦੀ ਅਗਵਾਈ ਵਾਲੀ ਬੈਂਚ ਨੇ ਸਪੱਸ਼ਟ ਕੀਤਾ ਕਿ ਅਜਿਹੀਆਂ ਹਰਕਤਾਂ ਸਿੱਧੇ ਤੌਰ 'ਤੇ 'ਜਬਰ-ਜ਼ਨਾਹ ਦੀ ਕੋਸ਼ਿਸ਼' ਦੇ ਘੇਰੇ ਵਿੱਚ ਆਉਂਦੀਆਂ ਹਨ। ਅਦਾਲਤ ਨੇ ਹਾਈ ਕੋਰਟ ਦੀ ਟਿੱਪਣੀ ਨੂੰ ਕਾਨੂੰਨੀ ਤੌਰ 'ਤੇ ਗਲਤ ਦੱਸਦਿਆਂ ਦੋਸ਼ੀਆਂ ਵਿਰੁੱਧ ਪੋਕਸੋ ਐਕਟ ਅਤੇ ਆਈ ਪੀ ਸੀ ਦੀਆਂ ਸਖਤ ਧਾਰਾਵਾਂ ਤਹਿਤ ਦੋਸ਼ਾਂ ਨੂੰ ਬਹਾਲ ਕਰ ਦਿੱਤਾ ਹੈ। ਇਹ ਮਾਮਲਾ 2021 ਦਾ ਹੈ, ਜਿੱਥੇ ਇੱਕ 14 ਸਾਲਾ ਨਾਬਾਲਗ ਕੁੜੀ ਨਾਲ ਰਸਤੇ ਵਿੱਚ ਦੋ ਵਿਅਕਤੀਆਂ ਵੱਲੋਂ ਬਦਫੈਲੀ ਕਰਨ ਅਤੇ ਉਸ ਨੂੰ ਖਿੱਚ ਕੇ ਪੁਲ ਹੇਠਾਂ ਲਿਜਾਣ ਦੀ ਕੋਸ਼ਿਸ਼ ਕੀਤੀ ਗਈ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਦੋਸ਼ੀਆਂ ਦੀਆਂ ਹਰਕਤਾਂ ਤੋਂ ਉਨ੍ਹਾਂ ਦੀ ਮਾੜੀ ਨੀਅਤ ਸਾਫ ਝਲਕਦੀ ਹੈ ਅਤੇ ਇਸ ਨੂੰ ਮਹਿਜ਼ ਸਰੀਰਕ ਹਮਲਾ ਮੰਨਣਾ ਨਿਆਂ ਦੇ ਸਿਧਾਂਤਾਂ ਦੇ ਖਿਲਾਫ ਹੈ। ਅਦਾਲਤ ਨੇ ਕਾਸਗੰਜ ਦੀ ਵਿਸ਼ੇਸ਼ ਅਦਾਲਤ ਦੇ ਮੂਲ ਸੰਮਨ ਨੂੰ ਬਹਾਲ ਰੱਖਿਆ ਹੈ, ਜਿਸ ਨਾਲ ਹੁਣ ਦੋਸ਼ੀਆਂ 'ਤੇ ਜਬਰ-ਜ਼ਨਾਹ ਦੀ ਕੋਸ਼ਿਸ਼ ਦੇ ਗੰਭੀਰ ਇਲਜ਼ਾਮਾਂ ਤਹਿਤ ਮੁਕੱਦਮਾ ਚੱਲੇਗਾ।

## ਗਲਗੋਟੀਆਜ਼ ਯੂਨੀਵਰਸਿਟੀ ਦੀ ਕੁੱਤੇ-ਖਾਣੀ

**ਨਵੀਂ ਦਿੱਲੀ** : ਇੱਥੇ ਹੋ ਰਹੀ 'ਇੰਡੀਆ ਏ ਆਈ ਇਮਪੈਕਟ ਸਮਿਟ 2026' ਦੌਰਾਨ ਗਲਗੋਟੀਆਜ਼ ਯੂਨੀਵਰਸਿਟੀ ਇੱਕ ਵੱਡੇ ਅਤੇ ਗੰਭੀਰ ਵਿਵਾਦ ਦੇ ਘੇਰੇ ਵਿੱਚ ਆ ਗਈ ਹੈ, ਜਿਸ ਨੇ ਦੇਸ਼ ਦੇ ਤਕਨੀਕੀ ਅਤੇ ਰਾਜਨੀਤਕ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਇਹ ਪੂਰਾ ਮਾਮਲਾ ਇੱਕ ਚਾਰ ਪੈਰਾਂ ਵਾਲੇ ਰੋਬੋਟਿਕ ਕੁੱਤੇ ਕਾਰਨ ਸਾਹਮਣੇ ਆਇਆ ਹੈ, ਜਿਸ ਨੂੰ ਯੂਨੀਵਰਸਿਟੀ ਵੱਲੋਂ ਸੰਮੇਲਨ ਵਿੱਚ ਇੱਕ ਪ੍ਰਮੁੱਖ ਪ੍ਰਦਰਸ਼ਨੀ ਵਜੋਂ ਪੇਸ਼ ਕੀਤਾ ਗਿਆ ਸੀ। ਸ਼ੁਰੂ ਵਿੱਚ ਇਹ ਰੋਬੋਟ ਦਰਸ਼ਕਾਂ ਲਈ ਖਿੱਚ ਦਾ ਮੁੱਖ ਕੇਂਦਰ ਬਣਿਆ ਹੋਇਆ ਸੀ, ਪਰ ਜਲਦੀ ਹੀ ਇਹ ਦਾਅਵੇ ਸਾਹਮਣੇ ਆਏ ਕਿ ਇਹ ਕੋਈ ਭਾਰਤੀ ਕਾਢ ਨਹੀਂ, ਸਗੋਂ ਇੱਕ ਚੀਨੀ ਉਤਪਾਦ ਹੈ। ਇਸ ਖੁਲਾਸੇ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਯੂਨੀਵਰਸਿਟੀ ਵਿਰੁੱਧ ਤਿੱਖੀ ਪ੍ਰਤੀਕਿਰਿਆ ਹੋਈ ਅਤੇ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ, ਵਿਵਾਦ ਇੰਨਾ ਵਧ



ਗਿਆ ਕਿ ਸਰਕਾਰੀ ਸੂਤਰਾਂ ਅਨੁਸਾਰ ਯੂਨੀਵਰਸਿਟੀ ਨੂੰ ਆਪਣਾ ਸਟਾਲ ਤੁਰੰਤ ਖਾਲੀ ਕਰਨ ਲਈ ਕਹਿ ਦਿੱਤਾ ਗਿਆ। ਗਲਗੋਟੀਆਜ਼ ਯੂਨੀਵਰਸਿਟੀ ਨੇ ਰੋਬੋਟਿਕ ਕੁੱਤੇ ਨੂੰ 'ਓਰੀਅਨ' ਨਾਂਅ ਦੇ ਲੇਬਲ • ਬਾਕੀ ਸਫ਼ਾ 2 'ਤੇ

## ਦੋ ਕਿਸਾਨ ਆਗੂਆਂ ਦੀ ਜ਼ਮਾਨਤ

**ਬਠਿੰਡਾ** : ਇੱਥੇ ਕੇਂਦਰੀ ਜੇਲ੍ਹ ਵਿੱਚ ਬੰਦ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਦੋ ਮੁੱਖ ਆਗੂਆਂ ਸ਼ਗਨਦੀਪ ਸਿੰਘ ਜਿਉਂਦ ਅਤੇ ਬਲਦੇਵ ਸਿੰਘ ਜਿਉਂਦ ਦੀ ਜ਼ਮਾਨਤ ਬੁੱਧਵਾਰ ਅਦਾਲਤ ਵੱਲੋਂ ਮਨਜ਼ੂਰ ਕਰ ਲਈ ਗਈ। ਯੂਨੀਅਨ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਹਾਲਾਂਕਿ ਆਗੂਆਂ ਦੀ ਜ਼ਮਾਨਤ ਹੋ ਗਈ ਹੈ ਪਰ ਪੰਜਾਬ-ਭਰ ਵਿੱਚ ਚੱਲ ਰਹੇ ਰੋਸ ਧਰਨੇ ਉਦੋਂ ਤੱਕ ਜਾਰੀ ਰਹਿਣਗੇ ਜਦੋਂ ਤੱਕ ਪ੍ਰਦਰਸ਼ਨਾਂ ਦੌਰਾਨ ਗ੍ਰਿਫਤਾਰ ਕੀਤੇ ਗਏ ਤਮਾਮ ਵਰਕਰਾਂ ਨੂੰ ਰਿਹਾਅ ਨਹੀਂ ਕਰ ਦਿੱਤਾ ਜਾਂਦਾ। ਉਨ੍ਹਾਂ ਐਲਾਨ ਕੀਤਾ ਕਿ ਵੀਰਵਾਰ ਸੂਬੇ ਭਰ ਵਿੱਚ 'ਜੇਤੂ ਰੈਲੀਆਂ' ਕੀਤੀਆਂ ਜਾਣਗੀਆਂ। ਪ੍ਰਸ਼ਾਸਨ ਨੇ ਇੱਥੇ ਹੋਣ ਵਾਲੇ ਪ੍ਰਦਰਸ਼ਨ ਨੂੰ ਰੋਕਣ ਲਈ ਮੰਗਲਵਾਰ ਰਾਤ ਤੋਂ ਹੀ ਕਈ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ। ਬਠਿੰਡਾ ਵੱਲ ਕੂਚ ਕਰ ਰਹੇ • ਬਾਕੀ ਸਫ਼ਾ 2 'ਤੇ

## ਪਾਕਿਸਤਾਨੀ ਹਾਕੀ ਖਿਡਾਰੀ ਭਾਂਡੇ ਮਾਂਜਣ ਲਈ ਮਜਬੂਰ




**ਲਾਹੌਰ** : ਪਾਕਿਸਤਾਨ ਹਾਕੀ ਟੀਮ ਦੇ ਕਪਤਾਨ ਸ਼ਕੀਲ ਅਹਿਮਦ ਬੱਟ ਨੇ ਆਸਟਰੇਲੀਆ ਦੇ ਮੁਸ਼ਕਲ ਦੌਰੇ ਤੋਂ ਪਰਤਣ ਤੋਂ ਬਾਅਦ ਨੈਸ਼ਨਲ ਹਾਕੀ ਫੈਡਰੇਸ਼ਨ 'ਤੇ ਤਿੱਖੇ ਹਮਲੇ ਕਰਦਿਆਂ ਦੱਸਿਆ ਕਿ ਟੀਮ ਨੂੰ ਨਾ ਸਿਰਫ ਰਹਿਣ ਲਈ ਥਾਂ ਦੀ ਘਾਟ ਕਾਰਨ ਸੜਕਾਂ 'ਤੇ ਭਟਕਣਾ ਪਿਆ, ਸਗੋਂ ਮੈਚ ਖੇਡਣ ਜਾਣ ਤੋਂ ਪਹਿਲਾਂ ਭਾਂਡੇ ਵੀ ਮਾਂਜਣੇ ਪਏ। ਲਾਹੌਰ ਹਵਾਈ ਅੱਡੇ 'ਤੇ ਪਹੁੰਚਦੇ ਹੀ ਬੱਟ ਨੇ ਮੀਡੀਆ ਨੂੰ ਕਿਹਾ, 'ਜਦੋਂ ਖਿਡਾਰੀਆਂ ਨੂੰ ਮੈਚ ਖੇਡਣ ਜਾਣ ਤੋਂ ਪਹਿਲਾਂ ਕਿਚਨ ਸਾਫ ਕਰਨੀ ਪਵੇ ਅਤੇ ਜੂਠੇ ਭਾਂਡੇ ਮਾਂਜਣੇ ਪੈਣ ਤਾਂ ਤੁਸੀਂ ਸਾਡੇ ਤੋਂ ਕੀ ਉਮੀਦ ਰੱਖਦੇ ਹੋ?' ਦੂਜੇ ਪਾਸੇ ਪਾਕਿਸਤਾਨ ਸਪੋਰਟਸ ਬੋਰਡ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਹੋਟਲ ਦੇ ਪ੍ਰਬੰਧਾਂ ਲਈ ਇੱਕ ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਦਿੱਤੀ ਸੀ। ਬੱਟ ਨੇ ਕਿਹਾ ਕਿ ਜਦੋਂ ਟੀਮ ਹੋਟਲ ਪਹੁੰਚੀ, ਤਾਂ ਪਤਾ ਲੱਗਾ ਕਿ ਕੋਈ ਐਡਵਾਂਸ ਪੇਮੈਂਟ ਨਹੀਂ ਕੀਤੀ ਗਈ, ਜਿਸ ਕਾਰਨ ਖਿਡਾਰੀ ਘੰਟਿਆਂਬੱਧੀ ਸੜਕਾਂ 'ਤੇ ਘੁੰਮਦੇ ਰਹੇ। ਅਗਲੇ ਹੀ ਦਿਨ ਟੀਮ ਨੇ ਮੈਚ ਖੇਡਣਾ ਸੀ, ਜਿਸ ਵਿੱਚ ਉਹ ਆਸਟਰੇਲੀਆ ਤੋਂ 2-3 ਨਾਲ ਹਾਰ ਗਏ। ਬੱਟ ਅਨੁਸਾਰ ਉਨ੍ਹਾਂ ਨੂੰ 10 ਦਿਨਾਂ ਬਾਅਦ ਇੱਕ ਬਹੁਤ ਹੀ ਸਸਤੇ ਘਰ ਵਿੱਚ ਸ਼ਿਫਟ ਹੋਣਾ ਪਿਆ। ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਇਸ ਪੂਰੇ ਘਟਨਾਕ੍ਰਮ ਦੀ ਜਾਂਚ ਦੇ ਹੁਕਮ ਦਿੱਤੇ ਹਨ। ਕਪਤਾਨ ਬੱਟ ਨੇ ਕਿਹਾ ਕਿ ਜੇ ਪਾਕਿਸਤਾਨੀ ਹਾਕੀ ਨੂੰ ਬਚਾਉਣਾ ਹੈ, ਤਾਂ ਇੱਕ ਵਿਦੇਸ਼ੀ ਕੋਚ ਅਤੇ ਬਿਹਤਰ ਮੈਨੇਜਮੈਂਟ ਦੀ ਸਖਤ ਲੋੜ ਹੈ। ਫੈਡਰੇਸ਼ਨ ਨੇ ਖਿਡਾਰੀਆਂ ਨੂੰ ਮੀਡੀਆ ਨਾਲ ਗੱਲ ਕਰਨ 'ਤੇ ਅਨੁਸ਼ਾਸਨੀ ਕਾਰਵਾਈ ਦੀ ਧਮਕੀ ਵੀ ਦਿੱਤੀ ਸੀ, ਪਰ ਬੱਟ ਨੇ ਕਿਹਾ ਕਿ ਜੋ ਕੁਝ ਉਨ੍ਹਾਂ ਨਾਲ ਹੋਇਆ, ਉਹ ਦੱਸਣਾ ਜ਼ਰੂਰੀ ਸੀ।

## ਹਿਮਾਚਲ 'ਚ ਮੌਸਮ ਦਾ ਮਿਜ਼ਾਜ ਬਦਲਿਆ

**ਸ਼ਿਮਲਾ** : ਹਿਮਾਚਲ ਦੇ ਉਚਾਈ ਵਾਲੇ ਇਲਾਕਿਆਂ ਵਿੱਚ ਬਰਫਬਾਰੀ ਅਤੇ ਹੇਠਲੇ ਖੇਤਰਾਂ ਵਿੱਚ ਠੰਢੀਆਂ ਹਵਾਵਾਂ ਦੇ ਨਾਲ ਬੱਦਲਵਾਈ ਹੋਣ ਕਾਰਨ ਮੌਸਮ ਠੰਢਾ ਹੋ ਗਿਆ। ਕਬਾਇਲੀ ਅਤੇ ਉੱਚੇ ਪਹਾੜੀ ਖੇਤਰਾਂ ਵਿੱਚ ਮੰਗਲਵਾਰ ਰਾਤ ਤੋਂ ਸ਼ੁਰੂ ਹੋਈ ਹਲਕੀ ਬਰਫਬਾਰੀ ਕਾਰਨ ਤਾਪਮਾਨ ਵਿੱਚ ਗਿਰਾਵਟ ਆਈ ਹੈ। ਬੁੱਧਵਾਰ ਦੁਪਹਿਰ ਤੋਂ ਬਾਅਦ ਅਟਲ ਟਨਲ ਰੋਹਤਾਂਗ ਦੇ ਸਿਰੇ 'ਤੇ ਵੀ ਬਰਫਬਾਰੀ ਦਾ ਦੌਰ ਸ਼ੁਰੂ ਹੋ ਗਿਆ, ਜਿਸ ਨੂੰ ਦੇਖ ਕੇ ਸੈਲਾਨੀ ਖੁਸ਼ੀ ਵਿੱਚ ਝੂਮ ਉੱਠੇ। ਰਾਜਧਾਨੀ ਸ਼ਿਮਲਾ ਸਮੇਤ ਕਈ ਸ਼ਹਿਰਾਂ ਵਿੱਚ ਸਵੇਰ ਤੋਂ ਹੀ ਚੱਲ ਰਹੀਆਂ ਸਰਦ ਹਵਾਵਾਂ ਕਾਰਨ ਲੋਕਾਂ ਨੂੰ ਗਰਮ • ਬਾਕੀ ਸਫ਼ਾ 2 'ਤੇ

## ਬੇਟੇ ਦੀ ਗਲਤੀ ਮੰਨਦਾਂ...




**ਨਵੀਂ ਦਿੱਲੀ** : ਰਾਜਧਾਨੀ ਦੇ ਦਵਾਰਕਾ ਇਲਾਕੇ ਵਿੱਚ ਵਾਪਰੇ ਸੜਕ ਹਾਦਸੇ ਵਿੱਚ 23 ਸਾਲਾ ਨੌਜਵਾਨ ਦੀ ਮੌਤ ਹੋਣ ਤੋਂ ਬਾਅਦ ਵੱਡੇ ਪੱਧਰ 'ਤੇ ਬਹਿਸ ਛਿੜ ਗਈ ਹੈ। ਨਾਬਾਲਗ ਮੁਲਜ਼ਮ ਦੇ ਪਰਵਾਰ ਅਤੇ ਵਕੀਲ ਨੇ ਅਕਾਦਮਿਕ ਤਣਾਅ ਅਤੇ ਉਸ ਵੱਲੋਂ ਝੱਲੇ ਗਏ ਸਦਮੇ ਦਾ ਹਵਾਲਾ ਦਿੰਦੇ ਹੋਏ ਜਨਤਕ ਹਮਦਰਦੀ ਦੀ ਮੰਗ ਕੀਤੀ ਹੈ। ਹਾਦਸਾ 3 ਫਰਵਰੀ ਨੂੰ ਦਵਾਰਕਾ ਸਾਊਥ ਦੇ ਲਾਲ ਬਹਾਦਰ ਸ਼ਾਸਤਰੀ ਕਾਲਜ ਨੇੜੇ ਵਾਪਰਿਆ ਸੀ। ਦਿੱਲੀ ਪੁਲਸ ਅਨੁਸਾਰ ਸਵੇਰੇ 11:57 ਵਜੇ ਦੇ ਕਰੀਬ ਇੱਕ ਪੀ ਸੀ ਆਰ ਕਾਲ ਪ੍ਰਾਪਤ ਹੋਈ ਸੀ, ਜਿਸ ਵਿੱਚ ਇੱਕ ਗੰਭੀਰ ਟੱਕਰ ਦੀ ਰਿਪੋਰਟ ਕੀਤੀ ਗਈ ਸੀ। ਜਦੋਂ ਅਧਿਕਾਰੀ ਮੌਕੇ 'ਤੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਐੱਸ ਯੂ ਵੀ ਅਤੇ ਇੱਕ ਮੋਟਰਸਾਈਕਲ ਸਮੇਤ ਤਿੰਨ ਨੁਕਸਾਨੇ ਹੋਏ ਵਾਹਨ ਮਿਲੇ। ਮੋਟਰਸਾਈਕਲ ਸਵਾਰ, ਜਿਸ ਦੀ ਪਛਾਣ ਸਾਹਿਲ ਧਨੇਸ਼ਰਾ (23) ਵਜੋਂ ਹੋਈ, ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਸ ਨੇ ਭਾਰਤੀ ਨਿਆਂ ਸੰਹਿਤਾ ਤਹਿਤ ਦਵਾਰਕਾ ਸਾਊਥ ਥਾਣੇ ਵਿੱਚ ਐੱਫ ਆਈ ਆਰ ਦਰਜ ਕੀਤੀ ਹੈ। ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਕਾਰ, ਜੋ ਕਥਿਤ ਤੌਰ 'ਤੇ ਬਿਨਾਂ ਲਾਇਸੈਂਸ ਦੇ ਇੱਕ ਨਾਬਾਲਗ ਵੱਲੋਂ ਚਲਾਈ ਜਾ ਰਹੀ ਸੀ, ਪਹਿਲਾਂ ਉਲਟ ਦਿਸ਼ਾ ਤੋਂ ਆ ਰਹੇ ਇੱਕ ਮੋਟਰਸਾਈਕਲ ਨਾਲ ਟਕਰਾਈ ਅਤੇ ਫਿਰ ਇੱਕ ਹੋਰ ਖੜ੍ਹੀ ਕਾਰ ਵਿੱਚ ਜਾ ਵੱਜੀ।

ਮੁਲਜ਼ਮ ਦੇ ਪਿਤਾ ਨੇ ਪਛਤਾਵਾ ਜ਼ਾਹਰ ਕਰਦਿਆਂ ਕਿਹਾ, "ਇਹ ਮੇਰੇ ਪੁੱਤਰ ਦੀ ਗਲਤੀ ਹੈ ਅਤੇ ਮੈਂ ਇਸ ਲਈ ਮੁਆਫੀ ਮੰਗਦਾ ਹਾਂ। ਮੈਂ ਕਾਨੂੰਨੀ ਪ੍ਰਕਿਰਿਆ ਜੋ ਵੀ ਹੋਵੇਗੀ, ਉਸ ਦੀ ਪਾਲਣਾ ਕਰਾਂਗਾ।" ਉਸ ਨੇ ਦੱਸਿਆ ਕਿ ਘਟਨਾ ਦੇ ਸਮੇਂ ਉਸ ਦਾ ਪੁੱਤਰ ਅਤੇ ਧੀ ਦੋਵੇਂ ਵਾਹਨ ਵਿੱਚ ਸਨ ਅਤੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਸ ਦੀ ਧੀ ਰੀਲ੍ਹ ਬਣਾ ਰਹੀ ਸੀ, ਇਹ ਸਪੱਸ਼ਟ ਕਰ ਦਿਆਂ ਕਿ ਇਹ ਸਿਰਫ ਇੱਕ ਛੋਟੀ ਵੀਡੀਓ ਸੀ। ਉਸ ਨੇ ਅੱਗੇ ਕਿਹਾ ਕਿ ਵਾਹਨ ਪਰਵਾਰ ਦੇ ਵਪਾਰਕ ਟਰਾਂਸਪੋਰਟ ਕਾਰੋਬਾਰ ਦਾ ਹਿੱਸਾ ਹੈ ਅਤੇ ਪਿਛਲੇ ਚਲਾਨ ਹਾਇਰ ਕੀਤੇ ਗਏ ਡਰਾਈਵਰਾਂ ਨਾਲ ਸੰਬੰਧਤ ਸਨ, ਨਾ ਕਿ ਉਸ ਦੇ ਪੁੱਤਰ ਨਾਲ।

ਉਸ ਨੇ ਕਿਹਾ, "ਇਹ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਹੈ। ਮੈਂ ਬਹੁਤ ਪਰੇਸ਼ਾਨ ਹਾਂ। ਪੂਰੇ ਪਰਵਾਰ ਨੂੰ ਡੂੰਘਾ ਦੁੱਖ ਹੈ। ਅਸੀਂ ਪੁਲਸ ਨੂੰ ਸਹਿਯੋਗ ਦਿੱਤਾ ਅਤੇ ਸਾਰੇ ਦਸਤਾਵੇਜ਼ ਮੁਹੱਈਆ ਕਰਵਾਏ।" ਇਸ ਦੌਰਾਨ, ਨਾਬਾਲਗ ਦੇ ਬਚਾਅ ਪੱਖ ਦੇ ਵਕੀਲ ਲਾਲ ਸਿੰਘ ਠਾਕੁਰ ਨੇ ਨਰਮੀ ਦੀ ਇਹ ਅਪੀਲ ਕਰਨ ਲਈ ਆਲੋਚਨਾ ਦਾ ਸਾਹਮਣਾ ਕੀਤਾ ਹੈ ਕਿ ਮੁਲਜ਼ਮ ਇੱਕ 'ਪੜ੍ਹਨ ਵਾਲਾ ਬੱਚਾ' ਹੈ, ਜੋ ਬਹੁਤ ਜ਼ਿਆਦਾ ਦਬਾਅ ਦਾ ਸਾਹਮਣਾ ਕਰ ਰਿਹਾ ਹੈ।

ਠਾਕੁਰ ਨੇ ਕਿਹਾ, 'ਇਹ ਘਟਨਾ ਬਹੁਤ ਮੰਦਭਾਗੀ ਅਤੇ ਦਰਦਨਾਕ ਹੈ। ਪਰਵਾਰ • ਬਾਕੀ ਸਫ਼ਾ 2 'ਤੇ

## ਰਾਜੋਆਣਾ ਦੀ ਪਟੀਸ਼ਨ 'ਤੇ ਸੁਣਵਾਈ 14 ਮਾਰਚ ਨੂੰ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਬੁੱਧਵਾਰ ਕਿਹਾ ਕਿ ਉਹ 1995 ਦੇ ਤੱਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿੱਚ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਵੱਲੋਂ ਦਾਇਰ ਪਟੀਸ਼ਨ 'ਤੇ 18 ਮਾਰਚ ਨੂੰ ਸੁਣਵਾਈ ਕਰੇਗੀ, ਜਿਸ ਵਿੱਚ ਉਸ ਦੀ ਰਹਿਮ ਦੀ ਅਪੀਲ ਦਾ ਫੈਸਲਾ ਕਰਨ ਵਿੱਚ ਹੋ ਰਹੀ ਦੇਰੀ ਕਾਰਨ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਮੰਗ ਕੀਤੀ ਗਈ ਹੈ।

ਰਾਜੋਆਣਾ 29 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਬੰਦ ਹੈ, ਜਿਸ ਵਿੱਚੋਂ ਉਹ 15 ਸਾਲਾਂ ਤੋਂ ਵੱਧ ਸਮੇਂ ਤੋਂ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ। ਕੇਂਦਰ ਵੱਲੋਂ ਪੇਸ਼ ਹੋਏ ਵਕੀਲ ਨੇ ਜਸਟਿਸ ਵਿਕਰਮ ਨਾਥ, ਜਸਟਿਸ ਸੰਦੀਪ ਮਹਿਤਾ ਅਤੇ ਜਸਟਿਸ ਐੱਨ ਵੀ ਅੰਜਾਰੀਆ ਦੀ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਕੁਝ ਸਮੇਂ ਦੀ ਲੋੜ ਹੋਵੇਗੀ। ਰਾਜੋਆਣਾ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਮੁਕੁਲ ਰੋਹਤਗੀ ਨੇ ਸਿਖਰਲੀ ਅਦਾਲਤ ਦੇ 24 ਸਤੰਬਰ, 2025 ਦੇ ਹੁਕਮਾਂ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਜਵਾਬਦੇਹਾਂ ਦੀ ਬੇਨਤੀ 'ਤੇ ਸੁਣਵਾਈ ਹੋਰ ਮੁਲਤਵੀ ਕਰਨ ਦੀ ਕੋਈ ਵੀ ਬੇਨਤੀ ਸਵੀਕਾਰ ਨਹੀਂ ਕੀਤੀ ਜਾਵੇਗੀ। ਬੈਂਚ ਨੇ ਕਿਹਾ, "18 ਮਾਰਚ ਲਈ ਸੂਚੀਬੱਧ ਕਰੋ।"

ਸੁਪਰੀਮ ਕੋਰਟ ਨੇ ਪਹਿਲਾਂ ਕੇਂਦਰ ਨੂੰ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ ਲਈ ਕਿਹਾ ਸੀ। ਕੇਂਦਰ ਨੇ ਉਦੋਂ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੱਤਾ ਸੀ ਅਤੇ ਕਿਹਾ ਸੀ ਕਿ ਰਹਿਮ ਦੀ • ਬਾਕੀ ਸਫ਼ਾ 2 'ਤੇ

## ਉਜਾੜ 'ਚ ਸੁੱਟੀ ਲਾਸ਼ ਦੇ ਮਾਮਲੇ 'ਚ 3 ਫੜੇ

**ਰਾਏਕੋਟ** : ਇੱਥੋਂ ਦੀ ਪੁਲਸ ਨੇ ਸੋਮਵਾਰ ਵਾਪਰੇ ਅੰਨ੍ਹੇ ਕਤਲ ਕੇਸ ਨੂੰ ਸੁਲਝਾਉਣ ਦਾ ਦਾਅਵਾ ਕੀਤਾ ਹੈ, ਜਿਸ ਵਿੱਚ ਸ਼ਾਹਬਾਜ਼ ਪਿੰਡ ਦੇ ਬਾਹਰਵਾਰ ਇੱਕ ਉਜਾੜ ਵਾਲੀ ਥਾਂ 'ਤੇ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਸੁੱਟੀ ਗਈ ਸੀ। ਪੁਲਸ ਨੇ ਮੰਗਲਵਾਰ ਸ਼ਾਮ ਨੂੰ ਮ੍ਰਿਤਕ ਅਤੇ ਮੁਲਜ਼ਮਾਂ ਦੀ ਪਛਾਣ ਕਰ ਲਈ ਅਤੇ ਮੁਲਜ਼ਮਾਂ ਨੂੰ ਨਵਾਂਸ਼ਹਿਰ ਤੋਂ ਗ੍ਰਿਫਤਾਰ ਕਰ ਲਿਆ। ਮ੍ਰਿਤਕ ਦੀ ਪਛਾਣ ਡੀ ਰਾਜ ਥਾਪਾ ਵਜੋਂ ਹੋਈ ਹੈ, ਜਦਕਿ ਮੁਲਜ਼ਮਾਂ ਦੀ ਪਛਾਣ ਨਵਾਂਸ਼ਹਿਰ ਦੇ ਸੁਰਿੰਦਰ ਪਾਲ ਸਿੰਘ, ਉਸ ਦੀ ਪਤਨੀ ਸੁਰਜੀਤ ਕੌਰ ਅਤੇ ਭਤੀਜੇ ਯੁੱਧਵੀਰ ਸਿੰਘ ਵਜੋਂ ਹੋਈ ਹੈ। ਐੱਸ ਐੱਸ ਪੀ ਲੁਧਿਆਣਾ (ਦਿਹਾਤੀ) ਡਾ. ਅੰਕੁਰ ਗੁਪਤਾ ਨੇ ਦੱਸਿਆ ਕਿ ਮੁਲਜ਼ਮਾਂ ਨੇ ਕਥਿਤ ਤੌਰ 'ਤੇ ਸੋਮਵਾਰ ਨੂੰ ਸ਼ਾਹਬਾਜ਼ ਪਿੰਡ ਦੇ ਬਾਹਰਵਾਰ ਇੱਕ ਉਜਾੜ ਵਾਲੀ ਥਾਂ 'ਤੇ ਇੱਕ ਵੇਟਰ ਵਜੋਂ ਕੰਮ ਕਰਨ ਵਾਲੇ ਨੇਪਾਲੀ ਨਾਗਰਿਕ ਦੀ ਲਾਸ਼ ਸੁੱਟੀ ਸੀ।

ਗੁਪਤਾ ਨੇ ਦੱਸਿਆ ਕਿ ਇਲਾਕੇ ਵਿੱਚ ਸੀ ਸੀ ਟੀ ਵੀ ਫੁਟੇਜ ਦੀ ਜਾਂਚ ਦੌਰਾਨ ਇੱਕ ਕਾਰ ਸ਼ੱਕੀ ਹਾਲਾਤ ਵਿੱਚ ਘੁੰਮਦੀ ਨਜ਼ਰ ਆਈ, ਜਿਸ ਕਾਰਨ ਨਵਾਂਸ਼ਹਿਰ ਤੋਂ ਸ਼ੱਕੀਆਂ ਦੀ ਪਛਾਣ ਅਤੇ ਗ੍ਰਿਫਤਾਰੀ ਹੋ ਸਕੀ। ਹਾਲਾਂਕਿ ਸ਼ੱਕੀਆਂ ਨੇ ਲਾਸ਼ ਸੁੱਟਣ ਦੀ ਗੱਲ ਕਬੂਲ ਕਰ ਲਈ ਹੈ, ਪਰ ਪੁਲਸ ਨੇ ਅਜੇ ਉਨ੍ਹਾਂ ਵੱਲੋਂ ਸੁਣਾਈ ਗਈ ਕਹਾਣੀ ਦੀ ਸੱਚਾਈ ਦੀ ਪੁਸ਼ਟੀ ਕਰਨੀ ਹੈ। ਸੁਰਿੰਦਰ ਪਾਲ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਪੀੜਤ ਉਸ • ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਫੜੀ ਗਈ ਠੱਗਾਂ ਦੀ ਸੁਣੀ ਆ ਹੋਰ ਟੋਲੀ,
ਮਾਮਲੇ ਜਾਅਲੀ ਜ਼ਮਾਨਤ ਦੇ ਹੋਏ ਮੀਆਂ।
ਇੱਕ ਦੀ ਹੋਵੇ ਜ਼ਮਾਨਤ ਜਦ ਘਰੇ ਜਾਂਦਾ,
ਦੂਜੇ ਲਈ ਹੁੰਦੇ ਉਹ ਖੜੇ ਖੜੋਏ ਮੀਆਂ।
ਪੀੜਤ ਲੋਕਾਂ ਨੂੰ ਨਹੀਂ ਇਨਸਾਫ ਮਿਲਦਾ,
ਜਾਂਦੇ ਆ ਵਿੱਚ ਕਚਹਿਰੀ ਦੇ ਰੋਏ ਮੀਆਂ।
ਜਾਂਦੇ ਈ ਲੱਗ ਬਦਨਾਮੀ ਦੇ ਦਾਗ ਜਿਹੜੇ,
ਮੁੜ ਕੇ ਜਾਂਦੇ ਨਾ ਕਦੀ ਇਹ ਧੋਏ ਮੀਆਂ।
ਅਮਲਾ-ਫੈਲਾ ਵੀ ਸੁਣੀਂਦਾ ਨਾਲ ਰਲਿਆ,
ਕਰਦਾ ਫਰਾਡ ਦੇ ਲਈ ਇਮਦਾਦ ਮੀਆਂ।
ਨਿਕਲਦੀ ਬਾਤ ਤੇ ਚਾਰ ਦਿਨ ਪਵੇ ਰੌਲਾ,
ਰੱਖਦਾ ਪਿੱਛੋਂ ਨਾ ਕਦੇ ਕੋਈ ਯਾਦ ਮੀਆਂ।

-ਤੀਸ ਮਾਰ ਖਾਂ

## ਕਿਲ੍ਹਾ ਰਾਏਪੁਰ 'ਚ ਰਵਾਇਤੀ ਖੇਡਾਂ ਨੇ ਮਨ ਮੋਹਿਆ

**ਕਿਲ੍ਹਾ ਰਾਏਪੁਰ (ਲੁਧਿਆਣਾ)**
ਕਿਲਾ ਰਾਏਪੁਰ ਪੇਂਡੂ ਉਲੰਪਿਕ ਦੇ ਦੂਜੇ ਦਿਨ ਬੁੱਧਵਾਰ ਉਤਸ਼ਾਹ ਦਾ ਇੱਕ ਬੇਮਿਸਾਲ ਉਛਾਲ ਦੇਖਣ ਨੂੰ ਮਿਲਿਆ, ਹਜ਼ਾਰਾਂ ਲੋਕ, ਖਾਸ ਕਰਕੇ ਨੌਜਵਾਨ, ਪੰਜਾਬ ਦੀ ਅਮੀਰ ਪੇਂਡੂ ਖੇਡ ਵਿਰਾਸਤ ਦਾ ਜਸ਼ਨ ਮਨਾਉਣ ਲਈ ਇਤਿਹਾਸਕ ਸਟੇਡੀਅਮ ਕਿਲ੍ਹਾ ਰਾਏਪੁਰ ਵਿੱਚ ਇਕੱਠੇ ਹੋਏ।



ਦੂਜੇ ਦਿਨ ਦੀਆਂ ਖੇਡਾਂ ਨੇ ਦਰਸ਼ਕਾਂ ਦੇ ਮਨ ਨੂੰ ਮੋਹ ਲਿਆ, ਕਿਉਂਕਿ ਇਤਿਹਾਸਕ ਬੈਲ ਗੱਡੀਆਂ ਦੀਆਂ ਦੌੜਾਂ 12 ਸਾਲਾਂ ਦੇ ਅੰਤਰਾਲ ਤੋਂ ਬਾਅਦ ਮੁੜ ਸੁਰਜੀਤ ਹੋਈਆਂ ਹਨ, ਜੋ ਦਰਸ਼ਕਾਂ ਦੇ ਧਿਆਨ ਦਾ ਕੇਂਦਰ ਬਣੀਆਂ। ਸਟੇਡੀਅਮ ਵਿੱਚ ਬੈਠੇ ਦਰਸ਼ਕਾਂ/ਲੋਕਾਂ ਨੇ ਜ਼ੋਰਦਾਰ ਜੈਕਾਰਿਆਂ ਦੀ ਗੂੰਜ ਨਾਲ ਰਵਾਇਤੀ ਬੈਲ ਗੱਡੀਆਂ ਦੀਆਂ ਦੌੜਾਂ ਦਾ ਸਵਾਗਤ ਕੀਤਾ। ਦਰਸ਼ਕਾਂ ਨੇ ਨਾ ਸਿਰਫ਼ ਬੈਲ ਗੱਡੀਆਂ ਦੀਆਂ ਦੌੜਾਂ ਦਾ ਉਤਸ਼ਾਹ ਨਾਲ ਸਮਰਥਨ ਕੀਤਾ, ਸਗੋਂ ਰਵਾਇਤੀ ਖੇਡਾਂ ਅਤੇ ਐਥਲੈਟਿਕ ਮੁਕਾਬਲਿਆਂ ਦੀ ਇੱਕ ਜੀਵੰਤ ਲੜੀ ਦਾ ਵੀ ਸਮਰਥਨ ਕੀਤਾ, ਜਿਸ ਵਿੱਚ ਹਾਕੀ ਮੈਚ, ਕਬੱਡੀ ਮੁਕਾਬਲੇ, ਸ਼ਾਟ ਪੁੱਟ, 100 ਮੀਟਰ ਸਪ੍ਰਿੰਟ, ਟੰਗ ਆਫ਼ ਵਾਰ ਮੁਕਾਬਲੇ, ਲੰਮੀ ਛਾਲ ਦੇ ਮੁਕਾਬਲੇ, ਬਾਜ਼ੀਗਰ ਸ਼ੋਅ ਅਤੇ ਕਈ ਹੋਰ ਪੇਂਡੂ ਐਥਲੈਟਿਕ ਖੇਡਾਂ ਸ਼ਾਮਲ ਸਨ। ਖੇਡ ਮੈਦਾਨ ਪਰਵਾਰਾਂ, ਕਿਸਾਨਾਂ, ਨੌਜਵਾਨ ਸਮੂਹਾਂ, ਰਾਜ ਅਤੇ ਇਸ ਤੋਂ ਬਾਹਰ ਦੇ ਦਰਸ਼ਕਾਂ ਦੇ ਨਾਲ ਖਚਾਖਚ ਭਰਿਆ ਹੋਇਆ ਸੀ, ਜਿਸ ਨਾਲ ਏਕਤਾ, ਉਤਸ਼ਾਹ ਅਤੇ ਭਾਈਚਾਰਕ ਭਾਵਨਾ ਦਾ ਇੱਕ ਵੱਖਰਾ ਹੀ ਮਾਹੌਲ ਪੈਦਾ ਹੋਇਆ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਤਸ਼ਾਹੀ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੈਲ ਗੱਡੀਆਂ ਦੀਆਂ ਦੌੜਾਂ ਦੀ ਪੁਨਰ-ਸੁਰਜੀਤੀ ਇੱਕ ਇਤਿਹਾਸਕ ਮੀਲ ਪੱਥਰ ਵਜੋਂ ਸਾਬਤ ਹੋਈ ਹੈ। ਇਹ ਪ੍ਰਾਪਤੀ ਪੰਜਾਬ ਜਾਨਵਰਾਂ 'ਤੇ ਜ਼ੁਲਮ ਦੀ ਰੋਕਥਾਮ (ਪੰਜਾਬ ਸੋਧ) ਐਕਟ, 2025 ਵਿੱਚ ਦਰਜ ਸੋਚ-ਸਮਝ ਕੇ ਕੀਤੇ ਗਏ ਵਿਧਾਨਕ ਸੁਧਾਰਾਂ ਅਤੇ ਜਾਨਵਰਾਂ ਦੀ ਭਲਾਈ ਅਤੇ ਸੁਰੱਖਿਆ ਦੁਆਰਾ ਸੰਭਵ ਹੋਈ। ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਇਸ ਰਵਾਇਤੀ ਖੇਡ ਦੀ ਵਾਪਸੀ ਨਾ ਸਿਰਫ਼ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਦੀ ਹੈ, ਬਲਕਿ ਨੌਜਵਾਨ ਪੀੜ੍ਹੀ ਵਿੱਚ ਰਵਾਇਤੀ ਪੇਂਡੂ ਖੇਡਾਂ ਲਈ ਨਵਾਂ ਉਤਸ਼ਾਹ ਵੀ ਜਗਾਉਂਦੀ ਹੈ। ਉਨ੍ਹਾ ਉਮੀਦ ਪ੍ਰਗਟ ਕੀਤੀ ਕਿ ਇਹ ਖੇਡਾਂ ਨੌਜਵਾਨਾਂ ਨੂੰ ਖੇਡ ਮੈਦਾਨਾਂ ਵੱਲ ਵਾਪਸ ਖਿੱਚਣਗੀਆ ਅਤੇ ਉਨ੍ਹਾਂ ਨੂੰ ਨਸ਼ਿਆਂ ਅਤੇ ਬਹੁਤ ਜ਼ਿਆਦਾ ਮੋਬਾਇਲ ਦੀ ਵਰਤੋਂ ਤੋਂ ਦੂਰ ਕਰਨਗੀਆਂ। ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਇਹ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ ਕਿ ਅਸੀਂ ਨੌਜਵਾਨਾਂ ਨੂੰ ਇਨ੍ਹਾਂ ਪਰੰਪਰਾਵਾਂ • ਬਾਕੀ ਸਫ਼ਾ 2 'ਤੇ

## ਪੀ ਆਰ ਟੀ ਸੀ ਦਾ 15 ਜੂਨ 1992 ਤੋਂ ਬਾਅਦ ਰੈਗੂਲਰ ਹੋਇਆ ਸਟਾਫ਼ ਜੀ ਪੀ ਐੱਫ ਪੈਨਸ਼ਨ ਦਾ ਹੱਕਦਾਰ

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**
ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਦੇ ਕਰਮਚਾਰੀਆਂ ਨਾਲ ਸੰਬੰਧਤ ਮਹੱਤਵਪੂਰਨ ਮਾਮਲੇ ਵਿੱਚ ਸਪੱਸ਼ਟ ਕੀਤਾ ਹੈ ਕਿ 15 ਜੂਨ, 1992 ਤੋਂ ਬਾਅਦ ਰੈਗੂਲਰ ਕੀਤੇ ਗਏ ਕਰਮਚਾਰੀਆਂ ਨੂੰ ਜਨਰਲ ਪ੍ਰੋਵੀਡੈਂਟ ਫੰਡ (ਜੀ ਪੀ ਐੱਫ) ਪੈਨਸ਼ਨ ਸਕੀਮ ਦੇ ਲਾਭ ਆਪਣੇ ਆਪ ਹੀ ਪ੍ਰਾਪਤ ਹੋਣਗੇ, ਇਸ ਦੇ ਲਈ ਕਿਸੇ ਵੱਖਰੇ ਬਦਲ ਭਰਨ ਦੀ ਲੋੜ ਨਹੀਂ ਹੋਵੇਗੀ। ਅਦਾਲਤ ਨੇ ਕਾਰਪੋਰੇਸ਼ਨ ਦੇ 19 ਅਕਤੂਬਰ, 2021 ਦੇ ਪੱਤਰ ਨੂੰ ਰੱਦ ਕਰ ਦਿੱਤਾ, ਜਿਸ ਵਿੱਚ ਪੈਨਸ਼ਨ ਲਾਭਾਂ ਤੋਂ ਇਨਕਾਰ ਕੀਤਾ ਗਿਆ ਸੀ ਅਤੇ ਕਰਮਚਾਰੀ ਨੂੰ ਜੀ ਪੀ ਐੱਫ ਸਕੀਮ ਦਾ ਮੈਂਬਰ ਮੰਨੇ ਜਾਣ ਦਾ ਨਿਰਦੇਸ਼ ਦਿੱਤਾ। ਜਸਟਿਸ ਹਰਪ੍ਰੀਤ ਸਿੰਘ ਬਰਾੜ ਦਾ ਸਿੰਗਲ ਬੈਂਚ ਇਸ ਵਿਵਾਦ ਦੀ ਸੁਣਵਾਈ ਕਰ ਰਿਹਾ ਸੀ ਕਿ ਕੀ 15 ਜੂਨ, 1992 ਤੋਂ ਪਹਿਲਾਂ ਐਡਹਾਕ ਆਧਾਰ 'ਤੇ ਨਿਯੁਕਤ ਕੀਤੇ ਗਏ, ਪਰ ਬਾਅਦ ਵਿੱਚ ਰੈਗੂਲਰ ਕੀਤੇ ਗਏ ਕਰਮਚਾਰੀਆਂ ਨੂੰ 'ਮੌਜੂਦਾ ਕਰਮਚਾਰੀ' ਮੰਨਿਆ ਜਾਣਾ ਚਾਹੀਦਾ ਹੈ ਜਾਂ 'ਨਵੇਂ ਰੈਗੂਲਰ ਕਰਮਚਾਰੀ।' ਕਾਰਪੋਰੇਸ਼ਨ ਨੇ ਦਲੀਲ ਦਿੱਤੀ ਕਿ ਅਜਿਹੇ ਕਰਮਚਾਰੀਆਂ ਨੂੰ ਪੈਨਸ਼ਨ ਸਕੀਮ ਦਾ ਲਾਭ ਲੈਣ ਲਈ ਨਿਰਧਾਰਤ ਮਿਆਦ ਦੇ ਅੰਦਰ ਆਪਣੇ ਬਦਲ ਦੀ ਵਰਤੋਂ ਕਰਨੀ ਜ਼ਰੂਰੀ ਸੀ, ਜਦੋਂ ਕਿ ਪਟੀਸ਼ਨਰ ਨੇ ਖੁਦ ਹੀ ਲਾਭ ਦਾ ਦਾਅਵਾ ਕੀਤਾ ਸੀ। ਅਦਾਲਤ ਨੇ 1992 ਦੇ ਨਿਯਮਾਂ ਦੀ ਵਿਆਖਿਆ ਕਰਦਿਆਂ ਸਪੱਸ਼ਟ ਕੀਤਾ ਕਿ 'ਨਿਯਮ ਲਾਗੂ ਹੋਣ ਤੋਂ ਠੀਕ ਪਹਿਲਾਂ ਕੰਮ ਕਰਦੇ ਕਰਮਚਾਰੀ' ਦਾ ਅਰਥ ਕੇਵਲ ਉਹ ਕਰਮਚਾਰੀ ਹਨ, ਜੋ ਉਸ ਸਮੇਂ ਪੂਰੇ ਸਮੇਂ 'ਤੇ ਰੈਗੂਲਰ ਆਧਾਰ 'ਤੇ ਸੇਵਾ ਵਿਚ ਸਨ। • ਬਾਕੀ ਸਫ਼ਾ 2 'ਤੇ

### ਦੋਸਤਾਂ ਦੀ ਬਹਾਦਰੀ ਨੇ ਟਾਲਿਆ ਵੱਡਾ ਹਾਦਸਾ

## ਸਕੂਲ ਦੇ ਬਾਹਰੋਂ ਵਿਦਿਆਰਥੀ ਨੂੰ ਅਗਵਾ ਕਰਨ ਦੀ ਕੋਸ਼ਿਸ਼ ਨਾਕਾਮ

**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)** ਪਿੰਡ ਪੱਕਾ ਦੇ ਸਰਕਾਰੀ ਮਿਡਲ ਸਕੂਲ ਵਿੱਚ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਦੋ ਮੋਟਰਸਾਈਕਲ ਸਵਾਰ ਅਣਪਛਾਤੇ ਵਿਅਕਤੀਆਂ ਨੇ ਛੇਵੀਂ ਜਮਾਤ ਦੇ ਇੱਕ ਵਿਦਿਆਰਥੀ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ।ਬੱਚਿਆਂ ਦੀ ਚੁਸਤੀ ਅਤੇ ਬਹਾਦਰੀ ਸਦਕਾ ਅਗਵਾਕਾਰ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਨਹੀਂ ਹੋ ਸਕੇ ਤੇ ਉਨ੍ਹਾਂ ਨੂੰ ਮੌਕੇ ਤੋਂ ਭੱਜਣਾ ਪਿਆ। ਪੀੜਤ ਵਿਦਿਆਰਥੀ ਗੁਰਮਨ ਸਿੰਘ ਦੇ ਪਿਤਾ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਦੁਪਹਿਰ 2 ਵਜੇ ਦੇ ਕਰੀਬ ਗੁਰਮਨ ਆਪਣੇ ਦੋਸਤਾਂ ਨਾਲ ਸਕੂਲ ਦੇ ਗੇਟ ਨੇੜੇ ਸਥਿਤ ਟਾਇਲਟ ਗਿਆ ਸੀ, ਜਿਵੇਂ ਹੀ ਗੁਰਮਨ ਬਾਹਰ ਨਿਕਲਿਆ, ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੇ ਉਸ ਨੂੰ ਜ਼ਬਰਦਸਤੀ ਚੁੱਕ ਲਿਆ ਤੇ ਮੋਟਰਸਾਈਕਲ ਦੇ ਵਿਚਕਾਰ ਬਿਠਾ ਕੇ ਭੱਜਣ ਲੱਗੇ। ਗੁਰਮਨ ਦਾ ਰੌਲਾ ਸੁਣ ਕੇ ਉਸ ਦਾ ਦੋਸਤ ਰਵੀ ਸਿੰਘ ਤੁਰੰਤ ਬਾਹਰ ਆਇਆ। ਹਾਲਾਤ ਨੂੰ ਭਾਂਪਦਿਆਂ ਰਵੀ ਨੇ ਦਲੇਰੀ ਦਿਖਾਈ ਅਤੇ ਜ਼ਮੀਨ ਤੋਂ ਇੱਕ ਵੱਡਾ ਪੱਥਰ ਚੁੱਕ ਕੇ ਮੋਟਰਸਾਈਕਲ ਵੱਲ ਮਾਰਿਆ। ਪੱਥਰ ਸਿੱਧਾ ਮੋਟਰਸਾਈਕਲ ਦੇ ਅਗਲੇ ਪਹੀਏ ਵਿੱਚ ਵੱਜਿਆ, ਜਿਸ ਕਾਰਨ ਅਗਵਾਕਾਰਾਂ ਦਾ ਸੰਤੁਲਨ ਵਿਗੜ ਗਿਆ।ਇਸੇ ਦੌਰਾਨ ਗੁਰਮਨ ਨੇ ਹਿੰਮਤ ਦਿਖਾਈ ਅਤੇ ਉਨ੍ਹਾਂ ਦੇ ਚੁੰਗਲ 'ਚੋਂ ਨਿਕਲ ਕੇ ਭੱਜ ਗਿਆ।ਭੱਜਣ ਵੇਲੇ ਡਿੱਗਣ ਕਾਰਨ ਬੱਚੇ ਦੇ ਮਾਮੂਲੀ ਸੱਟਾਂ ਵੀ ਲੱਗੀਆਂ ਹਨ। ਪੁਲਸ ਜਦੋਂ ਜਾਂਚ ਲਈ ਪਹੁੰਚੀ ਤਾਂ ਪਤਾ ਲੱਗਾ ਕਿ ਸਕੂਲ ਦੇ ਸੀਸੀਟੀਵੀ ਕੈਮਰੇ ਕਈ ਦਿਨਾਂ ਤੋਂ ਖਰਾਬ ਪਏ ਸਨ। ਸਕੂਲ ਦੇ ਸਮੇਂ ਦੌਰਾਨ ਮੁੱਖ ਗੇਟ ਖੁੱਲ੍ਹਾ ਹੋਣ ਕਾਰਨ ਹੀ ਅਪਰਾਧੀਆਂ ਨੂੰ ਅੰਦਰ ਆਉਣ ਦਾ ਮੌਕਾ ਮਿਲਿਆ। ਪਿੰਡ ਵਾਸੀਆਂ ਨੇ ਸਕੂਲ ਅੱਗੇ ਰੋਸ ਪ੍ਰਦਰਸ਼ਨ ਕੀਤਾ ਤੇ ਬਾਅਦ ਵਿੱਚ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੂੰ ਲਿਖਤੀ ਸ਼ਿਕਾਇਤ ਸੌਂਪੀ। ਡਿਪਟੀ ਕਮਿਸ਼ਨਰ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਨਿਰਪੱਖ ਜਾਂਚ ਦਾ ਭਰੋਸਾ ਦਿੱਤਾ ਹੈ ਅਤੇ ਸਿੱਖਿਆ ਵਿਭਾਗ ਨੂੰ ਤੁਰੰਤ ਸਾਰੇ ਸਕੂਲਾਂ ਦੇ ਸੀਸੀਟੀਵੀ ਕੈਮਰੇ ਠੀਕ ਕਰਵਾਉਣ ਅਤੇ ਸੁਰੱਖਿਆ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਪੁਲਿਸ ਨੇ ਅਣਪਛਾਤੇ ਹਮਲਾਵਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਪੰਜਾਬ ਡਾਕਟਰਜ਼ ਸਰਵਿਸ ਐਸੋਸੀਏਸ਼ਨ ਦੀ ਮੀਟਿੰਗ



**ਜਗਰਾਉਂ (ਅਮਿਤ ਖੰਨਾ)** ਪੰਜਾਬ ਡਾਕਟਰਜ਼ ਸਰਵਿਸ ਐਸੋਸੀਏਸ਼ਨ ਵੱਲੋਂ ਮੀਟਿੰਗ ਕੀਤੀ ਗਈ, ਜਿਸ ਵਿੱਚ ਵਿਭਾਗ ਦੀਆਂ ਚੱਲ ਰਹੀਆਂ ਗਤੀਵਿਧੀਆਂ ਦੀ ਸਮੀਖਿਆ ਕਰਨ ਦੇ ਨਾਲ-ਨਾਲ ਕਿਸਾਨਾਂ ਦੇ ਹਿਤਾਂ ਦੀ ਰੱਖਿਆ ਅਤੇ ਖੇਤੀਬਾੜੀ ਉਤਪਾਦਾਂ ਦੀ ਗੁਣਵੱਤਾ ਨਿਯੰਤਰਣ ਪ੍ਰਣਾਲੀ ਨੂੰ ਹੋਰ ਮਜ਼ਬੂਤ ਬਣਾਉਣ ਬਾਰੇ ਵਿਸ਼ੇਸ਼ ਚਰਚਾ ਕੀਤੀ ਗਈ। ਮੀਟਿੰਗ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਅਤੇ ਲੈਬ ਦੇ ਅਧਿਕਾਰੀਆਂ ਵੱਲੋਂ ਭਾਗ ਲਿਆ। ਮੀਟਿੰਗ ਦੌਰਾਨ ਵਿਭਾਗ ਦੀਆਂ ਚੱਲ ਰਹੀਆਂ ਯੋਜਨਾਵਾਂ, ਫੀਲਡ ਪੱਧਰ ਉੱਤੇ ਕੀਤੇ ਜਾ ਰਹੇ ਕੰਮ, ਕਿਸਾਨ ਸੇਵਾਵਾਂ ਤੇ ਨਿਗਰਾਨੀ ਪ੍ਰਣਾਲੀ ਦੀ ਸਮੀਖਿਆ ਕੀਤੀ ਗਈ।ਖਾਸ ਤੌਰ 'ਤੇ ਬੀਜ, ਖਾਦ, ਕੀਟਨਾਸ਼ਕ ਤੇ ਹੋਰ ਖੇਤੀਬਾੜੀ ਇਨਪੁੱਟ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਸਬੰਧੀ ਚਰਚਾ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਡਾ. ਜਸਵੰਤ ਸਿੰਘ ਨੇ ਫੀਲਡ ਸਟਾਫ ਨੂੰ ਦੱਸਿਆ ਕਿਸਾਨਾਂ ਨੂੰ ਮਿਆਰੀ ਬੀਜ, ਖਾਦ, ਕੀਟਨਾਸ਼ਕ ਤੇ ਹੋਰ ਖੇਤੀਬਾੜੀ ਇਨਪੁੱਟ ਸਮੇਂ ਸਿਰ ਅਤੇ ਸਹੀ ਗੁਣਵੱਤਾ ਨਾਲ ਉਪਲਬਧ ਹੋਣੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਪਿੰਡ ਪੱਧਰ 'ਤੇ ਕੈਂਪ ਲਾਏ ਜਾਣ ਤੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ ਕਿ ਖੇਤੀ ਇਨਪੁਟਸ ਸਿਰਫ ਅਧਿਕਾਰਤ ਤੇ ਲਾਇਸੈਂਸ ਪ੍ਰਾਪਤ ਡੀਲਰ ਤੋਂ ਹੀ ਖਰੀਦੇ ਜਾਣ, ਖਰੀਦ ਸਮੇਂ ਬਿੱਲ/ਰਸੀਦ ਜ਼ਰੂਰ ਲਈ ਜਾਵੇ, ਪੈਕਿੰਗ ਉੱਤੇ ਦਰਜ ਕੰਪਨੀ ਦਾ ਨਾਮ, ਬੈਚ ਨੰਬਰ, ਉਤਪਾਦਨ ਮਿਤੀ ਤੇ ਸਮਾਪਤੀ ਮਿਤੀ ਚੈੱਕ ਕੀਤੀ ਜਾਵੇ, ਖੁੱਲ੍ਹੀ ਜਾਂ ਬਿਨਾਂ ਲੇਬਲ ਵਾਲੀ ਇਨਪੁਟਸ ਨਾ ਖਰੀਦੀ ਜਾਵੇ। ਪ੍ਰਧਾਨ ਨੇ ਸਮੂਹ ਸਾਥੀਆਂ ਨੂੰ ਬੇਨਤੀ ਕੀਤੀ ਕੀ ਕਿਸਾਨ ਹਿੱਤਾਂ ਦੀ ਜ਼ਿੰਮੇਵਾਰੀ ਖੇਤੀਬਾੜੀ ਵਿਭਾਗ ਦੀ ਹੈ, ਜੋ ਕਿਸਾਨਾਂ ਨੂੰ ਸਹੀ ਖੁਰਾਕ, ਸਹੀ ਸਮੇਂ ਤੇ ਸੁਰੱਖਿਅਤ ਵਰਤੋਂ ਬਾਰੇ ਤਕਨੀਕੀ ਸਲਾਹ ਦਿੱਤੀ ਜਾਵੇ, ਫਸਲ ਗੁਣਵੱਤਾ ਸੁਧਾਰ ਅਤੇ ਉਤਪਾਦਨ ਵਾਧੇ ਲਈ ਫੀਲਡ ਪੱਧਰ 'ਤੇ ਚੌਕਸੀ ਵਧਾਏ ਜਾਣ। ਉਨ੍ਹਾਂ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਕੀ ਖੇਤੀਬਾੜੀ ਵਿਭਾਗ ਕਿਸਾਨਾਂ ਨੂੰ ਮਿਆਰੀ ਕੁਆਲਿਟੀ ਦੇ ਇਨਪੁਟਸ ਸਮੇਂ ਸਿਰ ਮੁਹੱਈਆ ਕਰਾਉਣ ਲਈ ਵਚਨਬੱਧ ਹੈ। ਮੀਟਿੰਗ ਦੇ ਅੰਤ 'ਤੇ ਇਹ ਨਿਰਣਾ ਲਿਆ ਗਿਆ ਕਿ ਕਿਸਾਨਾਂ ਦੀ ਆਮਦਨ ਵਧਾਉਣ, ਉਨ੍ਹਾਂ ਨੂੰ ਨਕਲੀ ਸਮੱਗਰੀ ਤੋਂ ਬਚਾਉਣ ਤੇ ਉੱਚ ਗੁਣਵੱਤਾ ਵਾਲੀ ਖੇਤੀ ਪ੍ਰਣਾਲੀ ਨੂੰ ਉਤਸ਼ਾਹਿਤ ਕਰਨ ਲਈ ਵਿਭਾਗ ਅਤੇ ਫੀਲਡ ਸਟਾਫ ਮਿਲਜੁਲ ਕੇ ਕੰਮ ਕਰੇਗਾ।

## ਸਮਾਜ ਸੇਵਾ ਤੇ ਜਾਗਰੂਕਤਾ ਤਹਿਤ ਅਨੰਤ ਅਨਾਥ ਆਸ਼ਰਮ ਦਾ ਦੌਰਾ

**ਬਠਿੰਡਾ, (ਪਰਵਿੰਦਰ ਜੀਤ ਸਿੰਘ)** ਬਾਬਾ ਫਰੀਦ ਕਾਲਜ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ ਦੀ ਐਨ.ਐਸ.ਐਸ. ਯੂਨਿਟ ਵੱਲੋਂ ਸਮਾਜ ਸੇਵਾ ਤੇ ਜਾਗਰੂਕਤਾ ਦੇ ਤਹਿਤ ਅਨੰਤ ਅਨਾਥ ਆਸ਼ਰਮ, ਨਥਾਣਾ (ਬਠਿੰਡਾ) ਵਿਖੇ ਸਮਾਜ ਸੇਵਾ ਲਈ ਦੌਰਾ ਆਯੋਜਿਤ ਕੀਤਾ ਗਿਆ।ਇਹ ਦੌਰਾ ਐਨ.ਐਸ.ਐਸ. ਪ੍ਰੋਗਰਾਮ ਅਫਸਰ ਮੈਡਮ ਸੁਖਜਿੰਦਰ ਕੌਰ ਦੀ ਰਹਿਨੁਮਾਈ ਹੇਠ ਕਰਾਇਆ ਗਿਆ, ਜਿਸ ਵਿੱਚ ਲਗਭਗ 50 ਐਨ.ਐਸ.ਐਸ. ਵਲੰਟੀਅਰਾਂ ਨੇ ਭਾਗ ਲਿਆ।ਦੌਰੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਤੇ ਅਨਾਥ ਬੱਚਿਆਂ ਵਿੱਚ ਖੁਸ਼ੀਆਂ ਵੰਡਣਾ ਸੀ। ਐਨ.ਐਸ.ਐਸ. ਵਲੰਟੀਅਰਾਂ ਨੇ ਅਨਾਥ ਆਸ਼ਰਮ ਦੇ ਬੱਚਿਆਂ ਨਾਲ ਪਿਆਰ-ਮੁਹੱਬਤ ਨਾਲ ਗੱਲਬਾਤ ਕੀਤੀ ਤੇ ਵੱਖ-ਵੱਖ ਮਨੋਰੰਜਕ ਗਤੀਵਿਧੀਆਂ ਦਾ ਆਯੋਜਨ ਕੀਤਾ।ਇਨ੍ਹਾਂ 'ਚ ਇਨਡੋਰ ਅਤੇ ਆਊਟਡੋਰ ਖੇਡਾਂ, ਮਜ਼ੇਦਾਰ ਮੁਕਾਬਲੇ ਤੇ ਰਚਨਾਤਮਕ ਗਤੀਵਿਧੀਆਂ ਸ਼ਾਮਲ ਸਨ।ਬੱਚਿਆਂ ਨੇ ਡਰਾਇੰਗ ਮੁਕਾਬਲਿਆਂ, ਕਹਾਣੀ-ਕਥਨ ਸੈਸ਼ਨਾਂ ਤੇ ਟੀਮ ਗੇਮਾਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ, ਜਿਸ ਨਾਲ ਖੁਸ਼ਗਵਾਰ ਤੇ ਰੌਣਕ ਭਰਿਆ ਮਾਹੌਲ ਬਣ ਗਿਆ। ਆਊਟਰੀਚ ਮੁਹਿੰਮ ਦੇ ਤਹਿਤ ਐਨ.ਐਸ.ਐਸ. ਟੀਮ ਵੱਲੋਂ ਬੱਚਿਆਂ ਦੀ ਸਿੱਖਿਆ ਨੂੰ ਮਜ਼ਬੂਤ ਕਰਨ ਲਈ ਨੋਟਬੁੱਕਾਂ, ਪੈਨ, ਪੈਨਸਿਲਾਂ, ਰੰਗ ਤੇ ਕਹਾਣੀ ਪੁਸਤਕਾਂ ਸਮੇਤ ਪੜ੍ਹਾਈ ਸਮੱਗਰੀ ਵੀ ਵੰਡੀ ਗਈ। ਇਸ ਪਿਆਰ ਭਰੇ ਉਪਰਾਲੇ ਲਈ ਅਨਾਥ ਆਸ਼ਰਮ ਦੇ ਬੱਚਿਆਂ ਨੇ ਆਪਣੀ ਖੁਸ਼ੀ ਤੇ ਧੰਨਵਾਦ ਦਾ ਪ੍ਰਗਟਾਵਾ ਕੀਤਾ।




## ਬਾਰ੍ਹਵੀਂ ਦੇ ਵਿਦਿਆਰਥੀਆਂ ਦੀ ਵਿਦਾਇਗੀ ਮੌਕੇ ਸੁਖਮਨੀ ਸਾਹਿਬ ਦੇ ਪਾਠ ਕਰਾਏ

**ਬਾਘਾ ਪੁਰਾਣਾ (ਮਨੀ ਸਿੰਗਲਾ)** ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਹਰ ਵਾਰ ਦੀ ਤਰ੍ਹਾਂ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਉੱਜਵਲ ਭਵਿੱਖਾਂ ਅਤੇ ਬਾਰ੍ਹਵੀਂ ਦੀ ਪ੍ਰੀਖਿਆ ਵਿੱਚੋਂ ਸਫਲਤਾ ਦੀ ਪ੍ਰਾਪਤੀ ਲਈ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਕਰਾਏ ਗਏ।



ਬਾਰ੍ਹਵੀਂ ਸ਼੍ਰੇਣੀ ਦੇ (ਮੈਡੀਕਲ, ਨਾਨ ਮੈਡੀਕਲ, ਕਮਰਸ ਤੇ ਆਰਟਸ) ਗਰੁੱਪ ਦੇ 200 ਵਿਦਿਆਰਥੀ ਦੀ ਪੂਰੀ ਸ਼ਰਧਾ ਅਤੇ ਉਤਸਾਹ ਨਾਲ ਨਤਮਸਤਕ ਹੋਵੇ।ਸਫ਼ਲਤਾ ਦੀ ਅਰਦਾਸ ਉਪਰੰਤ ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਇਸ ਤੋਂ ਬਾਅਦ ਪ੍ਰਿੰਸੀਪਲ ਸ਼੍ਰੀ ਸੰਦੀਪ ਮਹਿਤਾ ਨੇ ਵਿਦਿਆਰਥੀਆਂ ਨੂੰ ਹਮੇਸ਼ਾ ਪਰਮਾਤਮਾ ਦਾ ਸਹਾਰਾ ਲੈ ਕੇ ਕੰਮ ਦੀ ਸ਼ੁਰੂਆਤ ਕਰਨ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਜੋ ਵਿਦਿਆਰਥੀ ਹਮੇਸ਼ਾ ਪ੍ਰਮਾਤਮਾ ਨੂੰ ਯਾਦ ਰੱਖਦੇ ਹਨ, ਉਹ ਜ਼ਿੰਦਗੀ ਵਿੱਚ ਕਾਮਯਾਬੀ ਪ੍ਰਾਪਤ ਕਰਕੇ ਉੱਚੀਆਂ ਮੰਜ਼ਲਾਂ ਸਰ ਕਰਦੇ ਹਨ, ਕਿਉਂਕਿ ਵਿਦਿਆਰਥੀ ਸਾਡੀ ਕੌਮ ਦਾ ਸਰਮਾਇਆ ਹੁੰਦੇ ਹਨ।

## ਮਹਾਂਸ਼ਿਵਰਾਤਰੀ ਸ਼ਰਧਾ ਨਾਲ ਮਨਾਈ

**ਦੋਰਾਹਾ, (ਹਰਮਿੰਦਰ ਸੇਠ)** ਬ੍ਰਹਮਾ ਕੁਮਾਰੀਜ ਆਧਿਆਤਮਿਕ ਮੈਡੀਟੇਸ਼ਨ ਕੇਂਦਰ, ਸਾਹਨੇਵਾਲ ਵਿਖੇ ਮਹਾਂਸ਼ਿਵਰਾਤਰੀ ਦਾ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ।ਮੈਡਮ ਪੂਜਾ ਭਾਟੀਆ, ਪ੍ਰਧਾਨ ਨਗਰ ਕੌਂਸਲ ਸਾਹਨੇਵਾਲ ਤੇ ਸਤਵਿੰਦਰ ਸਿੰਘ ਗਿੱਲ, ਕੌਂਸਲਰ ਵਾਰਡ ਨੰਬਰ 9 ਸਾਹਨੇਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਸਮਾਗਮ ਦੌਰਾਨ ਹਾਲ ਮਹਿਮਾਨਾਂ ਤੇ ਸ਼ਰਧਾਲੂਆਂ ਨਾਲ ਖਚਾਖਚ ਭਰਿਆ ਹੋਇਆ ਸੀ।ਬੀ.ਕੇ. ਮੀਨਾਕਸ਼ੀ ਦੀਦੀ ਵੱਲੋਂ ਸ਼ਿਵ ਜਯੰਤੀ ਦੇ ਮਹੱਤਵ ਬਾਰੇ ਜਾਣਕਾਰੀ ਦਿੰਦਿਆਂ ਭਗਵਾਨ ਸ਼ਿਵ ਨੂੰ ਗਿਆਨ, ਸੁੱਖ-ਸਮ੍ਰਿਧੀ, ਦਇਆ ਅਤੇ ਸ਼ਕਤੀ ਦਾ ਸਾਗਰ ਦੱਸਿਆ ਗਿਆ।ਉਨ੍ਹਾਂ ਆਪਣੇ ਗਿਆਨਵਰਧਕ ਪ੍ਰਵਚਨਾਂ ਰਾਹੀਂ ਸ਼ਰਧਾਲੂਆਂ ਨੂੰ ਆਧਿਆਤਮਕਤਾ ਪ੍ਰਤੀ ਪ੍ਰੇਰਿਤ ਕੀਤਾ।ਇਸ ਮੌਕੇ ਧਵਜ ਫਹਿਰਾਉਣ ਉਪਰੰਤ ਸਾਰੇ ਹਾਜ਼ਰ ਸ਼ਰਧਾਲੂਆਂ ਵੱਲੋਂ ਸੰਕਲਪਾਂ ਦੀ ਪ੍ਰਤਿਗਿਆ ਕੀਤੀ ਗਈ ਤੇ ਪੰਜ ਮਿੰਟ ਦਾ ਸਮੂਹਕ ਧਿਆਨ (ਮੈਡੀਟੇਸ਼ਨ) ਵੀ ਕੀਤਾ ਗਿਆ।ਸਮਾਗਮ ਦੌਰਾਨ ਵਿਸ਼ਿਸ਼ਟ ਅਤਿਥੀਆਂ ਨੂੰ ਸਮ੍ਰਿਤੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।ਅੰਤ 'ਚ ਸ਼ਿਵ ਬਾਬਾ ਦਾ ਭੋਗ ਵੰਡਣ ਉਪਰੰਤ ਸਮਾਗਮ ਦਾ ਸਮਾਪਨ ਕੀਤਾ।



## ਟੈਲੀ ਮਾਨਸ ਲੋਕਾਂ ਲਈ ਵਰਦਾਨ ਸਾਬਿਤ ਹੋਇਆ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਸਿਵਲ ਸਰਜਨ ਪਟਿਆਲਾ ਡਾ.ਜਸਵਿੰਦਰ ਸਿੰਘ ਨੇ ਟੈਲੀ ਮਾਨਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਤੇ ਮਾਨਸਿਕ ਤੰਦਰੁਸਤੀ ਵਿਚ ਵਾਧਾ ਕਰਨ ਲਈ ਭਾਰਤ ਸਰਕਾਰ ਨੇ 10 ਅਕਤੂਬਰ, 2022 ਨੂੰ ਟੈਲੀ ਮਾਨਸ ਪ੍ਰੋਜੈਕਟ ਸ਼ੁਰੂ ਕੀਤਾ ਸੀ। ਉਨ੍ਹਾਂ ਕਿਹਾ ਕਿ ਟੈਲੀ ਮਾਨਸ ਇਕ ਟੋਲ ਫ੍ਰੀ ਹੈਲਪਲਾਈਨ ਹੈ, ਜੋ ਪੂਰੇ ਭਾਰਤ ਵਿਚ 24*7 ਮੁਫਤ ਮਾਨਸਿਕ ਸਿਹਤ ਸਲਾਹ ਪ੍ਰਦਾਨ ਕਰਦੀ ਹੈ। ਇਹ 20 ਤੋਂ ਵੱਧ ਭਾਸ਼ਾਵਾਂ ਵਿਚ ਉਪਲਬਧ ਹੈ। ਉਪਭੋਗਤਾ ਟੋਲ ਫ੍ਰੀ ਹੈਲਪਲਾਈਨ ਨੰਬਰ 1800-89-14416 ਜਾਂ 14416 ਰਾਹੀ ਟੈਲੀ ਮਾਨਸ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਉਪਭੋਗਤਾ ਘਰ ਬੈਠੇ ਆਪਣੇ ਫੋਨ 'ਤੇ ਇਸ ਸੇਵਾ ਦਾ ਆਸਾਨੀ ਨਾਲ ਲਾਭ ਉਠਾ ਸਕਦੇ ਹਨ। ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਕਾਲਰ ਦੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ। ਟੈਲੀ ਮਾਨਸ ਦੀ ਆਪਣੀ ਇਕ ਮੋਬਾਈਲ ਐਪ ਹੈ, ਜਿਸ ਵਿਚ ਕਈ ਤਰ੍ਹਾਂ ਦੇ ਮੁੱਦਿਆ ਜਿਵੇਂ ਕਿ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਚਿੰਤਾ, ਪ੍ਰੀਖਿਆ, ਤਣਾਅ, ਡਿਪਰੈਸ਼ਨ, ਵਿੱਤੀ ਤਣਾਅ, ਸੰਕਟ ਪ੍ਰਬੰਧਨ ਤੇ ਪਰਵਾਰਕ ਮੁੱਦਿਆਂ ਬਾਰੇ ਸਲਾਹ-ਮਸ਼ਵਰਾ ਕਾਲ ਤੇ ਪ੍ਰਦਾਨ ਕੀਤਾ ਜਾਂਦਾ ਹੈ।ਟੈਲੀ ਮਾਨਸ ਲੋੜ ਪੈਣ 'ਤੇ ਵਿਅਕਤੀਗਤ ਤੌਰ 'ਤੇ ਵੀ ਸੇਵਾ ਪ੍ਰਦਾਨ ਕਰਦਾ ਹੈ। ਇਸ ਵਿੱਚ ਵੀਡੀਉ ਕਾਲ ਰਾਹੀਂ ਦਵਾਈ ਬਾਰੇ ਜਾਣਕਾਰੀ ਲਈ ਜਾ ਸਕਦੀ ਹੈ।



## ਟੀਈਟੀ ਲਾਜ਼ਮੀ ਕਰਨ ਦੇ ਫ਼ੈਸਲੇ 'ਤੇ ਅਧਿਆਪਕਾਂ ਦਾ ਤਿੱਖਾ ਵਿਰੋਧ, ਪੰਜਾਬ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਿਆ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਪੰਜਾਬ ਸਰਕਾਰ ਵੱਲੋਂ 7 ਫਰਵਰੀ ਨੂੰ ਜਾਰੀ ਕੀਤੇ ਗਏ ਹੁਕਮਾਂ ਤਹਿਤ ਮਾਸਟਰ ਕਾਡਰ ਦੀਆਂ ਪਦਉੱਨਤੀਆਂ ਲਈ ਟੀਈਟੀ ਨੂੰ ਲਾਜ਼ਮੀ ਸ਼ਰਤ ਬਣਾਉਣ ਤੇ 14 ਸਤੰਬਰ 2017 ਦੇ ਉਸ ਪੱਤਰ ਨੂੰ ਰੱਦ ਕਰਨ, ਜਿਸ ਰਾਹੀਂ 2011 ਤੋਂ ਪਹਿਲਾਂ ਸੇਵਾ ਵਿਚ ਸ਼ਾਮਲ ਹੋਏ ਅਧਿਆਪਕਾਂ ਨੂੰ ਟੀਈਟੀ ਤੋਂ ਛੋਟ ਦਿੱਤੀ ਗਈ ਸੀ, ਖ਼ਿਲਾਫ਼ ਸੂਬੇ ਭਰ ਵਿਚ ਅਧਿਆਪਕ ਵਰਗ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਅਧਿਆਪਕ ਜਥੇਬੰਦੀਆਂ ਦਾ ਕਹਿਣਾ ਹੈ ਕਿ ਜਿਨ੍ਹਾਂ ਅਧਿਆਪਕਾਂ ਨੇ ਦਹਾਕਿਆਂ ਤੱਕ ਇਮਾਨਦਾਰੀ ਤੇ ਲਗਨ ਨਾਲ ਸੇਵਾ ਨਿਭਾਈ ਹੈ, ਉਨ੍ਹਾਂ ਦੀ ਯੋਗਤਾ 'ਤੇ ਇਸ ਤਰ੍ਹਾਂ ਸਵਾਲ ਖੜ੍ਹੇ ਕਰਨਾ ਨਾ ਸਿਰਫ਼ ਗੈਰ ਵਾਜਬ ਹੈ, ਸਗੋਂ ਇਹ ਉਨ੍ਹਾਂ ਦੇ ਮਨੋਬਲ ਨੂੰ ਝਟਕਾ ਦੇਣ ਵਾਲਾ ਕਦਮ ਵੀ ਹੈ। ਜਥੇਬੰਦੀਆਂ ਅਨੁਸਾਰ ਸਰਕਾਰ ਨੇ ਪਹਿਲਾਂ ਖ਼ੁਦ 14 ਸਤੰਬਰ 2017 ਦੇ ਪੱਤਰ ਰਾਹੀਂ ਟੀਈਟੀ ਤੋਂ ਛੋਟ ਦੇ ਕੇ ਇਹ ਮੰਨਿਆ ਸੀ ਕਿ 2011 ਤੋਂ ਪਹਿਲਾਂ ਜੁਆਇਨ ਹੋਏ ਅਧਿਆਪਕ ਨਿਯਮਾਂ ਅਨੁਸਾਰ ਯੋਗ ਹਨ, ਪਰ ਹੁਣ ਉਸੇ ਛੋਟ ਨੂੰ ਰੱਦ ਕਰਕੇ ਨਵੀਂ ਲਾਜ਼ਮੀ ਸ਼ਰਤ ਲਾਉਣਾ ਆਪਣੇ ਹੀ ਫ਼ੈਸਲੇ ਤੋਂ ਮੁੱਕਰਣ ਦੇ ਬਰਾਬਰ ਹੈ। ਇਸ ਫ਼ੈਸਲੇ ਨਾਲ ਸੈਂਕੜਿਆਂ ਅਧਿਆਪਕਾਂ ਦੀਆਂ ਪਦਉੱਨਤੀਆਂ ਦੀਆਂ ਉਮੀਦਾਂ 'ਤੇ ਅਸਰ ਪੈ ਸਕਦਾ ਹੈ ਤੇ ਕਈ ਅਧਿਆਪਕ ਤਕਨੀਕੀ ਕਾਰਨਾਂ ਕਰਕੇ ਤਰੱਕੀ ਤੋਂ ਵਾਂਝੇ ਰਹਿ ਸਕਦੇ ਹਨ। ਜ਼ਿਲ੍ਹਾ ਫ਼ਿਰੋਜ਼ਪੁਰ ਸਮੇਤ ਵੱਖ-ਵੱਖ ਜ਼ਿਲ੍ਹਿਆਂ ਦੀਆਂ 15 ਅਧਿਆਪਕ ਜਥੇਬੰਦੀਆਂ ਵੱਲੋਂ ਇਸ ਮਸਲੇ 'ਤੇ ਸਾਂਝਾ ਐਕਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ ਤੇ ਕਿਹਾ ਗਿਆ ਕਿ ਇਹ ਸੰਘਰਸ਼ ਕਿਸੇ ਵਿਅਕਤੀ ਵਿਸ਼ੇਸ਼ ਦੇ ਖ਼ਿਲਾਫ਼ ਨਹੀਂ, ਸਗੋਂ ਅਧਿਆਪਕਾਂ ਨਾਲ ਹੋ ਰਹੀ ਨਾਇਨਸਾਫ਼ੀ ਦੇ ਖ਼ਿਲਾਫ਼ ਹੈ। ਸੰਘਰਸ਼ ਨੂੰ ਅੱਗੇ ਵਧਾਉਂਦਿਆਂ 22 ਫਰਵਰੀ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਹਲਕੇ ਸ੍ਰੀ ਆਨੰਦਪੁਰ ਸਾਹਿਬ ਦੇ ਪਿੰਡ ਗੰਭੀਰਪੁਰ ਵਿਖੇ ਵੱਡਾ ਰੋਸ ਪ੍ਰਦਰਸ਼ਨ ਕਰਨ ਦੀ ਐਲਾਨ ਕੀਤਾ ਗਿਆ ਹੈ, ਜਿਸ ਵਿੱਚ ਫ਼ਿਰੋਜ਼ਪੁਰ ਜ਼ਿਲ੍ਹੇ ਤੋਂ ਵੀ ਵੱਡੀ ਗਿਣਤੀ ਵਿੱਚ ਅਧਿਆਪਕਾਂ ਸ਼ਾਮਲ ਹੋਣਗੇ। ਅਧਿਆਪਕ ਆਗੂਆਂ ਨੇ ਕਿਹਾ ਕਿ ਉਹ ਆਪਣੇ ਹੱਕਾਂ ਦੀ ਰੱਖਿਆ ਲਈ ਸੰਵਿਧਾਨਕ ਤੇ ਲੋਕਤੰਤਰਕ ਢੰਗ ਨਾਲ ਲੜਾਈ ਜਾਰੀ ਰੱਖਣਗੇ ਤੇ ਸਰਕਾਰ ਨੂੰ ਅਪੀਲ ਕੀਤੀ ਕਿ ਅਧਿਆਪਕਾਂ ਦੀਆਂ ਜਾਇਜ਼ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਕੇ ਤੁਰੰਤ ਨਿਆਂ ਕੀਤਾ ਜਾਵੇ।



## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ 'ਹਿੰਸਾ, ਰਾਜਨੀਤੀ ਅਤੇ ਪੰਜਾਬ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਦੇ ਰਾਜਨੀਤੀ ਵਿਗਿਆਨ ਵਿਭਾਗ ਵੱਲੋਂ ਹਿੰਸਾ, ਰਾਜਨੀਤੀ ਅਤੇ ਪੰਜਾਬ ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਆਯੋਜਿਤ ਕੀਤਾ ਗਿਆ। ਇਸ ਲੈਕਚਰ ਦਾ ਉਦੇਸ਼ ਪੰਜਾਬ ਵਿੱਚ ਹਿੰਸਾ ਦੇ ਇਤਿਹਾਸਕ, ਰਾਜਨੀਤਿਕ ਅਤੇ ਸਮਾਜਿਕ ਪੱਖਾਂ ਦੀ ਗਹਿਰਾਈ ਨਾਲ ਸਮੀਖਿਆ ਕਰਨਾ ਅਤੇ ਵਿਦਿਆਰਥੀਆਂ ਵਿੱਚ ਇਸ ਸੰਵੇਦਨਸ਼ੀਲ ਤੇ ਮਹੱਤਵਪੂਰਨ ਮੁੱਦੇ ਬਾਰੇ ਵਿਸ਼ਲੇਸ਼ਣਾਤਮਕ ਸੋਚ ਨੂੰ ਪ੍ਰੋਤਸਾਹਿਤ ਕਰਨਾ ਸੀ।ਮੁੱਖ ਵਕਤਾ ਡਾ. ਸਿਕੰਦਰ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ ਪੰਜਾਬੀ ਵਿਭਾਗ ਨੇ ਬਹੁਤ ਹੀ ਗੁੰਭੀਰ ਅਤੇ ਜਾਣਕਾਰੀਪੂਰਣ ਵਿਆਖਿਆਨ ਪੇਸ਼ ਕੀਤਾ। ਉਨ੍ਹਾਂ ਨੇ 1947 ਤੋਂ ਬਾਅਦ ਪੰਜਾਬ ਵਿੱਚ ਹਿੰਸਾ ਦੇ ਵੱਖ-ਵੱਖ ਕਾਰਣਾਂ ਦੀ ਵਿਆਖਿਆ ਕੀਤੀ ਅਤੇ ਰਾਜਨੀਤਿਕ ਤਬਦੀਲੀਆਂ, ਪਹਿਚਾਣ ਦੀ ਰਾਜਨੀਤੀ ਅਤੇ ਸਮਾਜ-ਆਰਥਿਕ ਕਾਰਕਾਂ ਦੇ ਆਪਸੀ ਸੰਬੰਧਾਂ ਨੂੰ ਰੋਸ਼ਨ ਕੀਤਾ। ਵਾਈਸ ਚਾਂਸਲਰ, ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਵਿਭਾਗ ਵੱਲੋਂ ਕੀਤੇ ਗਏ ਇਸ ਮਹੱਤਵਪੂਰਨ ਅਕਾਦਮਿਕ ਉਪਰਾਲੇ ਲਈ ਮੁਬਾਰਕਬਾਦ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਵਿੱਚ ਸਮਕਾਲੀ ਅਤੇ ਇਤਿਹਾਸਕ ਮੁੱਦਿਆਂ ਬਾਰੇ ਤਰਕਸੰਗਤ ਸੋਚ ਅਤੇ ਜਾਣਕਾਰੀਪੂਰਣ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕਰਨ ਲਈ ਵਿਭਾਗ ਦੀਆਂ ਕੋਸ਼ਿਸ਼ਾਂ ਦੀ ਸਰਾਹਨਾ ਕੀਤੀ। ਡੀਨ ਅਕਾਦਮਿਕ ਮਾਮਲੇ, ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਨੇ ਵੀ ਵਿਭਾਗ ਵੱਲੋਂ ਅੰਤਰ-ਵਿਭਾਗੀ ਚਰਚਾ ਅਤੇ ਖੇਤਰੀ ਮੁੱਦਿਆਂ ਨਾਲ ਜੁੜੀ ਵਿਦਵਤਾਪੂਰਨ ਸਹਿਭਾਗੀਤਾ ਲਈ ਮਚਾਣ ਤਿਆਰ ਕਰਨ ਦੇ ਉਪਰਾਲੇ ਦੀ ਪ੍ਰਸ਼ੰਸਾ ਕੀਤੀ।ਰਾਜਨੀਤੀ ਵਿਗਿਆਨ ਅਤੇ ਪੰਜਾਬੀ ਵਿਭਾਗਾਂ ਦੇ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਸਰਗਰਮ ਭਾਗੀਦਾਰੀ ਕੀਤੀ।



## ਨਿਹਾਲੂਵਾਲ ਢਾਬੇ ਨੇੜੇ ਟਰਾਲੇ ਦੀ ਲਪੇਟ 'ਚ ਆਉਣ ਨਾਲ ਹਾਕੀ ਖਿਡਾਰੀ ਦੀ ਮੌਤ, ਦੂਜਾ ਜ਼ਖ਼ਮੀ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਪਿੰਡ ਨਿਹਾਲੂਵਾਲ (ਬਰਨਾਲਾ) ਨੇੜੇ ਵਾਪਰੇ ਦਰਦਨਾਕ ਹਾਦਸੇ 'ਚ ਇਕ ਨੌਜਵਾਨ ਹਾਕੀ ਖਿਡਾਰੀ ਦੀ ਮੌਤ ਅਤੇ ਉਸ ਦੇ ਸਾਥੀ ਦੇ ਜ਼ਖ਼ਮੀ ਹੋਣ ਦੀ ਖਬਰ ਮਿਲੀ ਹੈ।ਇਹ ਦੋਵੇਂ ਹਾਕੀ ਖਿਡਾਰੀ ਪਿੰਡ ਛੀਨੀਵਾਲ ਕਲਾਂ ਨਾਲ ਸਬੰਧਤ ਦੱਸੇ ਜਾ ਰਹੇ ਹਨ, ਜੋ ਬੀਤੀ ਰਾਤ ਰਾਏਕੋਟ ਏਰੀਏ 'ਚ ਖੇਡ ਮੇਲੇ ਦੌਰਾਨ ਹਾਕੀ ਦੇ ਮੈਚ 'ਚ ਭਾਗ ਲੈਣ ਉਪਰੰਤ ਮੋਟਰਸਾਈਕਲ ਉਪਰ ਸਵਾਰ ਹੋ ਕੇ ਆਪਣੇ ਘਰ ਪਿੰਡ ਛੀਨੀਵਾਲ ਕਲਾਂ ਨੂੰ ਵਾਪਸ ਆ ਰਹੇ ਸਨ ਕਿ ਰਸਤੇ 'ਚ ਲੁਧਿਆਣਾ-ਬਠਿੰਡਾ ਮੁੱਖ ਮਾਰਗ 'ਤੇ ਪਿੰਡ ਨਿਹਾਲੂਵਾਲ ਢਾਬੇ ਨੇੜੇ ਪਹੁੰਚਣ 'ਤੇ ਬੱਜਰੀ ਨਾਲ ਭਰੇ ਟਰਾਲੇ ਨੇ ਮੋਟਰਸਾਈਕਲ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਇਸ ਭਿਆਨਕ ਹਾਦਸੇ 'ਚ ਇੱਕ ਨੌਜਵਾਨ ਖਿਡਾਰੀ ਦੀ ਮੌਕੇ 'ਤੇ ਮੌਤ ਹੋ ਗਈ, ਜਦ ਕਿ ਉਸ ਦਾ ਸਾਥੀ ਜ਼ਖ਼ਮੀ ਹੋ ਗਿਆ।ਮ੍ਰਿਤਕ ਨੌਜਵਾਨ ਦੀ ਪਛਾਣ ਗੁਰਵਿੰਦਰ ਸਿੰਘ (22) ਪੁੱਤਰ ਸੋਹਣ ਸਿੰਘ ਵਾਸੀ ਛੀਨੀਵਾਲ ਕਲਾਂ ਵਜੋਂ ਹੋਈ ਹੈ, ਜੋ ਮਾਪਿਆਂ ਦਾ ਇਕਲੌਤਾ ਪੁੱਤਰ ਸੀ।ਲੱਤ ਟੁੱਟ ਜਾਣ ਕਾਰਨ ਜ਼ਖ਼ਮੀ ਹੋਏ ਹਰਪ੍ਰੀਤ ਸਿੰਘ ਪੁੱਤਰ ਨਿਰਮਲ ਸਿੰਘ ਛੀਨੀਵਾਲ ਕਲਾਂ ਨੂੰ ਇਲਾਜ ਲਈ ਬਰਨਾਲਾ ਦੇ ਇੱਕ ਨਿੱਜੀ ਹਸਪਤਾਲ 'ਚ ਦਾਖਲ ਕਰਾਇਆ ਗਿਆ ਹੈ, ਜਿਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਮੁੱਖ ਅਫ਼ਸਰ ਸਰਬਜੀਤ ਸਿੰਘ ਰੰਗੀਆਂ ਦੀ ਅਗਵਾਈ ਹੇਠ ਪੁਲਸ ਪਾਰਟੀ ਨੇ ਸਥਿਤੀ ਦਾ ਜਾਇਜ਼ਾ ਲੈਣ ਉਪਰੰਤ ਟਰਾਲੇ ਤੇ ਨੌਜਵਾਨ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।



## ਵਪਾਰੀਆਂ ਲਈ ਸਮਾਂਬੱਧ ਤੇ ਜਵਾਬਦੇਹ ਸ਼ਿਕਾਇਤ ਨਿਵਾਰਨ ਪ੍ਰਣਾਲੀ ਜਲਦ : ਚੀਮਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਭਗਵੰਤ ਮਾਨ ਸਰਕਾਰ ਨੇ ਸੂਬੇ ਦੇ ਵਪਾਰੀ ਭਾਈਚਾਰੇ ਨੂੰ ਮਜ਼ਬੂਤ ਕਰਨ ਅਤੇ ਛੋਟੇ ਵਪਾਰੀਆਂ, ਦੁਕਾਨਦਾਰਾਂ ਤੇ ਉੱਦਮੀਆਂ ਲਈ ਕਾਰੋਬਾਰੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਦੇ ਉਦੇਸ਼ ਨਾਲ ਪੰਜਾਬ ਟ੍ਰੇਡ ਕਮਿਸ਼ਨ ਦੇ ਗਠਨ ਦਾ ਐਲਾਨ ਕੀਤਾ ਹੈ।ਪੰਜਾਬ ਦੇ ਵਿੱਤ, ਆਬਕਾਰੀ ਤੇ ਕਰ ਅਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਦੀ ਆਰਥਿਕਤਾ ਨੂੰ ਚਲਾਉਣ ਵਾਲੇ ਲੋਕਾਂ ਲਈ ਸ਼ਾਸਨ ਨੂੰ ਵਧੇਰੇ ਪਹੁੰਚਯੋਗ ਅਤੇ ਜਵਾਬਦੇਹ ਬਣਾਉਣ ਦੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਵਪਾਰੀਆਂ ਨੂੰ ਰੁਟੀਨ ਦੀਆਂ ਪ੍ਰਵਾਨਗੀਆਂ, ਵਿਭਾਗੀ ਕਲੀਅਰੈਂਸ ਤੇ ਰੋਜ਼ਾਨਾ ਕਾਰੋਬਾਰੀ ਕੰਮਾਂ ਲਈ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ।ਸਾਲਾਂ ਤੋਂ ਛੋਟੇ ਵਪਾਰੀਆਂ ਤੇ ਦੁਕਾਨਦਾਰਾਂ ਨੂੰ ਮਾਮੂਲੀ ਮੁੱਦਿਆਂ ਲਈ ਵੀ ਕਈ ਦਫ਼ਤਰਾਂ ਵਿਚਾਲੇ ਭੱਜ-ਦੌੜ ਕਰਕੇ ਆਪਣਾ ਕੀਮਤੀ ਸਮਾਂ ਬਰਬਾਦ ਕਰਨ ਲਈ ਮਜਬੂਰ ਕੀਤਾ ਜਾਂਦਾ ਰਿਹਾ ਹੈ।ਇਹ ਬਦਲਣਾ ਚਾਹੀਦਾ ਹੈ, ਤੇ ਮੌਜੂਦਾ ਸਰਕਾਰ ਇਸ ਨੂੰ ਬਦਲਣ ਲਈ ਦ੍ਰਿੜ ਹੈ।ਪੰਜਾਬ ਦੇ ਮੰਤਰੀ ਨੇ ਕਿਹਾ ਕਿ ਪੰਜਾਬ ਟ੍ਰੇਡ ਕਮਿਸ਼ਨ ਵਪਾਰੀ ਭਾਈਚਾਰੇ ਦੇ ਸਮੇਂ, ਮਿਹਨਤ ਅਤੇ ਪੈਸੇ ਦੀ ਬਚਤ ਕਰਨ ਲਈ ਇੱਕ ਸਮਰਪਿਤ ਪਲੇਟਫਾਰਮ ਵਜੋਂ ਕੰਮ ਕਰੇਗਾ।ਇਹ ਉਨ੍ਹਾਂ ਦੇ ਮੁੱਦਿਆਂ ਦੇ ਤੇਜ਼ ਤੇ ਸੁਚਾਰੂ ਹੱਲ ਲਈ ਇੱਕ ਸੰਗਠਿਤ ਪ੍ਰਣਾਲੀ, ਸਪੱਸ਼ਟ ਜਵਾਬਦੇਹੀ ਅਤੇ ਸਮਾਂਬੱਧ ਹੱਲ ਪ੍ਰਦਾਨ ਕਰੇਗਾ ਤਾਂ ਜੋ ਸਮੱਸਿਆਵਾਂ ਨੂੰ ਅਣਮਿੱਥੇ ਸਮੇਂ ਲਈ ਲਟਕਦਾ ਨਾ ਛੱਡਿਆ ਜਾਵੇ।ਇਸ ਪਹਿਲਕਦਮੀ ਦੀ ਤਿਆਰੀ ਵਜੋਂ ਫ਼ਰੀਦਕੋਟ, ਫ਼ਤਹਿਗੜ੍ਹ ਸਾਹਿਬ, ਲੁਧਿਆਣਾ, ਮੋਗਾ, ਮਲੇਰਕੋਟਲਾ, ਪਟਿਆਲਾ, ਰੂਪਨਗਰ, ਸੰਗਰੂਰ, ਬਰਨਾਲਾ ਅਤੇ ਬਠਿੰਡਾ ਵਿੱਚ ਸਮੀਖਿਆ ਮੀਟਿੰਗਾਂ ਕੀਤੀਆਂ ਗਈਆਂ।ਇਨ੍ਹਾਂ ਮੀਟਿੰਗਾਂ ਵਿੱਚ ਸਰਕਾਰੀ ਨੁਮਾਇੰਦਿਆਂ, ਸਥਾਨਕ ਪ੍ਰਸ਼ਾਸਨ ਤੇ ਸਬੰਧਤ ਟੀਮਾਂ ਨੇ ਕਮਿਸ਼ਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਸਥਾਨਕ ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ ਤੇ ਵਪਾਰੀਆਂ ਨਾਲ ਕਾਰਜਸ਼ੀਲ ਰੂਪ-ਰੇਖਾ ਤੇ ਜ਼ਿਲ੍ਹਾ ਪੱਧਰੀ ਤਾਲਮੇਲ ਬਾਰੇ ਚਰਚਾ ਕੀਤੀ।

## ਹੈਰੋਇਨ ਸਮੇਤ ਦੋ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਥਾਣਾ ਸਦਰ ਤੇ ਥਾਣਾ ਮੱਲਾਂਵਾਲਾ ਪੁਲਿਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ 5 ਗ੍ਰਾਮ ਹੈਰੋਇਨ ਤੇ ਹੈਰੋਇਨ ਦੀ ਸਮੱਗਰੀ ਸਮੇਤ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਥਾਣਾ ਸਦਰ ਫਿਰੋਜ਼ਪੁਰ ਪੁਲਿਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਕਿਲੇ ਵਾਲਾ ਚੌਂਕ ਬੇਅਬਾਅਦ ਜਗ੍ਹਾ ਪਾਸ ਪੁੱਜੇ ਤਾਂ ਸਾਹਮਣੇ ਤੋਂ ਇਕ ਨੌਜਵਾਨ ਬਿੱਟੂ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਦੇਵੀ ਵਾਲਾ ਰੋਡ ਨੇੜੇ ਬੱਸ ਸਟੈਂਡ ਕੋਟਕਪੂਰਾ ਆਉਂਦਾ ਵਿਖਾਈ ਦਿੱਤਾ, ਜਿਸ ਨੇ ਪੁਲਸ ਪਾਰਟੀ ਨੂੰ ਵੇਖ ਕੇ ਆਪਣੀ ਪੈਂਟ ਦੀ ਸੱਜੀ ਜੇਬ ਵਿਚੋਂ ਇਕ ਪਾਰਦਰਸ਼ੀ ਮੋਮੀ ਲਿਫਾਫਾ ਹੇਠਾਂ ਸੁੱਟ ਦਿੱਤਾ। ਜਦ ਪੁਲਿਸ ਪਾਰਟੀ ਵੱਲੋਂ ਲਿਫ਼ਾਫ਼ਾ ਚੈੱਕ ਕੀਤਾ ਤਾਂ ਉਸ ਵਿਚੋਂ 5 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਮੱਲਾਂਵਾਲਾ ਪੁਲਸ ਦੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਸਮੇਤ ਸਾਥੀ ਕ੍ਰਮਚਾਰੀਆਂ ਦੇ ਗਸ਼ਤ ਲਈ ਰਵਾਨਾ ਸੀ ਤਾਂ ਜਦ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਗੁਰਦਿੱਤੀ ਵਾਲਾ ਹੈੱਡ ਨਹਿਰ ਦੀ ਪੱਟੜੀ 'ਤੇ ਪੁੱਜੀ ਤਾਂ ਇਕ ਮੋਨਾ ਨੌਜਵਾਨ ਕੁੱਝ ਸੁੰਘ ਰਿਹਾ ਸੀ ਦਿਖਾਈ ਦਿੱਤਾ, ਜਿਸ ਨੂੰ ਕਾਬੂ ਕਰਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 1 ਲਾਈਟਰ, 1 ਪੰਨੀ ਸਿਲਵਰ ਤੇ 1 ਪਾਇਪ ਪਲਾਸਟਿਕ ਬਰਾਮਦ ਹੋਇਆ। ਪੁਲਿਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ਼ ਮਾਮਲੇ ਦਰਜ ਕਰ ਲਏ ਗਏ ਹਨ।

...ਸ.ਫ਼ਾ 1 ਦੇ ਬਾਕੀ

### ਗਲਗੋਟੀਆਜ਼ ਯੂਨੀਵਰਸਿਟੀ ਦੀ ਕੁੱਤੇ-ਖਾਣੀ...

ਹੇਠ ਪ੍ਰਦਰਸ਼ਤ ਕੀਤਾ ਸੀ। ਭਾਰਤ ਮੰਡਪਮ ਵਿਖੇ ਹੋ ਰਹੇ ਇਸ ਸਮਾਗਮ ਵਿੱਚ ਇਹ ਰੋਬੋਟ ਆਪਣੀ ਚੁਸਤੀ ਅਤੇ ਹਰਕਤਾਂ ਕਾਰਨ ਸਭ ਦਾ ਧਿਆਨ ਖਿੱਚ ਰਿਹਾ ਸੀ; ਇਸ ਨੂੰ ਦਰਸ਼ਕਾਂ ਨਾਲ ਹੱਥ ਮਿਲਾਉਂਦੇ ਅਤੇ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕਰਦੇ ਦੇਖਿਆ ਗਿਆ, ਜਿਸ ਦੀਆਂ ਵੀਡੀਓਜ਼ ਵੀ ਕਾਫੀ ਵਾਇਰਲ ਹੋਈਆਂ। ਹਾਲਾਂਕਿ, ਤਕਨੀਕੀ ਮਾਹਰਾਂ ਅਤੇ ਆਨਲਾਈਨ ਨਿਗਰਾਨਾਂ ਨੇ ਜਲਦੀ ਹੀ ਪਛਾਣ ਕਰ ਲਈ ਕਿ ਇਹ ਰੋਬੋਟ ਅਸਲ ਵਿੱਚ ਚੀਨੀ ਰੋਬੋਟਿਕਸ ਕੰਪਨੀ 'ਯੂਨੀਟਰੀ' ਵੱਲੋਂ ਬਣਾਇਆ ਗਿਆ ਜੀਓ2 ਮਾਡਲ ਹੈ। ਯੂਨੀਵਰਸਿਟੀ 'ਤੇ ਇਲਜ਼ਾਮ ਲੱਗੇ ਕਿ ਉਨ੍ਹਾਂ ਨੇ ਇੱਕ ਬਾਜ਼ਾਰ ਵਿੱਚ ਆਮ ਮਿਲਣ ਵਾਲੀ ਚੀਨੀ ਮਸ਼ੀਨ ਨੂੰ ਆਪਣੀ ਸਵਦੇਸ਼ੀ ਤਕਨੀਕੀ ਪ੍ਰਾਪਤੀ ਵਜੋਂ ਪੇਸ਼ ਕਰਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਮਸ਼ੀਨ ਦੀ ਮਲਕੀਅਤ ਅਤੇ ਇਸ ਨੂੰ ਬਣਾਉਣ ਦੇ ਦਾਅਵਿਆਂ ਨੇ ਹੀ ਸਾਰਾ ਵਿਵਾਦ ਖੜ੍ਹਾ ਕੀਤਾ ਹੈ। ਇਹ ਪੂਰੀ ਘਟਨਾ ਭਾਰਤ ਵਿੱਚ 'ਸਵਦੇਸ਼ੀ ਤਕਨੀਕ' ਅਤੇ 'ਮੇਕ ਇਨ ਇੰਡੀਆ' ਦੇ ਪ੍ਰਚਾਰ ਦਰਮਿਆਨ ਇੱਕ ਵੱਡੀ ਬਹਿਸ ਦਾ ਵਿਸ਼ਾ ਬਣ ਗਈ ਹੈ। ਉਧਰ ਗਲਗੋਟੀਆਜ਼ ਯੂਨੀਵਰਸਿਟੀ ਨੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਸ ਨੇ ਕਦੇ ਵੀ ਇਹ ਦਾਅਵਾ ਨਹੀਂ ਕੀਤਾ ਕਿ ਇਹ ਰੋਬੋਟ ਉਸ ਦੀ ਆਪਣੀ ਕਾਢ ਹੈ। ਉਸ ਨੇ ਸਪੱਸ਼ਟ ਕੀਤਾ ਕਿ ਉਸ ਨੇ ਇਸ ਨੂੰ ਇੱਕ ਚੀਨੀ ਮਸ਼ੀਨ ਵਜੋਂ ਹੀ ਪਛਾਣਿਆ ਸੀ ਅਤੇ ਕੋਈ ਗਲਤ ਬਿਆਨੀ ਨਹੀਂ ਕੀਤੀ ਗਈ। ਰਾਹੁਲ ਗਾਂਧੀ ਅਤੇ ਕਾਂਗਰਸ ਪਾਰਟੀ ਨੇ ਇਸ ਮੁੱਦੇ ਨੂੰ ਲੈ ਕੇ ਕੇਂਦਰ ਸਰਕਾਰ ਅਤੇ ਯੂਨੀਵਰਸਿਟੀ 'ਤੇ ਤਿੱਖੇ ਹਮਲੇ ਕੀਤੇ ਹਨ। ਰਾਹੁਲ ਗਾਂਧੀ ਨੇ ਇਸ ਏ ਆਈ ਸੰਮੇਲਨ ਨੂੰ ਇੱਕ ਗੈਰ-ਸੰਗਠਤ ਪੀਆਰ ਤਮਾਸ਼ਾ ਕਰਾਰ ਦਿੰਦਿਆਂ ਕਿਹਾ ਕਿ ਭਾਰਤ ਦੀ ਪ੍ਰਤਿਭਾ ਅਤੇ ਡੇਟਾ ਦੀ ਵਰਤੋਂ ਕਰਨ ਦੀ ਬਜਾਏ, ਇੱਥੇ ਚੀਨੀ ਉਤਪਾਦਾਂ ਦੀ ਨੁਮਾਇਸ਼ ਲਗਾਈ ਜਾ ਰਹੀ ਹੈ।

ਉਨ੍ਹਾ ਇਹ ਵੀ ਦੋਸ਼ ਲਾਇਆ ਕਿ ਭਾਰਤੀ ਡੇਟਾ ਨੂੰ ਵੇਚਣ ਲਈ ਰੱਖਿਆ ਗਿਆ ਹੈ। ਕਾਂਗਰਸ ਪਾਰਟੀ ਨੇ ਅਧਿਕਾਰਤ ਤੌਰ 'ਤੇ ਕਿਹਾ ਕਿ ਮੋਦੀ ਸਰਕਾਰ ਨੇ ਏ ਆਈ ਦੇ ਖੇਤਰ ਵਿੱਚ ਭਾਰਤ ਦਾ ਵਿਸ਼ਵ ਪੱਧਰ 'ਤੇ ਮਜ਼ਾਕ ਉਡਾਇਆ ਹੈ। ਉਸ ਅਨੁਸਾਰ, ਚੀਨੀ ਮੀਡੀਆ ਨੇ ਵੀ ਇਸ ਘਟਨਾ ਨੂੰ ਲੈ ਕੇ ਭਾਰਤ ਦਾ ਮਜ਼ਾਕ ਉਡਾਇਆ ਹੈ, ਜੋ ਬੇਹੱਦ ਸ਼ਰਮਨਾਕ ਹੈ। ਪਾਰਟੀ ਨੇ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ 'ਤੇ ਵੀ ਦੋਸ਼ ਲਾਇਆ ਕਿ ਉਹ ਚੀਨੀ ਰੋਬੋਟਾਂ ਨੂੰ ਭਾਰਤੀ ਦੱਸ ਕੇ ਝੂਠ ਨੂੰ ਉਤਸ਼ਾਹਤ ਕਰ ਰਹੇ ਹਨ, ਜਿਸ ਨਾਲ ਦੇਸ਼ ਦੇ ਅਕਸ ਨੂੰ ਅਜਿਹਾ ਨੁਕਸਾਨ ਪਹੁੰਚਿਆ ਹੈ, ਜਿਸ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ।

### ਰਾਜੋਆਣਾ ਦੀ ਪਟੀਸ਼ਨ 'ਤੇ ਸੁਣਵਾਈ 14 ਮਾਰਚ ਨੂੰ...

ਅਪੀਲ ਵਿਚਾਰ ਅਧੀਨ ਹੈ। ਸਤੰਬਰ 2024 ਵਿੱਚ, ਕੋਰਟ ਨੇ ਰਾਜੋਆਣਾ ਦੀ ਪਟੀਸ਼ਨ 'ਤੇ ਕੇਂਦਰ, ਪੰਜਾਬ ਸਰਕਾਰ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਨ ਤੋਂ ਜਵਾਬ ਮੰਗਿਆ ਸੀ।

ਬੇਅੰਤ ਸਿੰਘ ਅਤੇ 16 ਹੋਰ 31 ਅਗਸਤ 1995 ਨੂੰ ਚੰਡੀਗੜ੍ਹ ਵਿੱਚ ਸਿਵਲ ਸਕੱਤਰੇਤ ਦੇ ਪ੍ਰਵੇਸ਼ ਦੁਆਰ 'ਤੇ ਹੋਏ ਧਮਾਕੇ ਵਿੱਚ ਮਾਰੇ ਗਏ ਸਨ। ਇੱਕ ਵਿਸ਼ੇਸ਼ ਅਦਾਲਤ ਨੇ ਜੁਲਾਈ 2007 ਵਿੱਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਰਾਜੋਆਣਾ ਦੀ ਪਟੀਸ਼ਨ ਵਿੱਚ ਉਸ ਦੀ ਰਿਹਾਈ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ।

3 ਮਈ, 2023 ਨੂੰ ਸੁਪਰੀਮ ਕੋਰਟ ਨੇ ਉਸ ਦੀ ਮੌਤ ਦੀ ਸਜ਼ਾ ਨੂੰ ਘੱਟ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਸਮਰੱਥ ਅਥਾਰਟੀ ਉਸ ਦੀ ਰਹਿਮ ਦੀ ਅਪੀਲ ਨਾਲ ਨਜਿੱਠ ਸਕਦੀ ਹੈ। ਆਪਣੀ ਨਵੀਂ ਪਟੀਸ਼ਨ ਵਿੱਚ, ਰਾਜੋਆਣਾ ਨੇ ਜੇਲ੍ਹ ਵਿੱਚ 28.8 ਸਾਲ ਕੱਟਣ ਦਾ ਜ਼ਿਕਰ ਕੀਤਾ ਹੈ, ਜਿਸ ਵਿੱਚੋਂ ਉਸ ਨੇ 15 ਸਾਲਾਂ ਤੋਂ ਵੱਧ ਸਮਾਂ ਫਾਂਸੀ ਦੀ ਸਜ਼ਾ ਵਾਲੇ ਕੈਦੀ ਵਜੋਂ ਬਿਤਾਇਆ ਹੈ।

ਉਸ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾਰਚ 2012 ਵਿੱਚ ਉਸ ਦੀ ਤਰਫੋਂ ਧਾਰਾ 72 ਦੇ ਤਹਿਤ ਰਹਿਮ ਦੀ ਅਪੀਲ ਦਾਇਰ ਕੀਤੀ ਸੀ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਸੁਪਰੀਮ ਕੋਰਟ ਵੱਲੋਂ ਸਮਰੱਥ ਅਥਾਰਟੀ ਨੂੰ ਉਸ ਦੀ ਤਰਫੋਂ ਦਾਇਰ ਰਹਿਮ ਦੀ ਅਪੀਲ ਨਾਲ ਨਜਿੱਠਣ ਅਤੇ ਅਗਲਾ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਜਾਣ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ। ਇਸ ਵਿੱਚ ਇੱਕ ਵੱਖਰੇ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਅਪਰੈਲ 2023 ਦੇ ਹੁਕਮ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਵਿੱਚ ਅਦਾਲਤ ਨੇ ਸਾਰੇ ਰਾਜਾਂ ਅਤੇ ਉਚਿੱਤ ਅਧਿਕਾਰੀਆਂ ਨੂੰ ਪੈਂਡਿੰਗ ਰਹਿਮ ਦੀਆਂ ਅਪੀਲਾਂ ਦਾ ਜਲਦੀ ਤੋਂ ਜਲਦੀ ਅਤੇ ਬਿਨਾਂ ਕਿਸੇ ਬੇਲੋੜੀ ਦੇਰੀ ਦੇ ਫੈਸਲਾ ਕਰਨ ਦਾ ਨਿਰਦੇਸ਼ ਦਿੱਤਾ ਸੀ।

### ਕਿਲ੍ਹਾ ਰਾਏਪੁਰ 'ਚ ਰਵਾਇਤੀ...

ਨਾਲ ਦੁਬਾਰਾ ਜੋੜੀਏ, ਖਾਸ ਕਰਕੇ ਅਜਿਹੇ ਸਮੇਂ ਵਿੱਚ ਜਦੋਂ ਗੀਲ੍ਹ ਸੱਭਿਆਚਾਰ ਅਤੇ ਡਿਜੀਟਲ ਭਟਕਣਾ ਨੇ ਉਨ੍ਹਾਂ ਨੂੰ ਅਸਲੀ ਪੰਜਾਬੀ ਜੜ੍ਹਾਂ ਤੋਂ ਦੂਰ ਕਰ ਦਿੱਤਾ ਹੈ।

ਇਸ ਤੋਂ ਪਹਿਲਾਂ ਦਿਨੇ ਪੰਜਾਬ ਸਰਕਾਰ ਦੇ ਸਟੇਟ ਮੀਡੀਆ ਹੈੱਡ ਬਲਤੇਜ ਪੰਨੂ ਨੇ ਪ੍ਰਬੰਧਕਾਂ ਅਤੇ ਦਰਸ਼ਕਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਦੀ ਸ਼ਲਾਘਾ ਕੀਤੀ, ਜਿਸ ਨਾਲ ਇਹਨਾਂ ਖੇਡਾਂ ਨੂੰ ਇੱਕ ਸ਼ਾਨਦਾਰ ਸਫਲਤਾ ਵਿੱਚ ਬਦਲਿਆ ਗਿਆ। ਉਨ੍ਹਾ ਇਸ ਗੱਲ 'ਤੇ ਚਾਨਣਾ ਪਾਇਆ ਕਿ ਕਿਵੇਂ ਬੈਲ ਗੱਡੀਆਂ ਦੀਆਂ ਦੌੜਾਂ ਦੀ ਮੁੜ ਸ਼ੁਰੂਆਤ ਨੇ ਪੰਜਾਬ ਭਰ ਵਿੱਚ ਇੱਕ ਤਾਜ਼ਾ ਖੇਡ ਭਾਵਨਾ ਭਰੀ ਹੈ, ਜਿਸ ਨਾਲ ਪੇਂਡੂ ਜੋਸ਼ ਅਤੇ ਸੱਭਿਆਚਾਰਕ ਪਛਾਣ ਦੇ ਪ੍ਰਤੀਕ ਵਜੋਂ ਪੇਂਡੂ ਉਲੰਪਿਕ ਕਿਲ੍ਹਾ ਰਾਏਪੁਰ ਦੀ ਸ਼ਾਨ ਨੂੰ ਬਹਾਲ ਕੀਤਾ ਗਿਆ ਹੈ। ਉਨ੍ਹਾ ਕਿਹਾ—ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਜ਼ਨ ਤਹਿਤ ਅਸੀਂ ਪਿਛਲੀਆਂ ਚੁਣੌਤੀਆਂ ਨੂੰ ਪਾਰ ਕਰਕੇ ਇਸ ਸ਼ਾਨਦਾਰ ਖੇਡਾਂ ਨੂੰ ਸਹੀ ਸੁਰੱਖਿਆ ਪ੍ਰਬੰਧਾਂ ਨਾਲ ਵਾਪਸ ਲਿਆਂਦਾ ਹੈ ਅਤੇ ਅੱਜ ਲੋਕਾਂ ਦੇ ਚਿਹਰਿਆਂ 'ਤੇ ਖੁਸ਼ੀ ਦੇਖ ਕੇ ਪਤਾ ਲੱਗਦਾ ਹੈ ਕਿ ਇਹ ਕੋਸ਼ਿਸ਼ ਸ਼ਲਾਘਾਯੋਗ ਹੈ।

### ਪੀ ਆਰ ਟੀ ਸੀ ਦਾ 15 ਜੂਨ 1992 ਤੋਂ...

ਅਦਾਲਤ ਨੇ ਕਿਹਾ ਕਿ ਐਡਹਾਕ, ਵਰਕਚਾਰਜ ਜਾਂ ਇਕਰਾਰਨਾਮੇ ਦੇ ਆਧਾਰ 'ਤੇ ਨਿਯੁਕਤ ਕਰਮਚਾਰੀਆਂ ਨੂੰ ਇਸ ਸ਼੍ਰੇਣੀ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ। ਇਸ ਲਈ 15 ਜੂਨ, 1992 ਤੋਂ ਬਾਅਦ ਨਿਯਮਤ ਕੀਤੇ ਗਏ ਕਰਮਚਾਰੀਆਂ ਨੂੰ ਨਿਯਮਾਂ ਤਹਿਤ 'ਨਵੇਂ ਰੈਗੂਲਰ ਕਰਮਚਾਰੀ' ਮੰਨਿਆ ਜਾਵੇਗਾ ਅਤੇ ਆਪਣੇ ਆਪ ਪੈਨਸ਼ਨ ਸਕੀਮ ਦੇ ਅਧੀਨ ਆ ਜਾਣਗੇ।ਬੈਂਚ ਨੇ ਇਹ ਵੀ ਕਿਹਾ ਕਿ 15 ਜੂਨ, 1992 ਤੋਂ ਬਾਅਦ ਰੈਗੂਲਰ ਕੀਤੇ ਗਏ ਕਰਮਚਾਰੀਆਂ ਤੋਂ ਵੱਖਰੇ ਬਦਲ ਭਰਨ ਦੀ ਉਮੀਦ ਕਰਨਾ ਨਿਯਮਾਂ ਦੀ ਭਾਵਨਾ ਦੇ ਉਲਟ ਹੈ। ਅਦਾਲਤ ਨੇ ਕਾਰਪੋਰੇਸ਼ਨ ਦੁਆਰਾ ਅਪਣਾਈਆਂ ਗਈਆਂ ਵੱਖੋ-ਵੱਖਰੀਆਂ ਵਿਆਖਿਆਵਾਂ 'ਤੇ ਵੀ ਇਹ ਕਹਿੰਦੇ ਹੋਏ ਸਵਾਲ ਉਠਾਇਆ ਕਿ ਸਮਾਨ ਹਾਲਾਤ ਵਿੱਚ ਬਹੁਤ ਸਾਰੇ ਹੋਰ ਕਰਮਚਾਰੀਆਂ ਨੂੰ ਪਹਿਲਾਂ ਹੀ ਪੈਨਸ਼ਨ ਸਕੀਮ ਦੇ ਲਾਭ ਦਿੱਤੇ ਜਾ ਚੁੱਕੇ ਹਨ ਅਤੇ ਪਟੀਸ਼ਨਰ ਨੂੰ ਇਸ ਤੋਂ ਇਨਕਾਰ ਕਰਨਾ ਪੱਖਪਾਤੀ ਹੈ।ਆਪਣੇ ਅੰਤਮ ਹੁਕਮ ਵਿੱਚ ਅਦਾਲਤ ਨੇ ਕਾਰਪੋਰੇਸ਼ਨ ਨੂੰ ਪਟੀਸ਼ਨਰ ਨੂੰ ਸਾਰੇ ਲਾਭ ਪ੍ਰਦਾਨ ਕਰਨ ਦਾ ਨਿਰਦੇਸ਼ ਦਿੱਤਾ, ਉਸ ਨੂੰ ਜੀ ਪੀ ਐੱਫ ਪੈਨਸ਼ਨ ਸਕੀਮ ਦਾ ਮੈਂਬਰ ਮੰਨਿਆ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕਰਮਚਾਰੀ ਤਿੰਨ ਮਹੀਨਿਆਂ ਦੇ ਅੰਦਰ ਮਾਲਕ ਵੱਲੋਂ ਜਮ੍ਹਾਂ ਕੀਤੇ ਗਏ ਕੰਟਰੀਬਿਊਟਰੀ ਪ੍ਰੋਵੀਡੈਂਟ ਫੰਡ (ਸੀ ਪੀ ਐੱਫ) ਯੋਗਦਾਨ ਨੂੰ ਵਾਪਸ ਕਰ ਦੇਵੇਗਾ, ਪਰ ਨਿਗਮ ਉਸ ਰਕਮ 'ਤੇ ਕੋਈ ਵਿਆਜ ਦਾਅਵਾ ਨਹੀਂ ਕਰ ਸਕੇਗੀ।

### ਦੋ ਕਿਸਾਨ ਆਗੂਆਂ ਦੀ ਜ਼ਮਾਨਤ...

ਕਿਸਾਨਾਂ ਨੂੰ ਥਾਂ-ਥਾਂ ਬੈਰੀਕੇਡ ਲਗਾ ਕੇ ਰੋਕਿਆ ਗਿਆ, ਜਿਸ ਕਾਰਨ ਕਿਸਾਨਾਂ ਨੇ ਹਾਈਵੇਅ ਅਤੇ ਹੋਰਨਾਂ ਥਾਵਾਂ 'ਤੇ ਹੀ ਧਰਨੇ ਲਗਾ ਦਿੱਤੇ। ਇਸੇ ਦੌਰਾਨ ਦੇਸ਼ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ ਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਸਾਨਾਂ ਨਾਲ ਕੀਤੀ ਗਈ ਸਖਤੀ ਦੀ ਸਖਤ ਨਿੰਦਾ ਕਰਦਿਆਂ ਗ੍ਰਿਫਤਾਰ ਮਰਦ ਤੇ ਮਹਿਲਾ ਕਿਸਾਨਾਂ ਨੂੰ ਤੁਰੰਤ ਰਿਹਾ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਸਭਨਾਂ ਜਮਹੂਰੀ ਤੇ ਲੋਕ-ਪੱਖੀ ਤਾਕਤਾਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ 27 ਫਰਵਰੀ ਨੂੰ ਬੱਬਰ ਅਕਾਲੀ ਲਹਿਰ ਦੀ ਸ਼ਤਾਬਦੀ ਮੁਹਿੰਮ ਦੇ ਆਗਾਜ਼ ਮੌਕੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਹੋ ਰਹੀ ਵਿਚਾਰ-ਚਰਚਾ ਵਿੱਚ ਸ਼ਾਮਲ ਹੋਣ ਲਈ ਹੁੰਮ-ਹੁੰਮਾਕੇ ਪੁੱਜਣ, ਜਿੱਥੇ ਕਿਸਾਨੀ ਸਣੇ ਸਭ ਸਵਾਲਾਂ ਨੂੰ ਬੱਬਰ ਅਕਾਲੀ ਲਹਿਰ ਦੀ ਪ੍ਰਸੰਗਿਕਤਾ ਨਾਲ ਜੋੜ ਕੇ ਵਿਚਾਰਿਆ ਜਾਵੇਗਾ।

### ਬੇਟੇ ਦੀ ਗਲਤੀ ਮੰਨਦਾਂ......

ਬਹੁਤ ਜ਼ਿਆਦਾ ਤਣਾਅ ਤੇ ਸਦਮੇ ਵਿੱਚ ਹੈ। ਮੁੰਡੇ ਦੀਆਂ ਬੋਰਡ ਪ੍ਰੀਖਿਆਵਾਂ ਹਨ ਅਤੇ ਉਹ ਧਿਆਨ ਕੇਂਦਰਤ ਕਰਨ ਵਿੱਚ ਅਸਮਰਥ ਹੈ। ਉਹ ਗੋਲਡ ਮੈਡਲ ਜੇਤੂ ਹੈ ਅਤੇ ਇਸ ਹਾਦਸੇ ਦਾ ਉਸ ਦੀ ਜ਼ਿੰਦਗੀ 'ਤੇ ਬਹੁਤ ਵੱਡਾ ਪ੍ਰਭਾਵ ਪਿਆ ਹੈ।

ਵਕੀਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮਾਮਲਾ ਅਜੇ ਜਾਂਚ ਅਧੀਨ ਹੈ ਅਤੇ ਬਚਾਅ ਪੱਖ ਇਹ ਸਵੀਕਾਰ ਨਹੀਂ ਕਰ ਰਿਹਾ ਕਿ ਨਾਬਾਲਗ ਗੱਡੀ ਚਲਾ ਰਿਹਾ ਸੀ। ਉਸ ਨੇ ਇਹ ਵੀ ਦਲੀਲ ਦਿੱਤੀ ਕਿ ਕਿਸ਼ੋਰ ਮੌਕੇ ਤੋਂ ਫਰਾਰ ਨਹੀਂ ਹੋਇਆ ਸੀ ਅਤੇ ਪਰਵਾਰ ਨੇ ਕੇਸ ਨੂੰ ਛੁਪਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਠਾਕੁਰ ਦੇ ਅਨੁਸਾਰ ਜੁਵੇਨਾਈਲ ਜਸਟਿਸ ਬੋਰਡ ਨੇ ਸ਼ੁਰੂ ਵਿੱਚ ਨਾਬਾਲਗ ਨੂੰ ਇੱਕ ਨਿਰੀਖਣ ਕੇਂਦਰ ਵਿੱਚ ਭੇਜਿਆ ਸੀ ਅਤੇ ਬਾਅਦ ਵਿੱਚ 10 ਫਰਵਰੀ ਨੂੰ ਅੰਤਰਮ ਜ਼ਮਾਨਤ ਦੇ ਦਿੱਤੀ ਸੀ, ਤਾਂ ਜੋ ਉਸ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ।

ਠਾਕੁਰ ਨੇ ਅੱਗੇ ਦਾਅਵਾ ਕੀਤਾ ਕਿ ਪਰਵਾਰ ਨੂੰ ਲਗਭਗ 1,400 ਧਮਕੀ ਭਰੀਆਂ ਕਾਲਾਂ ਆਈਆਂ ਹਨ ਅਤੇ ਮੀਡੀਆ ਨੂੰ ਅਪੀਲ ਕੀਤੀ ਕਿ ਉਹ ਜਿਸ ਨੂੰ 'ਮੀਡੀਆ ਟਰਾਇਲ' ਕਹਿੰਦੇ ਹਨ, ਉਸ ਤੋਂ ਬਚਣ, ਕਿਉਂਕਿ ਦਬਾਅ ਕਾਰਨ ਨਾਬਾਲਗ ਦੀ ਮਾਨਸਕ ਸਿਹਤ ਲਈ ਗੰਭੀਰ ਸਿੱਟੇ ਨਿਕਲ ਸਕਦੇ ਹਨ। ਮਾਮਲੇ ਦੀ ਜਾਂਚ ਜਾਰੀ ਹੈ, ਕਿਉਂਕਿ ਦੋਵੇਂ ਪਰਵਾਰ ਤਣਾਅ ਨਾਲ ਜੂਝ ਰਹੇ ਹਨ।

### ਉਜਾੜ 'ਚ ਸੁੱਟੀ ਲਾਸ਼ ਦੇ ਮਾਮਲੇ 'ਚ 3 ਫੜੇ...

ਦੀ ਕਾਰ ਦੀ ਟੱਕਰ ਨਾਲ ਜ਼ਖ਼ਮੀ ਹੋ ਗਿਆ ਸੀ ਅਤੇ ਇੱਕ ਨਿੱਜੀ ਕਲੀਨਿਕ ਤੋਂ ਕਿਸੇ ਮਲਟੀਸਪੈਸ਼ਲਿਟੀ ਹਸਪਤਾਲ ਵਿੱਚ ਲਿਜਾਂਦੇ ਸਮੇਂ ਉਸ ਨੇ ਦਮ ਤੋੜ ਦਿੱਤਾ ਸੀ। ਪੁਲਸ ਕਾਰਵਾਈ ਤੋਂ ਬਚਣ ਦੇ ਇਰਾਦੇ ਨਾਲ ਲਾਸ਼ ਨੂੰ ਉੱਥੇ ਸੁੱਟ ਦਿੱਤਾ ਸੀ। ਐੱਸ ਐੱਚ ਓ ਜੋਧਾਂ ਸਾਹਿਬ ਮੀਤ ਸਿੰਘ ਨੇ ਕਿਹਾ ਕਿ ਮੌਤ ਦੇ ਅਸਲ ਕਾਰਨ ਅਤੇ ਸ਼ੱਕੀਆਂ ਵੱਲੋਂ ਸੁਣਾਈ ਗਈ ਕਹਾਣੀ ਦੀ ਸੱਚਾਈ ਪੋਸਟਮਾਰਟਮ ਰਿਪੋਰਟ ਮਿਲਣ ਤੋਂ ਬਾਅਦ ਹੀ ਸਪੱਸ਼ਟ ਹੋ ਸਕੇਗੀ।

ਮ੍ਰਿਤਕ ਅਤੇ ਸ਼ੱਕੀਆਂ ਦੀ ਪਛਾਣ ਕਰਨਾ ਚੁਣੌਤੀਪੂਰਨ ਕੰਮ ਸੀ ਕਿਉਂਕਿ ਮੁਲਜ਼ਮਾਂ ਨੇ ਕਥਿਤ ਤੌਰ 'ਤੇ ਲਾਸ਼ ਸੁੱਟਣ ਤੋਂ ਪਹਿਲਾਂ ਮ੍ਰਿਤਕ ਦੀਆਂ ਜੇਬਾਂ ਵਿੱਚੋਂ ਉਸ ਦੇ ਪਛਾਣ ਪੱਤਰ ਕੱਢ ਕੇ ਸਬੂਤ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ ਸੀ।

### ਹਿਮਾਚਲ 'ਚ ਮੌਸਮ ਦਾ ਮਿਜ਼ਾਜ ...

ਕੱਪੜਿਆਂ ਅਤੇ ਹੀਟਰਾਂ ਦਾ ਸਹਾਰਾ ਲੈਣਾ ਪਿਆ। ਲਾਹੌਲ-ਸਪੀਤੀ, ਕਿਨੌਰ, ਕੁੱਲੂ ਅਤੇ ਚੰਬਾ ਦੀਆਂ ਉੱਚੀਆਂ ਚੋਟੀਆਂ 'ਤੇ ਹਲਕੀ ਬਰਫਬਾਰੀ ਕਾਰਨ ਸੀਤ ਲਹਿਰ ਵਰਗੇ ਹਾਲਾਤ ਬਣ ਗਏ। ਕਈ ਥਾਵਾਂ 'ਤੇ ਦਿਨ-ਭਰ ਬੱਦਲ ਛਾਏ ਰਹਿਣ ਕਾਰਨ ਧੁੱਪ ਦਾ ਅਸਰ ਬਹੁਤ ਘੱਟ ਰਿਹਾ। ਮੌਸਮ ਵਿਭਾਗ ਦੇ ਅਨੁਸਾਰ 19 ਤੋਂ 22 ਫਰਵਰੀ ਤੱਕ ਜ਼ਿਆਦਾਤਰ ਇਲਾਕਿਆਂ ਵਿੱਚ ਮੌਸਮ ਆਮ ਤੌਰ 'ਤੇ ਖੁਸ਼ਕ ਰਹਿਣ ਦੀ ਉਮੀਦ ਹੈ। 23 ਫਰਵਰੀ ਨੂੰ ਇੱਕ ਨਵੀਂ ਪੱਛਮੀ ਗੜਬੜੀ ਦੇ ਸਰਗਰਮ ਹੋਣ ਦੀ ਉਮੀਦ ਹੈ, ਜਿਸ ਨਾਲ ਉੱਚੇ ਖੇਤਰਾਂ 'ਚ ਹਲਕੀ ਬਰਫਬਾਰੀ ਅਤੇ ਬਾਰਿਸ਼ ਹੋ ਸਕਦੀ ਹੈ। ਸੈਲਾਨੀਆਂ ਅਤੇ ਸਥਾਨਕ ਲੋਕਾਂ ਨੂੰ ਉਚਾਈ ਵਾਲੇ ਇਲਾਕਿਆਂ ਵਿੱਚ ਜਾਣ ਸਮੇਂ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਗਈ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

19-Feb-PAGE-3.qxd 2/18/2026 9:21 PM Page 1



# ਡੀਸੀ ਦਫਤਰ ਤਰਨਤਾਰਨ ਅੱਗੇ ਟਰੰਪ ਤੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ

**ਪੱਟੀ, (ਬਲਦੇਵ ਸਿੰਘ ਸੰਧੂ)**

ਕਿਸਾਨ ਗੈਰ ਰਾਜਨੀਤਿਕ ਮੋਰਚੇ ਵੱਲੋਂ ਦਿੱਤੀ ਗਈ 17 ਤਰੀਕ ਦੀ ਕਾਲ ਨੂੰ ਲੈ ਕੇ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਅਤੇ ਭਾਰਤੀ ਕਿਸਾਨ ਯੂਨੀਅਨ ਖੋਸਾ ਅਤੇ ਹੋਰ ਪੁਰਾਤਨ ਜਥੇਬੰਦੀਆਂ ਵੱਲੋਂ ਡੀਸੀ ਦਫਤਰ ਤਰਨ ਤਾਰਨ ਦੇ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਟਰੰਪ ਅਤੇ ਮੋਦੀ ਅਤੇ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ ਗਿਆ। ਇਸ ਉਪਰੰਤ ਗੱਲਬਾਤ ਕਰਦੇ ਹੋਏ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਸੂਬਾ ਜਨਰਲ ਸਕੱਤਰ ਸੁੱਚਾ ਸਿੰਘ ਲੱਧੂ ਅਤੇ ਸੂਬਾ ਵਿੱਤ ਸਕੱਤਰ ਸਾਹਿਬ ਸਿੰਘ ਸਭਰਾ, ਸੂਬਾ ਮੀਤ ਪ੍ਰਧਾਨ ਸੁਖਵੰਤ ਸਿੰਘ ਦੁਬਲੀ, ਸੂਬਾ ਸਲਾਹਕਾਰ ਕਾਰਜ ਸਿੰਘ ਘਰਿਆਲਾ, ਜਿਲਾ ਤਰਨ ਤਾਰਨ ਦੇ ਪ੍ਰਧਾਨ ਬਾਬਾ ਪ੍ਰਗਟ ਸਿੰਘ ਪਰਿਗੜੀ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕਰ ਮੁਕਤ ਵਪਾਰ ਅਤੇ ਬਿਜਲੀ ਸੋਧ ਬਿੱਲ 2025 ਅਤੇ ਬੀਜ ਐਕਟ 2025 ਅਤੇ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਭਾਰਤ 17 ਦੀ ਕਾਲ ਤੇ ਵੱਖ ਵੱਖ ਰਾਜਾਂ 'ਚ ਮੋਦੀ ਸਰਕਾਰ ਟਰੰਪ ਅਤੇ ਪੰਜਾਬ ਸਰਕਾਰ ਦੇ ਪੰਜਾਬ ਭਰ ਡੀਸੀ ਹੈੱਡ ਕੁਆਰਟਰਾਂ ਦੇ ਪੁਤਲੇ ਫੂਕੇ ਗਏ। ਉਨਾਂ ਕਿਹਾ ਕਿ ਪੰਜਾਬ ਸਰਕਾਰ ਲਗਾਤਾਰ ਕਿਸਾਨਾਂ ਮਜ਼ਦੂਰਾਂ ਨਾਲ ਧਰੋ ਕਰ ਰਹੀ ਹੈ ਅਤੇ ਅਜੇ ਤੱਕ ਪੰਜਾਬ ਸਰਕਾਰ ਨੇ ਹੜਾਂ ਦੌਰਾਨ ਹੋਏ ਨੁਕਸਾਨ ਦੇ ਜਿੱਥੇ ਮੁਆਵਜ਼ ਨਹੀਂ ਦਿੱਤੇ ਉਥੇ ਹੀ ਕੇਂਦਰ ਸਰਕਾਰ ਦੀ ਸ਼ਹਿ 'ਤੇ ਪਿੰਡਾਂ ਵਿੱਚ ਚਿੱਪ ਵਾਲੇ ਮੀਟਰ ਧੜਾ ਧੜ ਲਵਾਰ ਰਹੀ ਹੈ। ਜੋ ਕਿਸਾਨ ਜਥੇਬੰਦੀਆਂ ਕਦੇ ਬਰਦਾਸ਼ ਨਹੀਂ ਕਰਨਗੀਆਂ ਅਤੇ ਇਸੇ ਗੱਲ ਨੂੰ ਲੈ ਕੇ ਸੰਯੁਕਤ ਕਿਸਾਨ ਗੈਰ ਰਾਜਨੀਤਿਕ ਮੋਰਚੇ ਵੱਲੋਂ 17 ਤਰੀਕ ਦੀ ਦਿੱਤੀ ਗਈ ਕਾਲ ਨੂੰ ਲੈ ਕੇ ਕਿ ਡੀਸੀ ਦਫਤਰਾਂ ਸਾਹਮਣੇ ਟਰੰਪ ਮੋਦੀ ਅਤੇ ਭਗਵੰਤ ਮਾਨ ਸਰਕਾਰ ਦੇ ਪੁਤਲੇ ਸਾੜਨੇ ਹਨ ਅਤੇ ਇਸੇ ਨੂੰ ਲੈ ਕੇ ਉਨ੍ਹਾਂ ਵੱਲੋਂ ਇਹ ਰੋਸ ਪ੍ਰਦਰਸ਼ਨ ਕਰਕੇ ਪੁਤਲੇ ਸਾੜੇ ਗਏ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਕੀਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਇਹ ਸੰਘਰਸ਼ ਹੋਰ ਤੇਜ਼ ਕੀਤੇ ਜਾਣਗੇ। ਇਸ ਮੌਕੇ ਜ਼ੋਨ ਪ੍ਰਧਾਨ ਹਰਜੀਤ ਸਿੰਘ ਜੌਹਲ, ਕਾਰਜ ਸਿੰਘ ਵਰਿਆਂਹ, ਮੁਖਤਿਆਰ ਸਿੰਘ ਤਲਵੰਡੀ, ਰਾਜਬੀਰ ਸਿੰਘ ਤਲਵੰਡੀ, ਮਾਸਟਰ ਸੁਖਜਿੰਦਰ ਸਿੰਘ, ਕਸ਼ਮੀਰ ਸਿੰਘ, ਬੁੱਧ ਸਿੰਘ, ਕਸ਼ਮੀਰ ਸਿੰਘ ਕੋਟਲੀ, ਦਲਜੀਤ ਸਿੰਘ, ਸਤਨਾਮ ਸਿੰਘ, ਇਕਾਈ ਪ੍ਰਧਾਨ ਬੱਬੂ ਸਭਰਾ ਆਦਿ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਆਦਿ ਹਾਜ਼ਰ ਸਨ।



# ਅਧਿਆਪਕ ਜਥੇਬੰਦੀਆਂ ਨੇ ਟੈੱਟ ਦੀ ਪ੍ਰੀਖਿਆ ਖ਼ਿਲਾਫ਼ ਕੀਤਾ ਸੰਘਰਸ਼ ਦਾ ਐਲਾਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਪਹਿਲੀ ਅਧਿਆਪਕ ਯੋਗਤਾ ਪ੍ਰੀਖਿਆ (ਟੀ ਈ ਟੀ) ਹੋਣ ਤੋਂ ਪਹਿਲਾਂ ਨਿਯੁਕਤ ਹੋਏ ਅਧਿਆਪਕਾਂ ਉੱਪਰ ਟੀ ਈ ਟੀ ਦੀ ਲੱਗੀ ਸ਼ਰਤ ਨੂੰ ਹਟਵਾਉਣ ਲਈ ਸੁਹਿਰਦ ਯਤਨ ਕਰਨ ਦੀ ਥਾਂ ਟੀ ਈ ਟੀ ਤੋਂ ਬਿਨਾਂ ਅਧਿਆਪਕਾਂ ਦੀਆਂ ਤਰੱਕੀਆਂ ਨਾ ਕਰਨ ਦੇ ਫੈਸਲੇ ਦੀ ਸਮੂਹ ਅਧਿਆਪਕ ਜਥੇਬੰਦੀਆਂ ਨੇ ਸਖ਼ਤ ਨਿਖੇਧੀ ਕੀਤੀ ਹੈ। ਅਧਿਆਪਕਾਂ ਦੇ ਹਿੱਤਾਂ ਤੇ ਕੁਦਰਤੀ ਨਿਆਂ ਦੀ ਅਣਦੇਖੀ ਕਰਕੇ ਹੋਏ ਕਾਨੂੰਨੀ ਫੈਸਲੇ ਨੂੰ ਪੰਜਾਬ ਵਿੱਚ ਵੱਲੋਂ ਲਾਗੂ ਕਰਨ ਦਾ ਡੱਟਵਾਂ ਵਿਰੋਧ ਕਰਨ ਲਈ 22 ਫਰਵਰੀ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਚੋਣ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 15 ਅਧਿਆਪਕ ਜਥੇਬੰਦੀਆਂ ਦੀ ਸਾਂਝੀ ਸੂਬਾਈ ਰੈਲੀ ਦਾ ਵੱਡੀ ਗਿਣਤੀ ਨਾਲ ਹਿੱਸਾ ਬਣਨ ਦਾ ਐਲਾਨ ਵੀ ਕੀਤਾ ਹੈ।

# ਕੈਬਨਿਟ ਮੰਤਰੀ ਕਟਾਰੂਚੱਕ ਨੇ ਕਿਸਾਨਾਂ ਨੂੰ ਜ਼ਮੀਨ ਦੇ ਮੁਆਵਜ਼ੇ ਦੇ ਚੈੱਕ ਵੰਡੇ

**ਪਠਾਨਕੋਟ (ਦਵਿੰਦਰ ਸਿੰਘ)**

ਭੂ ਜਲ ਦੀ ਰੱਖਿਆ ਕਰਨ ਅਤੇ ਨਹਿਰੀ ਪਾਣੀ ਦੇ ਨਾਲ ਫਸਲਾਂ ਦੀ ਸਿੰਚਾਈ ਕਰਨ ਦੇ ਉਦੇਸ਼ ਨਾਲ ਜੋ ਨਾਲਾ (ਖਾਲ) ਗੁਲਪੁਰ ਸਿੰਬਲੀ ਤੋਂ ਕੱਢੀ ਜਾ ਰਹੀ ਹੈ ਇਸ ਨਾਲ ਕਿਸਾਨਾਂ ਨੂੰ ਬਹੁਤ ਵੱਡਾ ਲਾਭ ਹੋਵੇਗਾ ਅਤੇ ਜਿਨ੍ਹਾਂ ਲੋਕਾਂ ਦੀ ਜ਼ਮੀਨ ਇਸ ਪ੍ਰੋਜੈਕਟ ਦੇ ਅੰਦਰ ਆਈ ਹੈ ਉਨ੍ਹਾਂ ਨੂੰ ਉਨਾਂ ਦੀ ਬਣਦੀ ਰਾਸ਼ੀ ਦੇ ਚੈੱਕ ਭੇਟ ਕੀਤੇ ਗਏ ਹਨ। ਇਹ ਪ੍ਰਗਟਾਵਾ ਸ਼੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਧਲੌਰੀਆਂ ਵਿਖੇ ਆਯੋਜਿਤ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਕੇਸ਼ ਮੀਨਾ ਐੱਸਡੀਐੱਮ ਪਠਾਨਕੋਟ, ਪਵਨ ਕੁਮਾਰ ਫੌਜੀ ਸੰਗਠਨ ਇੰਚਾਰਜ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਸਰਪੰਚ ਧਲੋਰੀਆਂ ਵਰਿੰਦਰ ਕੁਮਾਰ, ਸਰਪੰਚ ਡਿਬਕੂ ਰਵਿੰਦਰ ਕੁਮਾਰ, ਐੱਸਡੀਓ ਇਰੀਗੇਸ਼ਨ ਮੋਹਿਤ ਕੁਮਾਰ, ਜੇ ਈ ਇਰੀਗੇਸ਼ਨ ਕੌਸ਼ਲ ਕੁਮਾਰ, ਹੇਮ ਰਾਜ ਮੈਂਬਰ ਪੰਚਾਇਤ ਕਟਾਰੂ ਚੱਕ, ਭੁਪਿੰਦਰ ਸਿੰਘ ਮੈਂਬਰ ਪੰਚਾਇਤ ਕਟਾਰੂਚੱਕ, ਰੋਹਿਤ ਠਾਕੁਰ, ਪਿਆਰਾ ਸਿੰਘ, ਗੁਰਮੀਤ ਸਿੰਘ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਅਤੇ ਅਹੁਦੇਦਾਰ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਯੂਬੀਡੀਸੀ ਨਹਿਰ ਵਿੱਚੋਂ ਨਿਕਲਣ ਵਾਲਾ ਨਾਲਾ ਜੋ ਕਿ ਕਰੀਬ ਸੱਤ ਅੱਠ ਪਿੰਡਾਂ ਦੇ ਨਾਲ ਸੰਬੰਧਿਤ ਹੈ ਅਤੇ ਜਿਸ ਨੂੰ ਗੁਲਪੁਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਕੁਦਰਤੀ ਪਾਣੀ ਨਾਲ ਪਹਿਲਾ ਲੋਕ ਸਿੰਚਾਈ ਕਰਦੇ ਸਨ ਅਤੇ ਇਹ ਨਾਲਾ ਕਲਾਨੌਰ ਤੱਕ ਜਾਂਦਾ ਸੀ। ਉਨ੍ਹਾਂ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਸ ਨਾਲੇ ਨੂੰ ਪੱਕਿਆਂ ਕਰਨ ਦੀ ਜੋ ਯੋਜਨਾ ਹੈ ਇਹ ਖੇਤਰ ਵਾਸੀਆਂ ਦੇ ਲਈ ਇੱਕ ਬਹੁਤ ਵੱਡਾ ਗਿਫਟ ਹੈ ਜਿਸ ਅਧੀਨ ਪਹਿਲੇ ਪੜਾਅ ਵਿੱਚ ਕਰੀਬ 3.5 ਕਿਲੋਮੀਟਰ ਇਸ ਖਾਲ ਨੂੰ ਪੱਕਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਹ ਖਾਲ ਜ਼ਮੀਨ ਤੋਂ 29 ਫੁੱਟ ਚੌੜਾ ਹੋਵੇਗਾ ਅਤੇ ਉਪਰੋਂ ਇਹ 40 ਫੁੱਟ ਚੌੜਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਖਾਲ ਦੇ ਨਿਰਮਾਣ ਨੂੰ ਲੈ ਕੇ ਜਿਨ੍ਹਾਂ ਕਿਸਾਨਾਂ ਦੀ ਜਮੀਨ ਇਸ ਖਾਲ ਵਿੱਚ ਆਈ ਹੈ ਉਨ੍ਹਾਂ ਕਿਸਾਨਾਂ ਨੂੰ ਮੁਆਵਜ਼ਾ ਰਾਸ਼ੀ ਦੇ ਚੈਕ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਪਿੰਡ ਡਿਬਕੂ, ਧਲੋਰੀਆਂ, ਕਟਾਰੂਚੱਕ, ਝਾਖੋਲਾਹੜੀ ਅਤੇ ਮਾਹੀ ਚੱਕ ਦੇ ਕਿਸਾਨਾਂ ਨੂੰ ਮੁਆਵਜ਼ਾ ਰਾਸ਼ੀ ਦਿੱਤੀ ਗਈ ਹੈ ਜਿਸ ਅਧੀਨ ਕਿਸਾਨਾਂ ਨੂੰ ਕਰੀਬ 10 ਕਰੋੜ ਰੁਪਏ ਵੰਡੇ ਗਏ ਹਨ। ਉਨ੍ਹਾਂ ਕਿਹਾ ਕਿ ਜਿੱਥੇ ਇਸ ਖਾਲ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਉੱਥੇ ਹੀ ਇਸ ਉਪਰ ਪੰਜ ਪੁਲ ਵੀ ਬਣਾਏ ਜਾਣਗੇ ਜਿਸ ਨਾਲ ਲੋਕਾਂ ਦੀ ਆਵਾਜਾਈ ਹੋਰ ਸੁਖਾਲੀ ਹੋ ਜਾਏਗੀ। ਉਨ੍ਹਾਂ ਕਿਹਾ ਕਿ ਇਹ ਕਰੋੜਾਂ ਰੁਪਈਆਂ ਦਾ ਪ੍ਰੋਜੈਕਟ ਜਿਹੜਾ ਸਰਕਾਰ ਨੇ ਇਸ ਖੇਤਰ ਨੂੰ ਦਿੱਤਾ ਹੈ ਉਸ ਲਈ ਉਹ ਮੁੱਖ ਮੰਤਰੀ ਪੰਜਾਬ ਦਾ ਧੰਨਵਾਦ ਕਰਦੇ ਹਨ। ਉਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਚ ਇਸ ਦੇ ਨਿਰਮਾਣ ਕਾਰਜ ਵੀ ਆਰੰਭ ਹੋਣਗੇ ਅਤੇ ਨਹਿਰੀ ਪਾਣੀ ਜੋ ਕਿ ਵਿਧੀਵਤ ਢੰਗ ਦੇ ਨਾਲ ਲੋਕਾਂ ਨੂੰ ਫਸਲਾਂ ਦੀ ਸਿੰਚਾਈ ਦੇ ਲਈ ਮਿਲ ਸਕੇਗਾ।



# ਸ਼ਮਸ਼ੇਰ ਸਿੰਘ ਨੇ 5.09 ਕਰੋੜ ਦੀ ਲਾਗਤ ਵਾਲੀਆਂ ਲਿੰਕ ਸੜਕਾਂ ਦੇ ਰੱਖੇ ਨੀਂਹ ਪੱਥਰ



**ਦੀਨਾਨਗਰ-(ਬਲਵਿੰਦਰ ਸਿੰਘ ਬਿੱਲਾ)**

ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਵਿਧਾਨ ਸਭਾ ਹਲਕਾ ਦੀਨਾਨਗਰ ਅੰਦਰ ਮੰਗਲਵਾਰ ਨੂੰ 5.09 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੀਆਂ ਜਾਣ ਵਾਲੀਆਂ 7.87 ਕਿਲੋਮੀਟਰ ਲੰਮੀਆਂ ਤਿੰਨ ਵੱਖ-ਵੱਖ ਲਿੰਕ ਸੜਕਾਂ ਦੇ ਨਵੀਨੀਕਰਨ ਦੇ ਨੀਂਹ ਪੱਥਰ ਰੱਖੇ ਗਏ। ਇਨ੍ਹਾਂ ਸੜਕਾਂ ਵਿੱਚ ਦੀਨਾਨਗਰ ਚੌਂਤਾ ਰੋਡ ਤੋਂ ਕੋਠੇ ਬਾਜੀਗਰ ਕੁੱਲੀਆਂ ਤੱਕ ਦੀ 2.50 ਕਿਲੋਮੀਟਰ ਲੰਮੀ ਲਿੰਕ ਸੜਕ, ਮਹਿਰਾਜਪੁਰ ਪਿੰਡ ਦੇ ਦੁਆਲੇ 670 ਮੀਟਰ ਲੰਮੀ ਪੱਕੀ ਸੜਕ ਅਤੇ ਚੇਚੀਆਂ ਦਲੇਲਪੁਰ ਖੇੜਾ ਰੋਡ ਤੋਂ ਮੀਰਥਲ ਪੁਲ ਤੱਕ 4.70 ਕਿਲੋਮੀਟਰ ਲੰਮੀ ਲਿੰਕ ਸੜਕਾਂ ਸ਼ਾਮਲ ਹਨ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦੀਨਾਨਗਰ ਹਲਕੇ ਨੂੰ ਕਰੋੜਾਂ ਰੁਪਏ ਵਿਕਾਸ ਕੰਮਾਂ ਲਈ ਦਿੱਤੇ ਗਏ ਹਨ। ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਦੀਨਾਨਗਰ ਹਲਕੇ ਅੰਦਰ ਕਰੀਬ 33 ਕਰੋੜ ਰੁਪਏ ਦੀ ਲਾਗਤ ਨਾਲ ਲਿੰਕ ਸੜਕਾਂ ਦੇ ਨਵੀਨੀਕਰਨ ਦੇ ਕੰਮ ਕੀਤੇ ਜਾ ਰਹੇ ਹਨ ਜਿਸ ਦੀ ਬਦੌਲਤ ਦੀਨਾਨਗਰ ਹਲਕੇ ਦੀ ਨੁਹਾਰ ਤੇਜ਼ੀ ਨਾਲ ਬਦਲੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸੜਕਾਂ ਪਿਛਲੇ ਲੰਮੇਂ ਸਮੇਂ ਤੋਂ ਮੁਰੰਮਤ ਦੀ ਉਡੀਕ ਵਿੱਚ ਸਨ ਅਤੇ ਹੁਣ ਮਾਨ ਸਰਕਾਰ ਵੱਲੋਂ ਇਨ੍ਹਾਂ ਸੜਕਾਂ ਦੇ ਨਵੀਨੀਕਰਨ ਦੇ ਨਾਲ ਨਾਲ ਲੋੜ ਅਨੁਸਾਰ ਸੜਕਾਂ ਦੀ ਚੌੜਾਈ ਵੀ ਵਧਾਈ ਜਾ ਰਹੀ ਹੈ ਤਾਂ ਜੋ ਲੋਕਾਂ ਨੂੰ ਆਵਾਜਾਈ ਵਿੱਚ ਸੌਖ ਹੋ ਸਕੇ। ਹਲਕਾ ਇੰਚਾਰਜ ਨੇ ਕਿਹਾ ਕਿ ਉਹ ਦੀਨਾਨਗਰ ਹਲਕੇ ਦੇ ਲੋਕਾਂ ਦੀ ਸੇਵਾ ਵਿੱਚ ਦਿਨ ਰਾਤ ਲੱਗੇ ਹੋਏ ਹਨ ਅਤੇ ਹਲਕੇ ਦੇ ਵਿਕਾਸ ਵਿੱਚ ਕੋਈ ਵੀ ਕਸਰ ਨਹੀਂ ਛੱਡੀ ਜਾਵੇਗੀ। ਇਸ ਮੌਕੇ ਬਲਾਕ ਸੰਮਤੀ ਮੈਂਬਰ ਮਨਮੋਹਨ ਸਿੰਘ ਧਮਰਾਈ, ਬਲਾਕ ਸੰਮਤੀ ਮੈਂਬਰ ਤੇ ਮਹਿਲਾ ਵਿੰਗ ਦੀ ਹਲਕਾ ਕੋਆਡੀਨੇਟਰ ਰੁਪਿੰਦਰ ਕੌਰ ਕੱਤੋਵਾਲ, ਬਲਾਕ ਪ੍ਰਧਾਨ ਗੋਰਾ ਕੱਤੋਵਾਲ, ਗੁਰਨਾਮ ਸਿੰਘ ਧਮਰਾਈ, ਮਨੋਜ ਕੁਮਾਰ ਘੇਸਲ, ਸਰਪੰਚ ਕੁਲਵੰਤ ਸਿੰਘ ਕਲੀਚਪੁਰ ਅਤੇ ਸਰਪੰਚ ਸੁਤੰਤਰ ਸਿੰਘ ਸਿੱਧਪੁਰ ਵੀ ਮੌਜੂਦ ਸਨ।

# ਸ਼ਹਿਰ ਅੰਦਰ ਧੜੱਲੇ ਨਾਲ ਹੋ ਰਹੀ ਹੈ ਘਰੇਲੂ ਗੈਸ ਸਿਲੰਡਰਾਂ ਦੀ ਦੁਰਵਰਤੋਂ

**ਗੁਰਦਾਸਪੁਰ, (ਜਨਕ ਮਹਾਜਨ)**

ਕੁਝ ਸਮਾਂ ਪਹਿਲਾਂ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਗੁਰਦਾਸਪੁਰ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਕੋਈ ਵੀ ਰੇਹੜੀ, ਹੋਟਲ, ਢਾਬਾ ਮਾਲਕ ਆਪਣੇ ਕਾਰੋਬਾਰ ਵਿੱਚ ਘਰੇਲੂ ਗੈਸ ਸਿਲੰਡਰਾਂ ਦੀ ਵਰਤੋਂ ਨਾ ਕਰੇ ਨਹੀਂ ਤਾਂ ਉਸ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ ਪਰ ਪ੍ਰਸ਼ਾਸਨ ਵੱਲੋਂ ਰੇਹੜੀ, ਢਾਬਿਆਂ ਵਾਲਿਆਂ ਦੇ ਖਿਲਾਫ ਘਰੇਲੂ ਗੈਸ ਸਿਲੰਡਰ ਵਰਤਣ 'ਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਰੇਹੜੀ ਵਾਲਿਆਂ ਅਤੇ ਢਾਬੇ ਵਾਲਿਆਂ ਵੱਲੋਂ ਬੇਖੌਫ ਤੇ ਬਿਨ੍ਹਾਂ ਕਿਸੇ ਡਰ ਤੋਂ ਘਰੇਲੂ ਗੈਸ ਸਿਲੰਡਰਾਂ ਦੀ ਵਰਤੋਂ ਚਿੱਟੇ ਦਿਨ ਕੀਤੀ ਜਾ ਰਹੀ ਹੈ ਜਿਸ ਨੂੰ ਰੋਕਣ ਵਾਲਾ ਕੋਈ ਨਹੀਂ। ਕਾਨੂੰਨ ਮੁਤਾਬਿਕ ਘਰੇਲੂ ਗੈਸ ਸਿਲੰਡਰ ਦੀ ਵਰਤੋਂ ਕੇਵਲ ਘਰਾਂ ਲਈ ਹੀ ਕਰ ਸਕਦੇ ਹਨ ਪਰ ਇਸ ਦੀ ਦੁਰਵਰਤੋਂ ਧੜੱਲੇ ਨਾਲ ਫਾਸਟ ਫੂਡ ਦੀਆਂ ਰੇਹੜੀਆਂ, ਢਾਬੇ ਹੋਟਲਾਂ ਤੇ ਹਲਵਾਈ ਦੀਆਂ ਦੁਕਾਨਾਂ 'ਤੇ ਹੋ ਰਹੀ ਹੈ। ਗੁਰਦਾਸਪੁਰ ਸ਼ਹਿਰ ਦੇ ਹਨੂੰਮਾਨ ਚੌਕ, ਤਿਬੜੀ ਰੋਡ 'ਤੇ ਅਣਗਿੰਤ ਨਿਊਡਲ ਫਾਸਟ ਫੂਡ ਦੀਆਂ ਰੇਹੜੀਆਂ 'ਤੇ ਸ਼ਰੇਆਮ ਘਰੇਲੂ ਗੈਸ ਸਿਲੰਡਰਾਂ ਦੀ ਦੁਰਵਰਤੋਂ ਹੋ ਰਹੀ ਹੈ ਜਿਸ 'ਤੇ ਕੋਈ ਕਾਰਵਾਈ ਨਹੀਂ ਹੋ ਰਹੀ। ਜ਼ਿਕਰਯੋਗ ਹੈ ਕਿ ਗੁਰਦਾਸਪੁਰ ਸ਼ਹਿਰ ਦੀ ਲਾਇਬ੍ਰੇਰੀ ਰੋਡ ਤੋਂ ਲੈ ਕੇ ਹਨੂੰਮਾਨ ਚੌਕ ਤੱਕ ਸੜਕ ਦੇ ਦੋਵੇਂ ਪਾਸੇ ਵੱਡੀ ਗਿਣਤੀ ਵਿੱਚ ਡੋਸਾ, ਨਿਊਡਲ, ਸੋਇਆਬੀਨ ਚਾਪ ਆਦਿ ਵੇਚਣ ਵਾਲਿਆਂ ਵਲੋਂ ਆਪਣੀਆਂ ਰੇਹੜੀਆਂ 'ਤੇ ਸ਼ਰੇਆਮ ਘਰੇਲੂ ਗੈਸ ਸਿਲੰਡਰ ਵਰਤੇ ਜਾਂਦੇ ਹਨ। ਵਰਣਨਯੋਗ ਹੈ ਕਿ ਇਹ ਸੋਆ ਚਾਂਪ, ਨਿਊਡਲ ਆਦਿ ਵੇਚਣ ਵਾਲੇ ਰੇਹੜੀ ਮਾਲਕ ਲੱਖਾਂ ਰੁਪਏ ਮਹੀਨੇ ਦੀ ਕਮਾਈ ਕਰ ਰਹੇ ਹਨ ਫ਼ਿਰ ਵੀ ਘਰੇਲੂ ਗੈਸ ਸਿਲੰਡਰ ਦੀ ਦੁਰਵਰਤੋਂ ਕਰ ਰਹੇ ਹਨ ਜਦਕਿ ਕਾਨੂੰਨੀ ਤੌਰ 'ਤੇ ਇਨ੍ਹਾਂ ਨੂੰ ਕਮਰਸ਼ੀਅਲ ਗੈਸ ਸਿਲੰਡਰ ਹੀ ਵਰਤਣ ਦੀ ਇਜਾਜ਼ਤ ਹੈ। ਲੋਕਾਂ ਨੇ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਅਫਸ਼ਰ ਅਤੇ ਐੱਸਐੱਚਓ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਘਰੇਲੂ ਗੈਸ ਸਿਲੰਡਰ ਵਰਤਣ ਵਾਲੇ ਰੇਹੜੀ ਅਤੇ ਹੋਟਲ ਮਾਲਕਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ ਤਾਂ ਜੋ ਉਹ ਆਪਣੇ ਕੰਮਕਾਜ ਲਈ ਕਮਰਸ਼ੀਅਲ ਗੈਸ ਸਿਲੰਡਰਾਂ ਦੀ ਵਰਤੋਂ ਕਰਨ।

# ਸੌ ਲੋੜਵੰਦ ਪਰਿਵਾਰਾਂ ਦੀਆਂ ਧੀਆਂ ਦੇ ਸਮੂਹਿਕ ਆਨੰਦ ਕਾਰਜ ਕਰਵਾਏ ਜਾਣਗੇ: ਸਰਪੰਚ

**ਧਾਰੀਵਾਲ, (ਮਨਦੀਪ ਵਿੱਕੀ)**

ਪੂਰਨ ਬ੍ਰਹਮ ਗਿਆਨੀ ਸੰਤ ਬਾਬਾ ਹਜਾਰਾ ਸਿੰਘ ਜੀ ਨਿੱਕੇ ਘੁੰਮਣਾਂ ਵਾਲਿਆਂ ਦੀ ਅਪਾਰ ਕਿਰਪਾ ਸਦਕਾ ਅਤੇ ਕਾਰ ਸੇਵਾ ਮੁੱਖੀ ਬਾਬਾ ਕਸਮੀਰਾ ਸਿੰਘ ਜੀ ਭੂਰੀ ਵਾਲਿਆਂ ਦੇ ਸਹਿਯੋਗ ਨਾਲ ਸਵਰਗੀਏ ਸ. ਸੁਵਿੰਦਰ ਸਿੰਘ ਜੀ ਅਤੇ ਸਵਰਗੀਏ ਮਾਤਾ ਹਰਜੀਤ ਕੌਰ ਦੀ ਯਾਦ ਨੂੰ ਸਮਰਪਿਤ 100 ਲੋੜਵੰਦ ਪਰਿਵਾਰਾਂ ਦੀਆਂ ਧੀਆਂ ਦੇ ਸਮੂਹਿਕ ਅਨੰਦ ਕਾਰਜ 10 ਮਾਰਚ ਨੂੰ ਗੁਰਦੁਆਰਾ ਬਾਬਾ ਭਗਵਾਨ ਸਿੰਘ ਜੀ ਪਿੰਡ ਭਗਵਾਨਪੁਰ ਵਿਖੇ ਕਰਵਾਏ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਦੇ ਸਰਪੰਚ ਬੀਬੀ ਰਾਜਵਿੰਦਰ ਕੌਰ ਨੇ ਦੱਸਿਆ ਕਿ ਪ੍ਰਵਾਸੀ ਭਾਰਤੀ ਨੌਜਵਾਨ ਮੰਨੂੰ ਭਗਵਾਨਪੁਰ ਆਸਟ੍ਰੇਲੀਆ, ਗਗਨਦੀਪ ਸਿੰਘ ਭਗਵਾਨਪੁਰ, ਮਿੰਟੂ ਕਾਸਤੀਵਾਲ ਇੰਗਲੈਂਡ ਅਤੇ ਹੋਰ ਐੱਨ. ਆਰ. ਆਈ. ਵੀਰਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਸਮਾਜ ਭਲਾਈ ਦੇ ਇਸ ਮਹਾਨ ਕਾਰਜ ਦੇ ਵਿੱਚ ਜਿੱਥੇ ਕਾਰ ਸੇਵਾ ਮੁੱਖੀ ਬਾਬਾ ਕਸ਼ਮੀਰਾ ਸਿੰਘ ਭੂਰੀ ਵਾਲੇ ਨਵ ਵਿਆਹੁਤਾ ਜੋੜਿਆਂ ਨੂੰ ਅਸ਼ੀਰਵਾਦ ਦੇਣਗੇ, ਉੱਥੇ ਨਾਲ ਹੀ ਪ੍ਰਬੰਧਕਾਂ ਵੱਲੋਂ ਨਵ ਵਿਆਹੁਤਾ ਧੀਆਂ ਨੂੰ ਘਰ ਵਿੱਚ ਵਰਤੋਂ ਵਿੱਚ ਆਉਣ ਵਾਲਾ ਜ਼ਰੂਰੀ ਸਾਜੋ-ਸਾਮਾਨ ਵੀ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਇਸ ਨੇਕ ਕਾਰਜ ਦੀਆਂ ਤਿਆਰੀਆਂ ਚੱਲ ਰਹੀਆਂ ਹਨ, ਜਦਕਿ ਕੋਈ ਵੀ ਲੋੜਵੰਦ ਪਰਿਵਾਰ ਸਾਡੇ ਨਾਲ ਸੰਪਰਕ ਕਰ ਸਕਦਾ ਹੈ, ਤਾਂ ਜੋ ਉਨ੍ਹਾਂ ਦੀਆਂ ਲੋੜਵੰਦ ਧੀਆਂ ਦੇ ਸਮੂਹਿਕ ਤੌਰ ਤੇ ਅਨੰਦ ਕਾਰਜ ਕਰਦਿਆਂ ਉਨ੍ਹਾਂ ਨੂੰ ਲੋੜੀਂਦਾ ਸਾਮਾਨ ਵੀ ਮੁਹੱਈਆ ਕਰਵਾਇਆ ਜਾ ਸਕੇ। ਸਰਪੰਚ ਰਾਜਵਿੰਦਰ ਕੌਰ ਨੇ ਦੱਸਿਆ ਕਿ ਸਾਨੂੰ ਹਮੇਸ਼ਾ ਹੀ ਸਮਾਜ ਭਲਾਈ ਦੇ ਨੇਕ ਕਾਰਜਾਂ ਵਿੱਚ ਇੱਕਜੁੱਟ ਹੋ ਕੇ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਨੂੰ ਉੱਚਾ ਚੁੱਕਦਿਆਂ ਇੱਕ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।



ਸਰਪੰਚ ਰਾਜਵਿੰਦਰ ਕੌਰ ਜਾਣਕਾਰੀ ਦਿੰਦੇ ਹੋਏ।

# ਐੱਮ1ਐਕਸਚੇਂਜ ਨੂੰ ਪੰਜਾਬ 'ਚ ਨਿਵੇਸ਼ ਵਾਧਾ ਤੇ ਨਿੱਜੀ ਕੰਪਨੀਆਂ ਦੀ ਸ਼ਮੂਲੀਅਤ ਦੀ ਆਸ ਬੱਝੀ

**ਲੁਧਿਆਣਾ** : ਭਾਰਤ ਦਾ ਆਰਬੀਆਈ-ਲਾਇਸੈਂਸ ਪ੍ਰਾਪਤ ਟ੍ਰੇਡ ਰਿਸੀਵੇਬਲਜ਼ ਡਿਸਕਾਊਂਟਿੰਗ ਸਿਸਟਮ ਪਲੇਟਫਾਰਮ ਐੱਮ1ਐਕਸਚੇਂਜ, ਪੰਜਾਬ ਦੇ ਕਾਰੋਬਾਰੀਆਂ ਦੀ ਮਦਦ ਕਰ ਰਿਹਾ ਹੈ। ਇਹ ਇਨਵੌਇਸ ਡਿਸਕਾਊਂਟਿੰਗ ਰਾਹੀਂ ਛੋਟੇ ਕਾਰੋਬਾਰਾਂ ਨੂੰ ਤੇਜ਼ੀ ਨਾਲ ਅਤੇ ਬਿਨਾਂ ਕਿਸੇ ਜ਼ਮਾਨਤ ਦੇ ਪੈਸੇ ਉਪਲਬਧ ਕਰਵਾਉਂਦਾ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣੇ ਕੰਮ ਲਈ ਆਸਾਨੀ ਨਾਲ ਪੂੰਜੀ ਮਿਲ ਜਾਂਦੀ ਹੈ। ਲੁਧਿਆਣਾ ਪੰਜਾਬ ਦਾ ਉਦਯੋਗਿਕ ਕੇਂਦਰ ਹੈ ਅਤੇ ਰਾਜ ਦੇ ਵਿਕਾਸ ਦਾ ਮੁੱਖ ਇੰਜਣ ਬਣਿਆ ਹੋਇਆ ਹੈ। ਸ਼ਹਿਰ ਅਤੇ ਇਸਦੇ ਆਸ-ਪਾਸ ਦੇ ਜ਼ਿਲ੍ਹੇ ਮਿਲ ਕੇ ਖੇਤਰ ਦੇ ਸਭ ਤੋਂ ਵੱਡੇ ਐੱਮਐੱਸਐੱਮਈ ਇਕੋਸਿਸਟਮਾਂ ਵਿੱਚੋਂ ਇੱਕ ਬਣਾਉਂਦੇ ਹਨ। ਐੱਮ1ਐਕਸਚੇਂਜ ਦੇ ਪ੍ਰਮੋਟਰ ਅਤੇ ਡਾਇਰੈਕਟਰ ਸੰਦੀਪ ਮੋਹਿੰਦ੍ਰੂ ਨੇ ਕਿਹਾ ਕਿ ਪੰਜਾਬ ਵਿੱਚ ਉਦਯੋਗਾਂ ਨੂੰ ਪ੍ਰੋਤਸਾਹਨ ਅਤੇ ਕਾਰੋਬਾਰੀ ਨਿਯਮ ਸੌਖੇ ਬਣਾਉਣ ਨਾਲ ਐੱਮਐੱਸਐੱਮਈ ਲਈ ਅੱਗੇ ਵੱਧਣ ਦੇ ਵਧੀਆ ਮੌਕੇ ਬਣ ਰਹੇ ਹਨ।

# ਸ਼ਿਵਾਲਿਕ ਕਾਲਜ ਆਫ਼ ਐਜੂਕੇਸ਼ਨ ਵਿਖੇ ਕੌਮਾਂਤਰੀ ਮਾਂ ਬੋਲੀ ਦਿਵਸ 21 ਨੂੰ ਮਨਾਇਆ ਜਾਵੇਗਾ

**ਧਾਰੀਵਾਲ, (ਮਨਦੀਪ ਵਿੱਕੀ)**

ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਅਹੁਦੇਦਾਰਾਂ ਦੀ ਇੱਕ ਵਿਸ਼ੇਸ਼ ਇਕੱਤਰਤਾ ਸ਼ਹੀਦ ਬਲਜੀਤ ਸਿੰਘ ਯਾਦਗਾਰੀ ਹਾਲ ਗੁਰਦਾਸਪੁਰ ਵਿਖੇ ਕੇਂਦਰ ਦੇ ਪ੍ਰਧਾਨ ਡਾਕਟਰ ਲੇਖ ਰਾਜ ਦੀ ਪ੍ਰਧਾਨਗੀ ਹੇਠ ਹੋਈ। ਇਕੱਤਰਤਾ ਵਿੱਚ ਕੁੱਝ ਦਿਨ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਪ੍ਰਸਿੱਧ ਕਹਾਣੀਕਾਰ ਲਾਲ ਸਿੰਘ ਦਸੂਹਾ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਜ਼ਿਲ੍ਹਾ ਸਾਹਿਤ ਕੇਂਦਰ ਦੇ ਸੰਯੋਜਕ ਮੱਖਣ ਕੁਹਾੜ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 21 ਫਰਵਰੀ ਨੂੰ ਕੌਮਾਂਤਰੀ ਮਾਂ ਬੋਲੀ ਦਿਵਸ ਗੁਰਦਾਸਪੁਰ ਵਿਖੇ ਮਨਾਇਆ ਜਾਵੇਗਾ। ਜ਼ਿਲ੍ਹਾ ਸਾਹਿਤ ਕੇਂਦਰ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਇਸ ਸਮਾਗਮ ਦਾ ਮੁੱਖ ਮਕਸਦ ਲੇਖਕਾਂ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ਼ ਸਮੁੱਚੇ ਸਮਾਜ ਵਿੱਚ ਮਾਂ ਬੋਲੀ ਪ੍ਰਤੀ ਜਾਗਰੂਕਤਾ ਫੈਲਾਉਣਾ ਹੈ। ਇਸ ਵਾਰ ਇਹ ਸਮਾਗਮ ਸ਼ਿਵਾਲਿਕ ਕਾਲਜ ਆਫ਼ ਐਜੂਕੇਸ਼ਨ ਨਿਊ ਸੰਤ ਨਗਰ, ਤ੍ਰਿਮੋ ਰੋਡ ਗੁਰਦਾਸਪੁਰ ਵਿਖੇ ਸਬੰਧਤ ਕਾਲਜ ਪ੍ਰਬੰਧਕਾਂ ਦੇ ਸਹਿਯੋਗ ਨਾਲ ਮਨਾਉਣ ਲਈ ਰੂਪ ਰੇਖਾ ਤਿਆਰ ਕੀਤੀ ਗਈ। ਸਮੇਂ ਦੀ ਬੰਦਿਸ਼ ਹੋਣ ਕਾਰਨ ਸਮਾਗਮ ਦਾ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ ਇੱਕ ਵਜੇ ਤੱਕ ਰੱਖਿਆ ਗਿਆ ਹੈ। ਪਹਿਲੇ ਪੜਾਅ ਵਿੱਚ ਕੌਮਾਂਤਰੀ ਮਾਂ ਬੋਲੀ ਦਿਵਸ ਦੀ ਮਹੱਤਤਾ, ਪਿਛੋਕੜ, ਸਾਰਥਿਕਤਾ ਤੇ ਮਾਂ ਬੋਲੀ ਪੰਜਾਬੀ ਵਿਸ਼ੇ ਉੱਪਰ ਹਾਜ਼ਰ ਵਿਦਵਾਨਾਂ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਜਾਣਗੇ। ਦੂਜੇ ਪੜਾਅ ਵਿੱਚ ਹਾਜ਼ਰ ਕਵੀਆਂ ਤੇ ਆਧਾਰਿਤ ਕਵੀ ਦਰਬਾਰ ਕਰਵਾਇਆ ਜਾਵੇਗਾ। ਸਮਾਗਮ ਦੀ ਸਮਾਪਤੀ ਉਪਰੰਤ ਲੇਖਕਾਂ ਦੇ ਵਫ਼ਦ ਵੱਲੋਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਮਾਂ ਬੋਲੀ ਪੰਜਾਬੀ ਨੂੰ ਬਣਦਾ ਸਤਿਕਾਰ ਦੇਣ ਲਈ ਮੰਗ ਪੱਤਰ ਦਿੱਤਾ ਜਾਵੇਗਾ। ਸਮਾਗਮ ਨੂੰ ਸਫਲ ਬਣਾਉਣ ਲਈ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਲੇਖਕਾਂ, ਕਵੀਆਂ, ਚਿੰਤਕਾਂ ਨੂੰ ਸਮੇਂ ਸਿਰ ਪੁੱਜਣ ਦੀ ਬੇਨਤੀ ਕੀਤੀ ਗਈ। ਮੀਟਿੰਗ ਜ਼ਿਲ੍ਹਾ ਸਾਹਿਤ ਕੇਂਦਰ ਦੇ ਪ੍ਰਧਾਨ ਡਾਕਟਰ ਲੇਖ ਰਾਜ, ਸੰਯੋਜਕ ਮੱਖਣ ਕੁਹਾੜ ਤੋਂ ਇਲਾਵਾ ਜਨਰਲ ਸਕੱਤਰ ਮੰਗਤ ਚੰਚਲ, ਸੀਨੀਅਰ ਮੀਤ ਪ੍ਰਧਾਨ ਸੀਤਲ ਸਿੰਘ ਗੁੰਨੋਪੁਰੀ, ਵਿੱਤ ਸਕੱਤਰ ਸੋਹਣ ਸਿੰਘ ਤੇ ਬੂਟਾ ਰਾਮ ਆਜ਼ਾਦ, ਮੀਤ ਪ੍ਰਧਾਨ ਡਾਕਟਰ ਰਜਵਿੰਦਰ ਕੌਰ ਨਾਗਰਾ, ਪ੍ਰੈੱਸ ਸੁੱਚਾ ਸਿੰਘ ਪਸਨਾਵਾਲਾ, ਸੁਖਵਿੰਦਰ ਸਿੰਘ ਰੰਧਾਵਾ ਗੁਰਮੀਤ ਬਾਜਵਾ, ਗੁਰਪ੍ਰੀਤ ਰੰਗੀਲਪੁਰ, ਹਰਪਾਲ ਸਿੰਘ ਨਾਗਰਾ ਤੇ ਹੋਰ ਸਾਥੀ ਹਾਜ਼ਰ ਸਨ।




# ਸਰਹਾਲਾ ਦੇ ਡੇਰੇ ਵਿਖੇ ਧਾਰਮਿਕ ਸਮਾਗਮ ਕਰਵਾਇਆ

**ਮਜੀਠਾ (ਸੋਇਮ ਆਨੰਦ)**-ਕਸਬੇ ਤੋਂ ਨਜ਼ਦੀਕੀ ਪੈਂਦੇ ਪਿੰਡ ਸਰਹਾਲਾ ਵਿਖੇ ਡੇਰਾ ਬਾਬਾ ਸ੍ਰੀ ਚੰਦ ਜੀ ਵਿਖੇ ਡੇਰੇ ਦੇ ਮੁੱਖ ਸੰਚਾਲਕ ਮਹਾ ਮੰਡਲੇਸ਼ਵਰ ਸੰਤ ਕ੍ਰਿਪਾਲ ਦਾਸ ਜੀ ਸਰਹਾਲੇ ਵਾਲਿਆਂ ਦੀ ਰਹਿਨੁਮਾਈ ਹੇਠ ਸਲਾਨਾ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ 165 ਸ੍ਰੀ ਅਖੰਡ ਪਾਠ ਸਾਹਿਬ ਜ਼ੀ ਦੀ ਲੜੀ ਦੇ ਭੋਗ ਪਾਏ ਗਏ, ਉਸ ਤੋਂ ਉਪਰੰਤ ਖੁੱਲੇ ਪੰਡਾਲ 'ਚ ਕੀਰਤਨੀ, ਢਾਡੀ, ਕਵੀਸ਼ਰ ਆਦਿ ਜਥਿਆਂ ਵੱਲੋਂ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਮਾਗਮ ਦੀ ਸਮਾਪਤੀ ਤੋਂ ਉਪਰੰਤ ਅੰਮ੍ਰਿਤਸਰ ਗੁਰਦਾਸਪੁਰ ਦੀਆਂ ਕਬੱਡੀ ਟੀਮਾਂ ਦੌਰਾਨ ਮੈਚ ਕਰਵਾਇਆ ਗਿਆ ਜਿਸ 'ਚ ਅੰਮ੍ਰਿਤਸਰ ਦੀ ਟੀਮ ਜੇਤੂ ਰਹੀ। ਤਲਬੀਰ ਸਿੰਘ ਗਿੱਲ ਦੇ ਬੇਟੇ ਸਰਪ੍ਰੀਤ ਸਿੰਘ ਗਿੱਲ ਨੇ ਵੀਂ ਹਾਜ਼ਰੀ ਭਰੀ। ਇਸ ਮੌਕੇ ਦਿਲਬਾਗ ਸਿੰਘ ਲਹਿਰਕਾ, ਸਰਪੰਚ ਕਾਲਾ ਸਿੰਘ, ਨੀਰਜ ਕੁਮਾਰ, ਆਤਮਾ ਸਿੰਘ ਗਿੱਲ, ਡਾ. ਲਾਲ ਚੰਦ, ਜਗਮੀਤ ਸਿੰਘ ਸ਼ਹਿਣੇਵਾਲੀ, ਨਿਹੰਗ ਜਗੀਰ ਸਿੰਘ, ਪਲਵਿੰਦਰ ਸਿੰਘ ਸਰਹਾਲਾ, ਸਰਪੰਚ ਸੁਬੇਗ ਸਿੰਘ ਅਬਦਾਲ, ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਨਮਸਤਕ ਹੋਈਆਂ।



# ਸੀ. ਕੇ. ਡੀ. ਕਾਲਜ ਵਿਖੇ ਸਾਲਾਨਾ ਖੇਡ ਮੁਕਾਬਲੇ ਕਰਵਾਏ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਸੀ. ਕੇ. ਡੀ. ਆਈ. ਐੱਮ. ਟੀ. ਕਾਲਜ ਤਰਨ ਤਾਰਨ ਵਲੋਂ ਇੰਟਰ ਡਿਪਾਰਟਮੈਂਟ ਖੇਡ ਮੁਕਾਬਲੇ ਕਰਵਾਏ ਗਏ, ਜਿਸ ਦੇ ਤਹਿਤ ਵੱਖ-ਵੱਖ ਵਿਭਾਗਾਂ ਵਿਚੋਂ ਕਰੀਬ 100 ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਜਿਵੇਂ ਬੈਡਮਿੰਟਨ, ਕ੍ਰਿਕੇਟ, ਖੋ-ਖੋ, ਲੈਮਨ ਰੇਸ, ਥ੍ਰੀ ਲੈੱਗ ਰੇਸ ਅਤੇ ਰੱਸਾਕਸੀ ਵਿੱਚ ਭਾਗ ਲਿਆ। ਜਗਰੂਪ ਸਿੰਘ ਅਤੇ ਪਵਨਵੀਰ ਕੌਰ ਨੇ ਬੈਡਮਿੰਟਨ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ। ਲੈਮਨ ਰੇਸ ਵਿੱਚ ਕੁੜੀਆਂ ਵਿਚੋਂ ਮਨਪ੍ਰੀਤ ਕੌਰ ਅਤੇ ਮੁੰਡਿਆਂ ਵਿਚੋਂ ਹਰਪ੍ਰੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ। ਥ੍ਰੀ ਲੈਗ ਰੇਸ ਵਿੱਚ ਸ਼ਰੂਤੀ ਅਤੇ ਅਰਪਨਜੋਤ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਜਸਬੀਰ ਸਿੰਘ ਵਲੋਂ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰਜੀਤ ਸਿੰਘ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਅਤੇ ਕਾਲਜ ਦੇ ਮੈਂਬਰ ਇੰਚਾਰਜ ਡਾ. ਸਰਬਜੀਤ ਸਿੰਘ ਛੀਨਾ ਵਲੋਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਹਰ ਇਕ ਮੁਕਾਬਲੇ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਦੇ ਸਾਰੇ ਸਟਾਫ਼ ਮੈਂਬਰ ਹਾਜ਼ਰ ਸਨ।

# ਮਨੋਜ ਅਗਰਵਾਲ ਪ੍ਰਧਾਨ ਬਣੇ



**ਛੇਹਰਟਾ, (ਮਨੋਜ ਕੁਮਾਰ)**-ਮਾਰਵਾੜੀ ਭਾਈਚਾਰੇ ਦੇ ਮਨੋਜ ਅਗਰਵਾਲ ਨੂੰ ਸ਼ਿਵਾਲਾ ਚਿੜੀਆਂ ਗਲੀ ਲਾਲ ਵਾਲੀ ਦੇ ਪ੍ਰਧਾਨ ਬਣਨ 'ਤੇ ਸਨਮਾਨਿਤ ਕੀਤਾ ਗਿਆ। ਇਸ 'ਤੇ ਮਾਰਵਾੜੀ ਭਾਈਚਾਰੇ ਮਨੋਜ ਅਗਰਵਾਲ ਨੂੰ ਵਧਾਈ ਦਿੱਤੀ। ਮਨੋਜ ਅਗਰਵਾਲ ਵੱਖ-ਵੱਖ ਧਾਰਮਿਕ ਜਥੇਬੰਦੀਆਂ ਨਾਲ ਜੁੜੇ ਹੋਏ ਹਨ ਤੇ ਧਾਰਮਿਕ ਪ੍ਰੋਗਰਾਮਾਂ ਵਿਚ ਵੱਧ-ਚੜ੍ਹ ਕੇ ਯੋਗਦਾਨ ਪਾਉਂਦੇ ਹਨ। ਇਸ ਮੌਕੇ ਅਨੁਜ ਖੇਮਕਾ, ਕੈਲਾਸ਼ ਬਾਂਸਲ, ਹਰੀਸ਼ ਅਗਰਵਾਲ, ਰਾਕੇਸ਼, ਵਿਪੁਲ ਨੇਵਟੀਆ ਤੇ ਨਿਤਿਨ ਨੇ ਮਨੋਜ ਅਗਰਵਾਲ ਨੂੰ ਸਨਮਾਨਿਤ ਕਰਦੇ ਹੋਏ ਵਧਾਈ ਦਿੱਤੀ। ਮਨੋਜ ਅਗਰਵਾਲ ਨੇ ਕਿਹਾ ਕਿ ਉਹ ਮੰਦਰ ਵਿਚ ਜੋ ਵੀ ਪ੍ਰੋਗਰਾਮ ਕੀਤਾ ਜਾਵੇਗਾ, ਉਸ ਵਿਚ ਵੱਧ ਤੋਂ ਵੱਧ ਯੋਗਦਾਨ ਪਾਉਣਗੇ।

# ਸ੍ਰੀ ਲਕਸ਼ਮੀ ਨਾਰਾਇਣ ਮੰਦਰ 'ਚ ਹੋਲੀ ਮਹਾਉਤਸਵ 28 ਤੋਂ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**- ਸਥਾਨਕ ਸ਼ਹਿਰ ਅਜਨਾਲਾ ਦੇ ਵਾਰਡ ਨੰਬਰ 7 ਅਤੇ 8 ਨਵੀਂ ਆਬਾਦੀ ਗਰਲਜ਼ ਸਕੂਲ ਵਾਲੀ ਗਲੀ ਵਿੱਚ ਸਥਿਤ ਸ੍ਰੀ ਲਕਸ਼ਮੀ ਨਰਾਇਣ ਮੰਦਰ ਅਜਨਾਲਾ ਵਿਖੇ ਦੋ ਸ਼ਾਮ ਰਾਧਾ ਕ੍ਰਿਸ਼ਨ ਜੀ ਦੇ ਨਾਮ ਹੋਲੀ ਮਹਾਉਤਸਵ ਹੋਵੇਗਾ। ਇਸ ਅਵਸਰ 'ਤੇ ਬੰਸੀ ਮੋਹਨ ਮਹਾਰਾਜ ਸ੍ਰੀ ਧਾਮ ਵਰਿੰਦਾਵਨ ਵਾਲੇ 28 ਫਰਵਰੀ ਤੋਂ ਲੈ ਕੇ 1 ਮਾਰਚ ਤੱਕ ਸ਼ਾਮ 8 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਸਤਿਸੰਗ ਕਰਨਗੇ। ਠਾਕੁਰ ਜੀ ਦਾ ਲੰਗਰ ਭੰਡਾਰਾ ਵੀ ਅਤੁੱਟ ਵਰਤਾਇਆ ਜਾਵੇਗਾ। ਇਹ ਜਾਣਕਾਰੀ ਲਕਸ਼ਮੀ ਨਾਰਾਇਣ ਮੰਦਰ ਅਜਨਾਲਾ ਦੇ ਸੁਆਮੀ ਸੱਤ ਪ੍ਰਕਾਸ਼ ਸ਼ਰਮਾ ਨੇ ਸਾਂਝੀ ਕੀਤੀ। ਸਭ ਨੂੰ ਇਸ ਹੋਲੀ ਮਹਾਉਤਸਵ ਵਿੱਚ ਆਉਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਪਰਿਵਾਰ ਸਮੇਤ ਪਹੁੰਚ ਕੇ ਸਤਿਸੰਗ ਦਾ ਅਨੰਦ ਮਾਣਿਆ ਜਾਵੇ ਅਤੇ ਖੁਸ਼ੀਆਂ ਪ੍ਰਾਪਤ ਕੀਤੀਆਂ ਜਾਣ। ਇਸ ਮੌਕੇ ਪ੍ਰੈੱਸ ਸੈਕਟਰੀ ਮਨੀਸ਼ ਉਪਲ, ਬਾਊ ਜਸਪਾਲ ਮਹਿਤਾ, ਪ੍ਰਦੀਪ ਕੁਮਾਰ ਠਾਕੁਰ, ਪ੍ਰਦੀਪ ਕੁਮਾਰ ਤ੍ਰੇਹਨ, ਰਾਮ ਮੂਰਤੀ, ਧਾਰਮਿਕ ਗਾਇਕ ਹਰਸ਼ ਅਰੋੜਾ, ਸਮਾਜ ਸੇਵੀ ਅਜੈ ਕੁਮਾਰ ਮਹਿਤਾ, ਸੰਦੀਪ ਕੁਮਾਰ, ਪਵਨ ਮਹਿਤਾ, ਦਕਸ਼ ਕੁਮਾਰ ਆਦਿ ਹਾਜ਼ਰ ਸਨ।



# ਸ਼ੈਰੀ ਕਲਸੀ ਨੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਲਾਂ ਸੁਣ ਕੇ ਮੌਕੇ 'ਤੇ ਕਰਵਾਈਆਂ ਹੱਲ



**ਬਟਾਲਾ, (ਡਾ. ਮਲਵਿੰਦਰ ਸਿੰਘ)**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਨਗਰ ਨਿਗਮ ਦਫਤਰ ਬਟਾਲਾ ਵਿਖੇ ਪਹੁੰਚ ਕੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਸੁਣ ਕੇ ਸਬੰਧਤ ਵਿਭਾਗ ਰਾਹੀਂ ਹੱਲ ਕਰਵਾਈਆਂ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਅੰਦਰ ਸਰਬਪੱਖੀ ਵਿਕਾਸ ਕਰਨ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਲਈ ਉਹ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਪਿਛਲੇ ਚਾਰ ਸਾਲਾਂ ਦੌਰਾਨ ਬਟਾਲਾ ਸ਼ਹਿਰ ਸਮੇਤ ਸਮੁੱਚੇ ਹਲਕੇ ਵਿੱਚ ਲੋਕ ਹਿੱਤ ਵਿੱਚ ਵੱਖ-ਵੱਖ ਵਿਕਾਸ ਕਾਰਜ ਕੀਤੇ ਗਏ ਹਨ ਅਤੇ ਨਿਰੰਤਰ ਵਿਕਾਸ ਕੰਮ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਖੁਦ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰ ਰਹੇ ਹਨ। ਵਿਧਾਇਕ ਸ਼ੈਰੀ ਕਲਸੀ ਨੇ ਗੱਲਬਾਤ ਕਰਦਿਆਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਦੀ ਸਿਹਤ ਸਹੂਲਤ ਨੂੰ ਮੁੱਖ ਰੱਖਦਿਆਂ ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ ਕੀਤੀ ਹੈ, ਜਿਸ ਨਾਲ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖਾਂ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਉਨ੍ਹਾਂ ਦੱਸਿਆ ਕਿ ਬਟਾਲਾ ਸਮੇਤ ਜਿਲ੍ਹੇ ਗੁਰਦਾਸਪੁਰ ਵਿੱਚ ਸਿਹਤ ਯੋਜਨਾ ਤਹਿਤ ਹੈਲਥ ਕਾਰਡ ਬਨਾਉਣ ਲਈ ਰਜਿਸ਼ਟੇਸ਼ਨ ਲਈ ਵਿਸ਼ੇਸ਼ ਕੈਂਪ ਲਗਾਏ ਹਨ ਤਾਂ ਜੋ ਲੋਕ ਆਪਣਾ ਹੈਲਥ ਕਾਰਡ ਬਣਾ ਸਕਣ ਅਤੇ ਲੋੜ ਪੈਣ ਤੇ ਉਸਦੀ ਵਰਤੋਂ ਕਰ ਸਕਣ। ਉਨ੍ਹਾਂ ਦੱਸਿਆ ਕਿ ਸਿਹਤ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁੰਨ ਬਦਲਾਅ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਲੋਕ ਹਿੱਤ ਵਿੱਚ ਨਿਰੰਤਰ ਕੰਮ ਕਰ ਰਹੀ ਹੈ।

# ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਸਿਮਰਨ ਸਿੰਘ ਢਿੱਲੋਂ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਾਪਤ ਕੀਤੇ ਗਏ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ 100 ਮੀਟਰ ਦੇ ਘੇਰੇ ਵਿਚ ਲੋਕਾਂ ਦੇ ਇਕੱਠੇ ਹੋਏ 4 ਅਪਰੈਲ ਅਤੇ 15 ਮਈ ਅਤੇ 1 ਜੂਨ 2026 ਤੱਕ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ, ਪਰ ਇਹ ਹੁਕਮ ਉਨ੍ਹਾਂ ਵਿਅਕਤੀਆਂ ਤੇ ਲਾਗੂ ਨਹੀਂ ਹੋਵੇਗਾ ਜੋ ਇਨ੍ਹਾਂ ਪ੍ਰੀਖਿਆਵਾਂ ਵਿਚ ਡਿਊਟੀ 'ਤੇ ਹੋਣਗੇ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਵਲੋਂ ਪ੍ਰਾਪਤ ਰਾਹੀਂ ਇਸ ਦਫਤਰ ਨੂੰ ਸੂਚਿਤ ਕੀਤਾ ਹੈ ਕਿ ਇਸ ਸਾਲ ਭਾਰਤ ਅਤੇ 26 ਹੋਰ ਦੇਸ਼ਾਂ ਦੇ ਲਗਭਗ 46 ਲੱਖ ਵਿਦਿਆਰਥੀ ਬੋਰਡ ਦੁਆਰਾ 10ਵੀਂ ਅਤੇ 12ਵੀਂ ਜਮਾਤ ਲਈ ਕਰਵਾਈਆ ਜਾ ਰਹੀਆਂ ਬੋਰਡ ਪ੍ਰੀਖਿਆਵਾਂ ਵਿੱਚ ਹਿੱਸਾ ਲੈਣਗੇ। ਪ੍ਰੀਖਿਆਵਾਂ 17 ਫਰਵਰੀ 2026 ਤੇ 11 ਅਪ੍ਰੈਲ 2026 ਤੱਕ ਨਿਰਧਾਰਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਰਾਸ਼ਟਰੀ ਸਿੱਖਿਆ ਨੀਤੀ ਵਲੋਂ ਪਹਿਲੀ ਵਾਰ ਦਸਵੀਂ ਜਮਾਤ ਦੀ ਪ੍ਰੀਖਿਆ 15 ਮਈ 2026 ਤੋਂ 1 ਜੂਨ 2026 ਤੱਕ ਨਿਧਾਰਿਤ ਹੈ ਜਿਸ ਵਿਚ ਲਗਭਗ 13 ਲੱਖ ਵਿਦਿਆਰਥੀ ਭਾਰਤ ਹੋਰ ਦੇਸ਼ਾਂ ਦੇ ਵਿਦਿਆਰਥੀ ਹਿੱਸਾ ਲੈਣਗੇ। ਇਸ ਦੌਰਾਨ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਵਿਘਨ ਪਾਉਣ ਵਾਲੇ ਅਨਸਰ ਇਕੱਠੇ ਹੋ ਜਾਂਦੇ ਹਨ।



# ਦੋ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਕਾਹਨੂੰਵਾਨ ਦੇ ਏ.ਐੱਸ.ਆਈ. ਤਰਲੋਕ ਚੰਦ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨਹਿਰ ਪੁਲ ਕਾਲਾ ਬਾਲਾ ਨੇੜੇ ਸਰਕਾਰੀ ਸਕੂਲ ਤੋਂ ਬਲਵੀਰ ਸਿੰਘ ਉਰਫ ਬੀਰੂ ਪੁੱਤਰ ਨਿਰਮਲ ਸਿੰਘ ਵਾਸੀ ਰੋੜਾ ਵਾਲੀ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋ 7 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਥਾਣਾ ਪੁਰਾਣਾ ਸ਼ਾਲਾ ਦੇ ਏ.ਐੱਸ.ਆਈ. ਬਲਬੀਰ ਸਿੰਘ ਨੇ ਸਮੇਤ ਪੁਲਸ ਪਾਰਟੀ ਪੁਰਣਾ ਸ਼ਾਲਾ ਨਜ਼ਦੀਕ ਬਿਜਲੀ ਘਰ ਤੋਂ ਅਸੀਸ ਪੁੱਤਰ ਪੂਰਨ ਮਸੀਹ ਵਾਸੀ ਗਵਾਰ ਥਾਣਾ ਕੋਟਲੀ ਸੂਰਤ ਮੱਲੀਆਂ ਬਟਾਲਾ ਜੋ ਬੇਅਬਾਦ ਜਗ੍ਹਾ 'ਤੇ ਲੁਕ ਛਿੱਪ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ ਜਿਸ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ ਤਾਂ ਉਕਤ ਵਿਅਕਤੀ ਪਾਸੋਂ ਇਕ ਸਿਲਵਰ ਪੰਨੀ, ਲਾਈਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਪੁਲਸ ਨੇ ਦੋਵਾਂ ਮਾਮਲਿਆਂ ਵਿਚ ਕਾਬੂ ਕੀਤੇ ਨਸ਼ਾ ਤਸਕਰਾਂ ਖ਼ਿਲਾਫ਼ ਐੱਨ.ਡੀ.ਪੀ.ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਕੈਬਨਿਟ ਮੰਤਰੀ ਕਟਾਰੂਚੱਕ ਨੇ ਸਖੀ ਸ਼ਕਤੀ ਮੇਲਾ-2026 ਦੀ ਕਰਵਾਈ ਸ਼ੁਰੂਆਤ

**ਪਠਾਨਕੋਟ, (ਦਵਿੰਦਰ ਸਿੰਘ)**

ਉੱਦਮੀ ਮਹਿਲਾਵਾਂ ਦੇ ਉਥਾਨ ਅਤੇ ਉਪਜੀਵਿਕਾ ਦੇ ਸਾਧਨ ਪੈਦਾ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਟਰੱਕ ਯੂਨੀਅਨ ਨਜ਼ਦੀਕ ਆਡੀਟੋਰੀਅਮ ਵਿਖੇ ਚਾਰ ਦਿਵਸੀਏ ਸਖੀ ਸ਼ਕਤੀ ਮੇਲਾ 2026 ਦਾ ਆਰੰਭ ਕੀਤਾ ਗਿਆ। ਸਖੀ ਸ਼ਕਤੀ ਮੇਲਾ ਦੇ ਸਮਾਰੋਹ ਵਿੱਚ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਮੁੱਖ ਮਹਿਮਾਨ ਅਤੇ ਸੌਰਭ ਬਹਿਲ ਚੇਅਰਮੈਨ ਨਗਰ ਸੁਧਾਰ ਟਰੱਸਟ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਜ਼ਿਕਰ ਯੋਗ ਹੈ ਕਿ ਪਰਮ ਪਾਲ ਸਿੰਘ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਵੱਲੋਂ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ। ਸਖੀ ਮੇਲੇ ਦਾ ਆਰੰਭ ਮੁੱਖ ਮਹਿਮਾਨ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਇਸ ਮਗਰੋਂ ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਮੇਲੇ ਦੌਰਾਨ ਸੈਲਫ ਹੈਲਪ ਗਰੁੱਪਾਂ ਵੱਲੋਂ ਲਗਾਏ ਗਏ ਵੱਖ-ਵੱਖ ਸਟਾਲਾਂ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਤੇ ਸੰਬੋਧਿਤ ਕਰਦਿਆਂ ਕਟਾਰੂਚੱਕ ਨੇ ਕਿਹਾ ਕੀ ਜ਼ਿਲਾ ਪਠਾਨਕੋਟ ਪ੍ਰਸ਼ਾਸਨ ਵੱਲੋਂ ਕੀਤਾ ਗਿਆ ਉਪਰਾਲਾ ਪ੍ਰਸ਼ੰਸਾਯੋਗ ਹੈ ਕੀ ਜਿਨ੍ਹਾਂ ਮਹਿਲਾਵਾਂ ਦੇ ਉਥਾਨ ਦੇ ਲਈ ਅਜਿਹਾ ਪ੍ਰੋਗਰਾਮ ਉਲੀਕਿਆ ਹੈ। ਉਨ੍ਹਾਂ ਕਿਹਾ ਕਿ ਸਖੀ ਸ਼ਕਤੀ ਮੇਲਾ ਜਿਹੜਾ ਨਾਮ ਦਿੱਤਾ ਗਿਆ ਇਹ ਬਹੁਤ ਢੁੱਕਵਾਂ ਹੈ। ਪੇਂਡੂ ਖੇਤਰ ਦੇ ਅੰਦਰ ਸੈਲਫ ਹੈਲਪ ਗਰੁੱਪ ਬਣਾਏ ਗਏ ਹਨ। ਉਨ੍ਹਾਂ ਵੱਲੋਂ ਤਿਆਰ ਕੀਤੇ ਪ੍ਰੋਡਕਟ ਦੁਨੀਆਂ ਦੇ ਸਾਹਮਣੇ ਲੈ ਕੇ ਆਉਣਾ ਇੱਕ ਬਹੁਤ ਹੀ ਪ੍ਰਸ਼ੰਸਾਯੋਗ ਕੰਮ ਹੈ। ਇਸ ਕੰਮ ਦੇ ਨਾਲ ਜਿੱਥੇ ਉਨਾਂ ਨੂੰ ਇੱਕ ਪਹਿਚਾਣ ਮਿਲੇਗੀ ਉੱਥੇ ਉਨ੍ਹਾਂ ਦਾ ਰੁਤਬਾ ਵੀ ਵਧੇਗਾ ਅਤੇ ਉਹ ਆਰਥਿਕ ਪੱਖ ਤੋਂ ਵੀ ਮਜ਼ਬੂਤ ਹੋਣਗੀਆਂ। ਉਨਾਂ ਕਿਹਾ ਕਿ ਮਹਿਲਾਵਾਂ ਦੇ ਉਥਾਨ ਦੇ ਲਈ ਅਤੇ ਉਨਾਂ ਦਾ ਰੁਤਬੇ ਨੂੰ ਪਹਿਚਾਣ ਦੇ ਲਈ ਪੂਰੇ ਸੂਬੇ ਅੰਦਰ ਇਸ ਸਮੇਂ 2150 ਸੈਲਫ ਹੈਲਪ ਗਰੁੱਪ ਚੱਲ ਰਹੇ ਹਨ। ਉਨਾਂ ਕਿਹਾ ਕਿ ਜ਼ਿਲ੍ਹਾ ਪਠਾਨਕੋਟ ਅੰਦਰ ਵੀ ਸੈਲਫ ਗਰੁੱਪ ਨੇ ਵੱਖ ਵੱਖ ਖੇਤਰਾਂ ਅੰਦਰ ਬਹੁਤ ਸਾਰੇ ਇਸ ਤਰ੍ਹਾਂ ਦੇ ਗਰੁੱਪ ਚਲਾਏ ਜਾ ਰਹੇ ਹਨ ਚਾਹੇ ਉਹ ਬਾਰਡਰ ਦਾ ਏਰੀਆ ਹੈ ਚਾਹੇ ਉਹ ਧਾਰ ਦਾ ਏਰੀਆ ਹੈ ਚਾਹੇ ਉਹ ਪਠਾਨਕੋਟ ਦਾ ਏਰੀਆ ਹੈ ਮਹਿਲਾਵਾਂ ਨੂੰ ਇਹਨਾਂ ਸੈਲਫ ਹੈਲਪ ਗਰੁੱਪਾਂ ਨੇ ਇੱਕ ਵੱਖਰੀ ਪਹਿਚਾਣ ਦਿੱਤੀ ਹੈ। ਮਹਿਲਾਵਾਂ ਵੱਲੋਂ ਬਣਾਏ ਜਾਣ ਵਾਲੇ ਪ੍ਰੋਡਕਟ ਨੂੰ ਦੁਨੀਆਂ ਦੇ ਸਾਹਮਣੇ ਲੈ ਕੇ ਆਉਣਾ ਇਹ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹੈ। ਉਨਾਂ ਕਿਹਾ ਕਿ ਮੈਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਾ ਹਾਂ ਕਿ ਉਨਾਂ ਅਜਿਹੇ ਪ੍ਰੋਗਰਾਮ ਉਲੀਕ ਕੇ ਮਹਿਲਾਵਾਂ ਦੇ ਹੌਸਲੇ ਨੂੰ ਹੋਰ ਵਧਾਇਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਗਰੁੱਪਾਂ ਵੱਲੋਂ ਬਨਸਪਤੀ ਤੋਂ ਜੋ ਔਰਗੈਨਿਕ ਸਾਮਾਨ ਤਿਆਰ ਕੀਤਾ ਜਾਂਦਾ ਹੈ ਅਤੇ ਜਿਹੜਾ ਜੀਵਨ ਦੇ ਅੰਦਰ ਕੋਈ ਵੀ ਨੁਕਸਾਨ ਮਨੁੱਖ ਨੂੰ ਨਹੀਂ ਪਹੁੰਚਾਉਂਦਾ ਪ੍ਰਸ਼ੰਸਾਯੋਗ ਹੈ। ਪ੍ਰਸਿੱਧ ਗਾਇਕ ਸੁਭਾਸ਼ ਸੂਫੀ ਵੱਲੋਂ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮਹਿਮਾਨ ਅਤੇ ਹਾਜ਼ਰ ਹੋਰ ਮਹਿਮਾਨਾਂ ਨੂੰ ਯਾਦਗਾਰ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਦੀਪ ਕੁਮਾਰ ਬਲਾਕ ਪ੍ਰਧਾਨ, ਰਾਜੇਸ਼ ਕੁਮਾਰ, ਮਨਜੀਤ ਗੀਤੂ, ਅਨੁਰਾਧਾ, ਜੋਤੀ, ਸੁਰਿੰਦਰ, ਆਜ਼ਾਦਵਿੰਦਰ, ਰਜਿੰਦਰ, ਨਿਤਿਸ਼, ਰਜੇਸ਼ ਅਤੇ ਹੋਰ ਸਮੂਹ ਸਟਾਫ ਵੀ ਹਾਜ਼ਰ ਸੀ।



# 'ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ' ਮੁਹਿੰਮ ਤਹਿਤ ਸਮਾਗਮ ਆਯੋਜਿਤ

**ਗੁਰਦਾਸਪੁਰ, (ਜਨਕ ਮਹਾਜਨ)**

ਗੁਰਦਾਸਪੁਰ ਦੇ ਸਾਰੇ ਆਂਗਣਵਾੜੀ ਕੇਂਦਰਾਂ 'ਚ ਪੰਜਾਬ ਸਰਕਾਰ ਵਲੋਂ ਚਲਾਈ ਜਾ ਰਹੀ 'ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ' ਦੇ ਤਹਿਤ ਇਸ ਮਹੀਨੇ ਦੇ ਥੀਮ "ਸਮਾਜਿਕ, ਭਾਵਨਾਤਮਕ ਅਤੇ ਬੁੱਧਾਤਮਕ ਵਿਕਾਸ ਬਾਰੇ ਮਾਪਿਆ ਨੂੰ ਜਾਗਰੂਕ ਕਰਨਾ" ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਦੇ ਸਮਾਜਿਕ, ਭਾਵਨਾਤਮਕ ਅਤੇ ਬੁੱਧਾਤਮਕ ਵਿਕਾਸ ਨਾਲ ਸੰਬੰਧਿਤ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਸਮਾਗਮ ਵਿਚ ਬੱਚਿਆਂ ਲਈ ਪਲੇਅ-ਵੇਅ ਮੈਥਡ ਰਾਹੀਂ ਸਿੱਖਣ-ਸਿਖਾਉਣ ਦੀਆਂ ਗਤੀਵਿਧੀਆਂ, ਰੰਗ ਭਰਨ ਮੁਕਾਬਲੇ, ਕਹਾਣੀ ਸੁਣਾਉਣ ਅਤੇ ਗੀਤ-ਸੰਗੀਤ ਦੀਆਂ ਕਲਾਸਾਂ ਲਗਾਈਆਂ ਗਈਆਂ ਅਤੇ ਬੱਚਿਆਂ ਨੇ ਸਮਾਗਮ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ। ਜਸਮੀਤ ਕੌਰ ਨੇ ਦੱਸਿਆ ਕਿ ਈਸੀਸੀਈ ਦਿਵਸ ਮਨਾਉਣ ਦਾ ਮੁੱਖ ਉਦੇਸ਼ 3 ਤੋਂ 6 ਸਾਲ ਦੇ ਬੱਚਿਆਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਆਂਗਣਵਾੜੀ ਕੇਂਦਰਾਂ ਵਿੱਚ "ਪੋਸ਼ਣ ਵੀ, ਪੜ੍ਹਾਈ ਵੀ" ਮੁਹਿੰਮ ਤਹਿਤ ਬੱਚਿਆਂ ਨੂੰ ਸੰਤੁਲਿਤ ਪੋਸ਼ਣ ਦੇ ਨਾਲ-ਨਾਲ ਗੁਣਵੱਤਾਪੂਰਨ ਪ੍ਰੀ-ਸਕੂਲ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਮੌਕੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਵਲੋਂ ਮਾਪਿਆਂ ਨੂੰ ਵੀ ਬੱਚਿਆਂ ਦੀ ਰੁਟੀਨ, ਸਫ਼ਾਈ ਅਤੇ ਪੋਸ਼ਣ ਬਾਰੇ ਜਾਣਕਾਰੀ ਦਿੱਤੀ ਗਈ।



# ਪਾਵਰਕਾਮ ਦੀਆਂ ਜ਼ਮੀਨਾਂ ਕੌਡੀਆਂ ਦੇ ਭਾਅ ਵੇਚਣ ਵਾਲੀ ਨੀਤੀ ਦਾ ਸਖਤ ਵਿਰੋਧ



**ਧਾਰੀਵਾਲ, (ਮਨਦੀਪ ਵਿੱਕੀ)**-ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ ਦੇ ਸੂਬਾ ਪ੍ਰਧਾਨ ਰਵੇਲ ਸਿੰਘ ਸਹਾਏਪੁਰ ਦੀ ਅਗਵਾਈ ਹੇਠ ਕਰਮਚਾਰੀ ਦਲ ਜਥੇਬੰਦੀ ਨਾਲ ਸਬੰਧਿਤ ਬਿਜਲੀ ਮੁਲਾਜ਼ਮਾਂ ਵਲੋਂ ਮੰਗਾਂ ਨੂੰ ਲੈ ਕੇ ਪਾਵਰਕੌਮ ਡਿਵੀਜ਼ਨ ਧਾਰੀਵਾਲ ਦਫਤਰ ਅੱਗੇ ਰੋਸ਼ ਮੁਜ਼ਾਹਰਾ ਕੀਤਾ ਅਤੇ ਪੰਜਾਬ ਸਰਕਾਰ ਵਲੋਂ ਪਾਵਰਕੌਮ ਦੀਆਂ ਜਮੀਨਾਂ ਕੋਡੀਆਂ ਦੇ ਭਾਅ ਵੇਚਣ ਵਾਲੀ ਨੀਤੀ ਦਾ ਸਖਤ ਵਿਰੋਧ ਕੀਤਾ ਗਿਆ। ਇਸ ਦੌਰਾਨ ਬਿਜਲੀ ਕਰਮਚਾਰੀਆਂ ਨੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜੀ ਕੀਤੀ। ਰੋਸ਼ ਮੁਜ਼ਾਹਰੇ ਦੌਰਾਨ ਆਗੂਆਂ ਕਿਹਾ ਕਿ ਪੰਜਾਬ ਸਰਕਾਰ ਨੇ ਪਟਿਆਲਾ ਦੇ ਪਿੰਡ ਬਡੂੰਗਰ ਵਿੱਚ ਪਾਵਰਕੌਮ ਦੀ 50 ਏਕੜ ਜ਼ਮੀਨ ਕੌਡੀਆਂ ਦੇ ਭਾਅ ਵੇਚੀ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਬਿਜਲੀ ਐਕਟ 2025 ਨੂੰ ਰੱਦ ਕੀਤਾ ਜਾਵੇ ਅਤੇ ਪਾਵਰਕੌਮ ਦੀਆਂ ਜ਼ਮੀਨਾਂ ਵਿਭਾਗ ਕੋਲ ਹੀ ਰਹਿਣ ਦਿੱਤੀਆਂ ਜਾਣ। ਇਸ ਮੌਕੇ ਕਰਮਚਾਰੀ ਦਲ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਗਿੱਲ, ਬਾਰਡਰ ਜ਼ੋਨ ਦੇ ਪ੍ਰਧਾਨ ਜਸਵਿੰਦਰ ਸਿੰਘ ਗਿੱਲ, ਡਵੀਜ਼ਨ ਸੁਪਰਡੈਂਟ ਬਲਵਿੰਦਰ ਕੌਰ, ਐਚਡੀਐਮ ਜਸਵਿੰਦਰ ਸਿੰਘ ਔਲਖ, ਲੇਖਾ ਸੁਪਰਡੈਂਟ ਸੰਦੀਪ ਕੌਰ, ਯੂਡੀਸੀ ਜਤਿੰਦਰ ਸ਼ਰਮਾ, ਯੂਡੀਸੀ ਸੌਰਵ, ਐੱਲਡੀਸੀ ਜਤਿੰਦਰ ਕੁਮਾਰ, ਯੂਡੀਸੀ ਸੌਰਵ, ਲਾਈਨਮੈਨ ਕੁਲਜੀਤ ਸਿੰਘ, ਐਲਡੀਸੀ ਗਗਨਜੀਤ ਸਿੰਘ ਕੰਗ ਤੋਂ ਇਲਾਵਾ ਹੋਰ ਵੀ ਕਰਮਚਾਰੀ ਹਾਜਰ ਸਨ।

ਨਵਾਂ ਜ਼ਮਾਨਾ

ਵੀਰਵਾਰ, 19 ਫਰਵਰੀ 2026


# ਬਦਹਾਲ ਸਿਹਤ ਵਿਵਸਥਾ

ਪਿਛਲੇ ਦਿਨੀਂ ਫਰੀਦਾਬਾਦ ਦੇ ਇੱਕ ਮਜ਼ਦੂਰ ਨੂੰ ਪਤਨੀ ਦੀ ਲਾਸ਼ ਰੇਹੜੀ 'ਤੇ ਘਰ ਲਿਜਾਣੀ ਪਈ, ਕਿਉਂਕਿ ਪਰਵਾਰ ਦਾ ਸਾਰਾ ਪੈਸਾ ਇਲਾਜ 'ਤੇ ਖਰਚ ਹੋ ਗਿਆ ਸੀ ਤੇ ਨਿੱਜੀ ਐਂਬੂਲੈਂਸ ਦਾ ਜੁਗਾੜ ਨਹੀਂ ਸੀ ਕਰ ਸਕਦਾ। ਕੁਝ ਦਿਨ ਪਹਿਲਾਂ ਦਿੱਲੀ ਦੀ ਬੀ ਐੱਲ ਕੇ ਮੈਕਸ ਹਸਪਤਾਲ 'ਤੇ ਦੋਸ਼ ਲੱਗਾ ਕਿ ਉਸ ਨੇ ਲਾਸ਼ ਉਦੋਂ ਤੱਕ ਨਹੀਂ ਦਿੱਤੀ, ਜਦੋਂ ਤੱਕ ਇੱਕ ਲੱਖ ਰੁਪਏ ਹੋਰ ਅਦਾ ਨਹੀਂ ਕੀਤੇ ਗਏ।

ਇਹ ਉਨ੍ਹਾਂ ਪ੍ਰੇਸ਼ਾਨ ਕਰਨ ਵਾਲੀਆਂ ਕਹਾਣੀਆਂ ਵਿੱਚੋਂ ਦੋ ਹਨ, ਜਿਹੜੀਆਂ ਮੀਡੀਆ ਵਿੱਚ ਆ ਜਾਂਦੀਆਂ ਹਨ। ਜੇ ਕੌਮੀ ਰਾਜਧਾਨੀ ਦੀ ਇਹ ਹਾਲਤ ਹੈ ਤਾਂ ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਆਮ ਲੋਕਾਂ ਦੀ ਸਿਹਤ ਦੀ ਹਾਲਤ ਬਾਰੇ ਸੋਚਣਾ ਵੀ ਡਰਾਉਣਾ ਲਗਦਾ ਹੈ। ਬਸਤਰ ਦੇ ਆਦਿਵਾਸੀ ਖੇਤਰਾਂ ਦੀਆਂ ਸਿਹਤ ਸੇਵਾਵਾਂ ਦੀਆਂ ਕਹਾਣੀਆਂ ਤਾਂ ਰਾਜਧਾਨੀ ਦਿੱਲੀ ਦੇ ਮਾਮਲਿਆਂ ਨੂੰ ਪਿੱਛੇ ਛੱਡ ਦਿੰਦੀਆਂ ਹਨ, ਪਰ ਕਦੇ ਕੌਮੀ ਮੀਡੀਆ ਦੀਆਂ ਸੁਰਖੀਆਂ ਨਹੀਂ ਬਣਦੀਆਂ। ਇਹ ਮੰਦਭਾਗੀਆਂ ਘਟਨਾਵਾਂ ਦੱਸਦੀਆਂ ਹਨ ਕਿ ਦਹਾਕਿਆਂ ਦੇ ਨਵਉਦਾਰਵਾਦੀ ਸੁਧਾਰਾਂ ਤੇ ਸਿਹਤ ਦੇ ਖੇਤਰ ਵਿੱਚ ਸਰਵਜਨਕ ਨਿਵੇਸ਼ ਵਿੱਚ ਗਿਰਾਵਟ ਕਾਰਨ ਸਰਵਜਨਕ ਸਿਹਤ ਢਾਂਚਾ ਕਮਜ਼ੋਰ ਹੋਣ ਤੇ ਨਿੱਜੀ ਹਸਪਤਾਲਾਂ 'ਤੇ ਵਧਦੀ ਨਿਰਭਰਤਾ ਕਾਰਨ ਆਬਾਦੀ ਦਾ ਇੱਕ ਵੱਡਾ ਹਿੱਸਾ ਕਿਵੇਂ ਪ੍ਰੇਸ਼ਾਨ ਹੈ। ਸਰਕਾਰ ਆਪਣੀ ਜੀ ਡੀ ਪੀ ਦਾ ਸਿਰਫ 1.5 ਫੀਸਦੀ ਹੀ ਸਰਵਜਨਕ ਸਿਹਤ 'ਤੇ ਖਰਚ ਕਰਦੀ ਹੈ, ਜਿਸ ਕਰਕੇ ਲੱਖਾਂ ਲੋਕ ਆਪਣੀ ਜੇਬ ਵਿੱਚੋਂ ਖਰਚ ਕਰਨ ਲਈ ਮਜਬੂਰ ਹਨ। ਦਰਅਸਲ ਸਰਵਜਨਕ ਸਿਹਤ ਦਾ ਹੌਲੀ-ਹੌਲੀ ਮੁਨਾਫੇ ਨਾਲ ਸੰਚਾਲਤ ਮਾਲ ਦੇ ਰੂਪ ਵਿੱਚ ਰੂਪਾਂਤਰਣ ਹੋ ਰਿਹਾ ਹੈ। ਇਸ ਕਾਰਨ ਹਰ ਸਾਲ ਸਾਢੇ ਪੰਜ ਕਰੋੜ ਤੋਂ ਵੱਧ ਲੋਕ ਗਰੀਬੀ ਦੀ ਦਲਦਲ ਵਿੱਚ ਧੱਕੇ ਜਾ ਰਹੇ ਹਨ। ਇਸ ਦੇ ਨਾਲ ਹੀ ਰਵਾਇਤੀ ਦਵਾਈਆਂ ਦੇ ਨਾਂਅ 'ਤੇ ਅਣਵਿਗਿਆਨਕ ਤਰੀਕਿਆਂ ਤੇ ਇਲਾਜ ਨੂੰ ਵੀ ਬੜ੍ਹਾਵਾ ਦਿੱਤਾ ਜਾ ਰਿਹਾ ਹੈ। ਪਿਛਲੇ ਇੱਕ ਦਹਾਕੇ ਤੋਂ ਮੋਦੀ ਸਰਕਾਰ ਜਿਨ੍ਹਾਂ ਨਵਉਦਾਰਵਾਦੀ ਨੀਤੀਆਂ ਨੂੰ ਲਾਗੂ ਕਰ ਰਹੀ ਹੈ, ਉਨ੍ਹਾਂ ਨੇ ਸਿਹਤ ਦੇਖਭਾਲ ਦੇ ਖੇਤਰ ਵਿੱਚ ਸਮਾਨਤਾ ਤੇ ਪਹੁੰਚ ਦੇ ਸਿਧਾਂਤਾਂ ਨੂੰ ਕਮਜ਼ੋਰ ਕੀਤਾ ਹੈ, ਜਦਕਿ ਕਾਰਪੋਰੇਟ ਹਸਪਤਾਲਾਂ ਦੀਆਂ ਲੜੀਆਂ, ਬੀਮਾ ਆਧਾਰਤ ਮਾਡਲ ਤੇ ਨਿੱਜੀ ਨਿਵੇਸ਼ ਹਿੱਸੇਦਾਰੀ ਦੇ ਏਕੀਕਰਨ ਨੂੰ ਤੇਜ਼ ਕੀਤਾ ਹੈ। ਇਸ ਦਾ ਨਤੀਜਾ ਹੈ ਕਿ ਹੁਣ ਸਿਹਤ ਸੰਭਾਲ ਦੀਆਂ ਲੱਗਭੱਗ 80 ਫੀਸਦੀ ਸੇਵਾਵਾਂ ਨਿੱਜੀ ਖੇਤਰ ਵੱਲੋਂ ਦਿੱਤੀਆਂ ਜਾਂਦੀਆਂ ਹਨ, ਜਿਸ ਕੋਲ 60 ਫੀਸਦੀ ਤੋਂ ਵੱਧ ਹਸਪਤਾਲ ਤੇ ਬੈੱਡ ਹਨ। ਪਰਵਾਰਾਂ ਦੇ ਸਿਹਤ 'ਤੇ ਹੋਣ ਵਾਲੇ ਖਰਚ ਵਿੱਚੋਂ ਲੱਗਭੱਗ 70 ਫੀਸਦੀ ਦਵਾਈਆਂ 'ਤੇ ਖਰਚ ਹੁੰਦਾ ਹੈ ਅਤੇ ਆਮ ਲੋਕਾਂ ਦੀ ਘੱਟ ਆਮਦਨੀ ਤੇ ਡਿਗਦੀ ਖਰੀਦ ਸ਼ਕਤੀ ਕਾਰਨ ਜੀਵਨ ਬਚਾਊ ਦਵਾਈਆਂ ਤੱਕ ਉਨ੍ਹਾਂ ਦੀ ਪਹੁੰਚ ਲਗਾਤਾਰ ਮੁਸ਼ਕਲ ਹੁੰਦੀ ਜਾ ਰਹੀ ਹੈ।

ਇੱਕ ਹੋਰ ਵੱਡੀ ਚਿੰਤਾ ਦੀ ਗੱਲ ਹੈ ਕਿ ਆਯੁਸ਼ਮਾਨ ਭਾਰਤ ਵਰਗੀਆਂ ਕੇਂਦਰ ਵੱਲੋਂ ਲਾਗੂ ਕੀਤੀਆਂ ਗਈਆਂ ਯੋਜਨਾਵਾਂ ਰਾਜਾਂ ਦੀ ਖੁਦਮੁਖਤਾਰੀ ਨੂੰ ਕਮਜ਼ੋਰ ਕਰਦੀਆਂ ਹਨ ਅਤੇ ਵੱਖ-ਵੱਖ ਸਥਾਨਕ ਸਿਹਤ ਲੋੜਾਂ ਦਾ ਧਿਆਨ ਰੱਖਣ ਵਿੱਚ ਨਾਕਾਮ ਰਹਿੰਦੀਆਂ ਹਨ। ਕੇਂਦਰ ਸਰਕਾਰ ਦਾ ਇਹ ਰੁਖ ਕੇਰਲਾ ਤੇ ਤਾਮਿਲਨਾਡੂ ਵਰਗੇ ਰਾਜਾਂ ਦੇ ਯਤਨਾਂ ਨੂੰ ਕਮਜ਼ੋਰ ਕਰਦਾ ਹੈ, ਜਿੱਥੇ ਲਗਾਤਾਰ ਵਧਦੇ ਸਰਵਜਨਕ ਨਿਵੇਸ਼ ਨਾਲ ਬਿਹਤਰ ਸਿਹਤ ਨਤੀਜੇ ਮਿਲੇ ਹਨ। ਸਿਹਤ ਦੇ ਨਤੀਜੇ ਪੋਸ਼ਣ, ਰੁਜ਼ਗਾਰ, ਆਵਾਸ, ਸਾਫ-ਸਫਾਈ, ਪਰਿਆਵਰਣ ਤੇ ਵਿਤਕਰੇ ਤੋਂ ਆਜ਼ਾਦੀ ਵਰਗੇ ਵੱਡੇ ਸਮਾਜੀ ਕਾਰਕਾਂ ਤੋਂ ਵੱਖ ਨਹੀਂ ਕੀਤੇ ਜਾ ਸਕਦੇ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੇ ਤਬਕਿਆਂ ਵਿੱਚ ਭਾਰੀ ਆਰਥਿਕ ਨਾਬਰਾਬਰੀ ਦਾ ਸਭ ਤੋਂ ਵੱਧ ਸਿਹਤ ਪੱਖੋਂ ਅਸਰ ਪਛੜੇ ਤਬਕਿਆਂ, ਖਾਸਕਰ ਆਦਿਵਾਸੀਆਂ ਤੇ ਦਲਿਤਾਂ 'ਤੇ ਪੈਂਦਾ ਹੈ। ਇਸ ਸਥਿਤੀ ਦਾ ਮੁਕਾਬਲਾ ਕਰਨ ਲਈ ਨੀਤੀਆਂ ਵਿੱਚ ਤਬਦੀਲੀ ਲਿਆਉਣ ਦੀ ਲੋੜ ਹੈ। ਸਿਹਤ ਦੇਖਭਾਲ ਨੂੰ ਇੱਕ ਬੁਨਿਆਦੀ ਅਧਿਕਾਰ ਦੇ ਰੂਪ ਵਿੱਚ ਮਾਨਤਾ ਦੇਣ ਤੇ ਜੀ ਡੀ ਪੀ ਦਾ ਘੱਟੋ-ਘੱਟ ਪੰਜ ਫੀਸਦੀ ਸਰਵਜਨਕ ਖਰਚ ਕਰਨ ਵਰਗੇ ਕਦਮ ਉਠਾਉਣ ਦੀ ਲੋੜ ਹੈ। ਸਿਹਤ ਨੂੰ ਸਿਆਸਤ ਦਾ ਇੱਕ ਵੱਡਾ ਤੇ ਪ੍ਰਮੁੱਖ ਮੁੱਦਾ ਬਣਾਇਆ ਜਾਣਾ ਚਾਹੀਦਾ ਹੈ ਤਾਂ ਕਿ ਜਮਹੂਰੀ, ਸੈਕੂਲਰ ਤੇ ਲੋਕ-ਮੁਖੀ ਸਰਵਜਨਕ ਸਿਹਤ ਪ੍ਰਣਾਲੀ ਕਾਇਮ ਕੀਤੀ ਜਾ ਸਕੇ।

# ਟੈੱਟ ਉਮੀਦ ਅਜੇ ਬਾਕੀ ਹੈ



ਸੁੱਚਾ ਸਿੰਘ ਖੱਟੜਾ

ਦੇਸ਼ ਦਾ ਅਧਿਆਪਕ ਉੱਕਾ ਪ੍ਰੇਸ਼ਾਨ ਹੈ, ਮਾਣਯੋਗ ਸੁਪਰੀਮ ਕੋਰਟ ਨੇ ਆਪਣੇ 1-09-2025 ਦੇ ਫੈਸਲੇ ਨਾਲ ਵੱਡੀ ਗਿਣਤੀ ਅਧਿਆਪਕਾਂ ਦੇ ਰਹਿੰਦੇ ਸੇਵਾ ਕਾਲ ਉੱਤੇ ਮਾਨੋ ਤਲਵਾਰ ਹੀ ਲਟਕਾ ਦਿੱਤੀ ਹੈ। ਦੇਸ਼-ਵਿਆਪੀ ਬਿਪਤਾ ਦੇ ਵਿਰੋਧ ਵਿੱਚ ਪੰਜਾਬ ਦੇ ਟੀਚਰਾਂ ਵੱਲੋਂ ਪੰਜਾਬ ਦੇ ਸਿੱਖਿਆ ਮੰਤਰੀ ਵਿਰੁੱਧ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ, ਜਿਸ ਨੂੰ ਕੌਮੀ ਪੱਧਰ 'ਤੇ ਲਿਜਾਣ ਦੀ ਜ਼ਰੂਰਤ ਹੋਵੇਗੀ। ਸਮੱਸਿਆ ਸਮਝਾਉਣ ਦੀਆਂ ਸੰਭਾਵਨਾਵਾਂ ਦੀ ਤਲਾਸ਼ ਹੇਤ ਇਹ ਲਿਖਤ ਵਿਚਾਰੀ ਗਈ ਹੈ।

ਇਸ ਲਿਖਤ ਨੂੰ ਤੱਥ ਦੇਣ ਲਈ ਸਾਡੇ ਸਾਹਮਣੇ ਸਿੱਖਿਆ ਅਧਿਕਾਰ ਐਕਟ 2009, ਐਕਟ ਨੂੰ ਅਮਲੀ ਜਾਮਾ ਪਹਿਨਾਉਣ ਲਈ ਰਾਸ਼ਟਰੀ ਅਧਿਆਪਕ ਸਿੱਖਿਆ ਪਰੀਸ਼ਦ (NCTE) ਵੱਲੋਂ ਜਾਰੀ ਨੋਟੀਫਿਕੇਸ਼ਨ ਮਿਤੀ 23 ਅਗਸਤ 2010, ਪੰਜਾਬ ਸਰਕਾਰ ਵੱਲੋਂ ਟੈਟ ਤੋਂ ਛੋਟ ਦੇਣ ਦਾ ਪੱਤਰ ਮਿਤੀ 14-09-2017, ਛੋਟ ਵਾਪਸ ਲੈਣ ਦਾ ਪੱਤਰ ਮਿਤੀ 7-02-2026, ਨਵੀਂ ਸਿੱਖਿਆ ਨੀਤੀ 2020 ਅਤੇ ਸੁਪਰੀਮ ਕੋਰਟ ਦਾ ਫੈਸਲਾ ਮਿਤੀ 1-09-2025 ਹਨ। ਇਹਨਾਂ ਸਾਰੇ ਦਸਤਾਵੇਜ਼ਾਂ ਦੀ ਘੋਖ-ਪੜਤਾਲ ਵਿੱਚ ਹੀ ਹਜ਼ਾਰਾਂ ਅਧਿਆਪਕਾਂ ਦਾ, ਉਹਨਾਂ ਦੇ ਪਰਵਾਰਾਂ ਦਾ, ਸਕੂਲੀ ਸਿੱਖਿਆ ਦਾ ਅਤੇ ਇੱਥੋਂ ਤੱਕ ਕਿ ਸਰਕਾਰਾਂ ਦਾ ਭਵਿੱਖ ਛੁਪਿਆ ਪਿਆ ਹੈ।

ਅਧਿਆਪਕਾਂ ਉੱਤੇ ਇਸ ਟੈੱਟ ਨਾਂਅ ਦੇ ਭੂਤ ਦਾ ਜਨਮ 26-08-2009 ਨੂੰ ਪਾਸ ਕੀਤੇ ਸਿੱਖਿਆ ਅਧਿਕਾਰ ਐਕਟ ਦੇ ਪੈਰਾ 23 ਵਿੱਚ ਅਧਿਆਪਕਾਂ ਦੀ ਨਿਯੁਕਤੀ ਸਬੰਧੀ ਯੋਗਤਾਵਾਂ ਵਿੱਚੋਂ ਸਮਝਣਾ ਚਾਹੀਦਾ ਹੈ, ਜਿਸ ਨੂੰ ਅਮਲੀ ਰੂਪ ਦੇਣ ਲਈ ਯੋਗਤਾਵਾਂ ਮਿਥਣ ਜਾਂ ਤਹਿ ਕਰਨ ਦਾ ਅਧਿਕਾਰ ਕੇਂਦਰ ਸਰਕਾਰ ਨੇ 23-08-2010 ਦੀ ਨੋਟੀਫਿਕੇਸ਼ਨ ਰਾਹੀਂ ਆਪਣੇ ਕੋਲ ਲੈ ਲਿਆ ਅਤੇ ਟੈੱਟ ਨਾਂਅ ਦੇ ਟੈਸਟ ਦਾ ਸਿੱਖਿਆ ਇਤਿਹਾਸ ਵਿੱਚ ਪਹਿਲੀ ਵਾਰ ਜ਼ਿਕਰ ਹੋਇਆ।

ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ ਕਿ ਹੋਰ ਨੋਟੀਫਿਕੇਸ਼ਨਾਂ ਵਾਂਗ ਇਸ ਨੋਟੀਫਿਕੇਸ਼ਨ ਦੇ ਪਹਿਲੇ ਪਹਿਰੇ ਵਿੱਚ ਹੀ ਹੈ ਕਿ ਇਹ ਨੋਟੀਫਿਕੇਸ਼ਨ ਇਸ ਦੇ ਜਾਰੀ ਹੋਣ ਦੀ ਮਿਤੀ ਭਾਵ 23-08-2010 ਤੋਂ ਲਾਗੂ ਹੋਵੇਗੀ। ਨੋਟੀਫਿਕੇਸ਼ਨ ਵਿਚਲਾ ਇਹ ਆਦੇਸ਼ ਕਿਸੇ ਨੇ ਵਾਪਸ ਨਹੀਂ ਲਿਆ। ਇਸ ਨੋਟੀਫਿਕੇਸ਼ਨ ਵਿੱਚ ਪਹਿਲੀ ਜਮਾਤ ਤੋਂ ਅੱਠਵੀਂ ਤੱਕ ਪੜ੍ਹਾਉਣ ਲਈ ਯੋਗਤਾਵਾਂ ਵਿੱਚ ਟੈੱਟ ਸ਼ਾਮਲ ਹੈ। ਉਪਰੋਕਤ ਦੀ ਹੀ ਪ੍ਰੋੜ੍ਹਤਾ ਸਮਝੋ ਕਿ ਇਸੇ ਨੋਟੀਫਿਕੇਸ਼ਨ ਦੇ ਪੈਰਾ 4 ਵਿੱਚ ਸਪੱਸ਼ਟ ਲਿਖਿਆ ਹੈ ਕਿ ਇਸ ਨੋਟੀਫਿਕੇਸ਼ਨ ਅਗਸਤ 25, 2010 ਦੇ ਪੈਰਾ (1) ਵਿੱਚ ਦਿੱਤੀਆਂ ਯੋਗਤਾਵਾਂ ਉਹਨਾਂ ਅਧਿਆਪਕਾਂ ਉੱਤੇ ਲਾਗੂ ਨਹੀਂ ਹੋਣਗੀਆਂ, ਜਿਹੜੇ ਇਸ ਨੋਟੀਫਿਕੇਸ਼ਨ ਦੀ ਜਾਰੀ ਮਿਤੀ ਤੋਂ ਪਹਿਲਾਂ ਦੇ ਨਿਯੁਕਤ ਹਨ। ਟੈੱਟ ਇਹਨਾਂ ਯੋਗਤਾਵਾਂ ਵਿੱਚ ਹੈ, ਜਿਸ ਤੋਂ ਸਪੱਸ਼ਟ ਛੋਟ ਹੈ। ਇਹੋ ਕੁਝ ਵੇਖਦਿਆਂ ਇਸ ਨੋਟੀਫਿਕੇਸ਼ਨ ਤੋਂ ਪਹਿਲਾਂ ਨਿਯੁਕਤ ਅਧਿਆਪਕਾਂ ਨੂੰ ਪੰਜਾਬ ਸਰਕਾਰ ਨੇ ਪ੍ਰਮੋਸ਼ਨਾਂ ਲਈ ਟੈੱਟ ਤੋਂ ਛੋਟ ਦੇ ਦਿੱਤੀ ਸੀ। ਜਿਹੜੀ ਸੁਪਰੀਮ ਕੋਰਟ ਦੇ ਮਿਤੀ 1-09-2025 ਦੇ ਫੈਸਲੇ ਦੀ ਰੋਸ਼ਨੀ ਵਿੱਚ ਮੁੜ ਲਾਗੂ ਕਰ ਦਿੱਤੀ।

ਹੁਣ ਸੁਪਰੀਮ ਕੋਰਟ ਦੇ ਫੈਸਲੇ ਵੱਲ ਆਉਂਦੇ ਹਾਂ। ਮੌਜੂਦਾ ਕੇਸ ਵਿੱਚ ਕੇਸ ਦੀ ਫਾਇਲ ਦੇ ਪੰਨਾ 4 ਉੱਤੇ ਮਾਨਯੋਗ ਅਦਾਲਤ ਸਾਹਮਣੇ ਤਿੰਨ ਬੇਨਤੀਕਾਰ ਅਦਾਲਤ ਕੋਲ ਗਏ। ਜਿਹਨਾਂ ਨੂੰ ਉਨ੍ਹਾਂ ਦੇ ਮੁੱਦਿਆਂ ਸਮੇਤ (A), (B) ਅਤੇ (C) ਵਿੱਚ ਦਰਜ ਕੀਤਾ ਹੈ। (A) ਵਿੱਚ ਘੱਟ ਗਿਣਤੀ ਸਿੱਖਿਆ ਸੰਸਥਾਵਾਂ ਹਨ। ਜਿਹੜੀਆਂ ਆਪਣੇ ਆਪ ਨੂੰ ਸਿੱਖਿਆ ਸਬੰਧੀ ਸਰਕਾਰ ਦੇ ਆਦੇਸ਼ਾਂ ਤੋਂ ਬਾਹਰ ਰੱਖਣਾ ਚਾਹੁੰਦੀਆਂ ਹਨ, ਕਿਉਂਕਿ ਉਹ ਇਸ ਨੂੰ ਆਪਣਾ ਸੰਵਿਧਾਨਕ ਅਧਿਕਾਰ ਸਮਝਦੀਆਂ ਹਨ। (B) ਵਿੱਚ ਸੰਵਿਧਾਨ ਦੇ ਆਰਟੀਕਲ AB ਵਿੱਚ ਆਉਂਦੇ ਅਧਿਕਾਰੀ ਹਨ, ਜਿਹੜੇ ਟੈੱਟ ਨੂੰ ਸਰਕਾਰੀ ਸਿੱਖਿਆ ਸੰਸਥਾਵਾਂ ਵਾਂਗ ਘੱਟ ਗਿਣਤੀ ਸਿੱਖਿਆ ਸੰਸਥਾਵਾਂ ਉੱਤੇ ਲਾਗੂ ਕਰਨਾ ਚਾਹੁੰਦੇ ਹਨ। (C) ਵਿੱਚ ਉਹ ਅਧਿਆਪਕ ਹਨ ਜਿਹੜੇ ਸਿੱਖਿਆ ਅਧਿਕਾਰ ਐਕਟ 2009 ਤੋਂ ਪਹਿਲਾਂ ਦੇ ਨਿਯੁਕਤ ਹਨ ਅਤੇ ਪ੍ਰਮੋਸ਼ਨਾਂ ਲਈ ਟੈੱਟ ਦੀ ਸ਼ਰਤ ਦਾ ਵਿਰੋਧ ਕਰਦੇ ਹਨ।

ਸੁਪਰੀਮ ਕੋਰਟ ਦਾ ਸਾਡੀ ਚਰਚਾ ਅਧੀਨ ਫੈਸਲਾ ਵਾਰ-ਵਾਰ ਪੜ੍ਹ ਕੇ ਪਤਾ ਲੱਗਦਾ ਹੈ ਕਿ ਕੇਵਲ ਉਪਰੋਕਤ ਤਿੰਨ ਮੁੱਦਿਆਂ ਉੱਤੇ ਅਦਾਲਤ ਤੋਂ ਫੈਸਲਾ ਮੰਗਿਆ ਸੀ। ਸਿੱਖਿਆ ਅਧਿਕਾਰ ਐਕਟ ਤੋਂ ਪਹਿਲਾਂ ਦੇ ਨਿਯੁਕਤ ਸਾਰੇ ਅਧਿਆਪਕਾਂ ਉੱਤੇ ਤਾਂ ਟੈੱਟ ਲਾਗੂ ਹੋਵੇ ਜਾਂ ਨਾ ਹੋਵੇ, ਸੰਬੰਧੀ ਕੋਈ ਧਿਰ ਗਈ ਹੀ ਨਹੀਂ। ਪ੍ਰਮੋਸ਼ਨ ਕੇਸਾਂ ਵਾਲੇ ਹੀ ਉਪਰੋਕਤ (C) ਵਿੱਚ ਗਏ ਸਨ, ਪਰ ਫੈਸਲੇ ਵਿੱਚ ਜਿਹਨਾਂ ਦੀ ਪ੍ਰਮੋਸ਼ਨ ਨਹੀਂ ਹੋਣੀ ਜਾਂ ਜਿਹਨਾਂ ਲੈਣੀ ਹੀ ਨਹੀਂ, ਭਾਵ ਪ੍ਰਮੋਸ਼ਨ ਅਭਿਲਾਸ਼ੀ ਨਹੀਂ ਹਨ। ਮਾਣਯੋਗ ਸੁਪਰੀਮ ਕੋਰਟ ਨੇ ਉਹਨਾਂ ਉੱਤੇ ਵੀ ਟੈੱਟ ਲਾਜ਼ਮੀ ਕਰਨ ਦਾ ਫੈਸਲਾ ਦੇ ਦਿੱਤਾ। ਇਹ ਅਧਿਆਪਕਾਂ ਦੀ ਵਕੀਲਾਂ ਦੀ ਹਾਰ ਹੈ। ਜਿਹੜੇ ਪ੍ਰਮੋਸ਼ਨ ਨੂੰ ਬਹਿਸ ਵਿੱਚ ਨਵੀਂ ਨਿਯੁਕਤੀ ਮੰਨ ਗਏ ਅਤੇ ਪ੍ਰਮੋਸ਼ਨ ਨੂੰ ਟੈੱਟ ਤੋਂ ਬਾਹਰ ਨਾ ਰੱਖ ਸਕੇ। ਉਲਟਾ ਜਿਹੜੇ ਇਸ ਕੇਸ ਵਿੱਚ ਧਿਰ ਹੀ ਨਹੀਂ ਸਨ, ਉਹਨਾਂ ਉੱਤੇ ਵੀ ਟੈੱਟ ਲਾਗੂ ਕਰਵਾ ਦਿੱਤਾ।

ਫੈਸਲੇ ਅਨੁਸਾਰ ਫੈਸਲੇ ਦੀ ਮਿਤੀ ਤੋਂ 2 ਸਾਲ ਦੇ ਅੰਦਰ-ਅੰਦਰ ਟੈੱਟ ਪਾਸ ਕਰਨਾ ਹੈ, ਨਹੀਂ ਤਾਂ ਆਪ ਹੀ ਸੇਵਾ ਤੋਂ ਲਾਂਭੇ ਹੋ ਜਾਵੋ। ਜੇ ਆਪ ਨਹੀਂ ਜਾਵੋਗੇ ਤਾਂ ਸਰਕਾਰ ਨੂੰ ਕੱਢਣਾ ਪਵੇਗਾ, ਜਿਸ ਅਮਲ ਨੂੰ ਪੰਜਾਬ ਸਰਕਾਰ ਨੇ "ਅਜਿਹਾ ਨਾ ਕਰਨ ਦੀ ਸੂਰਤ ਵਿੱਚ (ਭਾਵ ਟੈੱਟ ਪਾਸ ਨਾ ਕਰਨ) ਵਿਭਾਗ ਵੱਲੋਂ ਮਾਣਯੋਗ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਅਗਲੇਰੀ ਕਾਰਵਾਈ (ਨੌਕਰੀ ਤੋਂ ਛੁੱਟੀ) ਅਮਲ ਵਿੱਚ ਲਿਆ ਦਿੱਤੀ ਜਾਵੇਗੀ।" ਵਾਕ ਲਿਖ ਕੇ ਆਪਣੇ ਵੱਲੋਂ ਦਿੱਤੀ ਛੋਟ ਵੀ ਵਾਪਸ ਲੈ ਲਈ ਅਤੇ ਅਦਾਲਤੀ ਫੈਸਲੇ ਉੱਤੇ ਅਮਲ ਦੀ ਚਿਤਾਵਨੀ ਵੀ ਜਾਰੀ ਕਰ ਦਿੱਤੀ।

ਪਰ ਫੈਸਲਾ ਲਾਗੂ ਕਰਨਾ ਏਨਾ ਅਸਾਨ ਨਹੀਂ। 25-25, 30-30 ਵਰ੍ਹੇ ਸਫ਼ਲਤਾ ਨਾਲ ਇਮਾਨਦਾਰੀ ਨਾਲ ਕੀਤੀ ਸੇਵਾ ਦਾ ਤਜਰਬਾ ਮਿੱਟੀ ਵਿੱਚ ਮਿਲਾਉਣ ਤੋਂ ਪਹਿਲਾਂ ਜੇ ਅਦਾਲਤ ਨੇ ਨਹੀਂ ਤਾਂ ਸੂਬਾ ਅਤੇ ਕੇਂਦਰ ਸਰਕਾਰਾਂ ਨੂੰ ਉੱਤਰ ਦੇਣਾ ਪਏਗਾ ਕਿ ਇਹ ਸਾਰੇ ਦੇ ਸਾਰੇ ਅਧਿਆਪਕ ਕੇਂਦਰ ਅਤੇ ਸੂਬਾ ਸਰਕਾਰਾਂ ਨੇ ਪੱਕੇ ਕਰ ਰੱਖੇ ਹਨ। ਕਨਫਰਮ ਅਧਿਆਪਕਾਂ ਨੂੰ ਕੱਢਣ ਤੋਂ ਪਹਿਲਾਂ ਅਦਾਲਤ ਅਤੇ ਸਰਕਾਰਾਂ ਨੂੰ ਸੀ ਐੱਸ ਆਰ ਪੜ੍ਹ ਲੈਣੇ ਚਾਹੀਦੇ ਸਨ। ਇਹਨਾਂ ਸਰਕਾਰਾਂ ਨੇ ਹੀ ਇਹਨਾਂ ਵਿੱਚੋਂ ਅਨੇਕਾਂ ਨੂੰ ਸਟੇਟ ਅਤੇ ਕੌਮੀ ਐਵਾਰਡ ਦੇ ਰੱਖੇ ਹਨ। ਅਨੇਕਾਂ ਅਧਿਆਪਕਾਂ ਨੂੰ ਹੋਰ ਸੰਸਥਾਵਾਂ ਵੱਲੋਂ ਵਧੀਆ ਅਧਿਆਪਕ ਮੰਨ ਕੇ ਸਨਮਾਨਤ ਕੀਤਾ ਜਾ ਚੁੱਕਾ ਹੈ। ਉਂਝ ਵੀ ਟੈੱਟ (TET) ਦਾ ਅਨੁਵਾਦ ਅਧਿਆਪਕ ਬਣਨ ਲਈ ਪਾਤਰਤਾ ਟੈਸਟ ਹੁੰਦਾ ਹੈ, ਯੋਗਤਾ ਟੈਸਟ ਨਹੀਂ ਹੁੰਦਾ। ਜਿਹੜਾ ਪਹਿਲਾਂ ਹੀ ਅਧਿਆਪਕ ਹੈ। ਉਸ ਕੋਲ ਉਸ ਸਮੇਂ ਯੋਗਤਾ ਅਤੇ ਪਾਤਰਤਾ ਹੈ ਸੀ, ਜਿਸ ਅਧਾਰ 'ਤੇ ਉਸ ਨੂੰ ਨਿਯੁਕਤੀ ਦਿੱਤੀ ਗਈ ਸੀ। ਉਸ ਦੀ ਸਾਲਾਨਾ ਗੁਪਤ ਰਿਪੋਰਟ ਰਾਹੀਂ ਉਸ ਦੀ ਕਾਰਗੁਜ਼ਾਰੀ ਹਰ ਸਾਲ ਉਸ ਦੀ ਯੋਗਤਾ ਅਤੇ ਕਾਰਗੁਜ਼ਾਰੀ ਤਸਦੀਕ ਹੁੰਦੀ ਆਈ ਹੈ। ਮਾਣਯੋਗ ਸੁਪਰੀਮ ਕੋਰਟ ਦੇ ਫੈਸਲੇ ਦਾ ਅਮਲ ਅਰਾਜਕਤਾਵਾਦੀ ਹੋ ਨਿਬੜੇਗਾ। ਦੇਸ਼ ਭਰ ਦੇ ਲੱਖਾਂ ਯੋਗ ਅਧਿਆਪਕਾਂ ਨੂੰ ਕੱਢ ਕੇ ਲੱਖਾਂ ਉਹ ਨਵੇਂ ਭਰਤੀ ਕੀਤੇ ਜਾਣਗੇ, ਜਿਹੜੇ ਤਿੰਨ ਸਾਲ ਪਰਖ ਸਮੇਂ ਵਿੱਚ ਰਹਿਣਗੇ। ਅਧਿਆਪਕਾਂ ਅਤੇ ਹੋਰ ਮੁਲਾਜ਼ਮਾਂ ਦੀਆਂ ਨਿਯੁਕਤੀਆਂ ਕਰਨ ਵਿੱਚ ਸਰਕਾਰਾਂ ਦੀ ਫੁਰਤੀ ਕਿਸੇ ਤੋਂ ਛੁਪੀ ਨਹੀਂ ਹੈ। ਉਂਝ ਵੀ ਨਵੇਂ ਅਧਿਆਪਕ ਤਜਰਬੇ ਪੱਖੋਂ ਕੱਢੇ ਜਾਣ ਵਾਲੇ ਅਧਿਆਪਕਾਂ ਬਰਾਬਰ ਨਹੀਂ ਹੋਣਗੇ। ਨਤੀਜਾ ਸਮੁੱਚੀ ਸਕੂਲ ਸਿੱਖਿਆ ਬਰਬਾਦ ਕਰਨ ਵਿੱਚ ਨਿਕਲੇਗਾ। ਮਾਣਯੋਗ ਅਦਾਲਤ ਅਤੇ ਸਰਕਾਰਾਂ ਜੀ ਸੇਵਾ ਕਾਲ ਵਿੱਚ ਕਚਿਆਈ ਨਹੀਂ ਪ੍ਰਪੱਕਤਾ ਲਿਆਉਂਦਾ ਹੈ। ਪੰਜਾਬ ਸਰਕਾਰ ਨੇ ਪਹਿਲੀ ਨਵੰਬਰ, 1967 ਵਿੱਚ ਮਾਨਤਾ ਪ੍ਰਾਪਤ ਪਾਈਵੇਟ ਸਕੂਲਾਂ ਉੱਤੇ ਦਿੱਲੀ ਪੈਟਰਨ ਲਾਗੂ ਕਰਦਿਆਂ ਉਹਨਾਂ ਨੂੰ ਗ੍ਰਾਂਟ ਇਨ ਏਡ ਅਧੀਨ ਲਿਆ ਕੇ ਸਰਕਾਰੀ ਅਧਿਆਪਕਾਂ ਦੇ ਪੇ ਗਰੇਡ ਦਿੱਤੇ ਸਨ, ਪਰ ਇਹ ਪੇ ਗਰੇਡ ਟ੍ਰੇਂਡ ਅਧਿਆਪਕਾਂ ਨੂੰ ਹੀ ਮਿਲਣੇ ਸਨ। ਇਹਨਾਂ ਸਕੂਲਾਂ ਵਿੱਚ ਤਾਂ ਤੀਜਾ ਹਿੱਸਾ ਟੀਚਰ ਅਨਟ੍ਰੇਂਡ ਸਨ। ਪੰਜਾਬ ਸਰਕਾਰ ਨੇ ਇਹਨਾਂ ਅਨਟ੍ਰੇਂਡ ਅਧਿਆਪਕਾਂ ਨੂੰ ਸਪੈਸ਼ਲ ਸਰਟੀਫਿਕੇਟ ਦੇ ਕੇ ਟ੍ਰੇਂਡ ਸ਼੍ਰੇਣੀ ਵਿੱਚ ਲਿਆਂਦਾ ਅਤੇ ਪੇ ਗਰੇਡ ਦੇ ਦਿੱਤੇ। ਇਹ ਹੈ ਤਜਰਬੇ ਨੂੰ ਮਾਨਤਾ। ਇੱਧਰ ਅੱਜ ਅਦਾਲਤਾਂ ਅਤੇ ਸਰਕਾਰਾਂ ਵੱਲੋਂ ਟ੍ਰੇਂਡ ਅਤੇ ਤਜਰਬਾਕਾਰਾਂ ਨੂੰ ਅਯੋਗ ਕਰਾਰ ਦੇ ਕੇ ਘਰ ਭੇਜਣ ਦੇ ਮਨਸੂਬੇ ਘੜੇ ਜਾ ਰਹੇ ਹਨ।

ਅਧਿਆਪਕੋ ਇਹੀ ਨਹੀਂ, ਤੁਹਾਡੀ ਸਾਲਾਨਾ ਇੰਕਰੀਮੈਂਟ 12 ਮਹੀਨੇ ਬਾਅਦ ਦੀ ਥਾਂ ਕਿਸੇ ਟੈਸਟ ਅਧੀਨ ਹੋ ਜਾਣੀ ਹੈ। ਨਵੀਂ ਸਿੱਖਿਆ ਨੀਤੀ 2020 ਦਾ ਪੈਰਾ 5 ਸਫਾ 21-22 ਸਪੱਸ਼ਟ ਕਹਿੰਦਾ ਹੈ ਕਿ ਸੇਵਾ ਕਾਲ (Tenure), ਪਦ-ਉਨਤੀ (Promotion) ਅਤੇ ਤਨਖਾਹ ਵਿੱਚ ਵਾਧੇ (ਇੰਕਰੀਮੈਂਟ ਆਦਿ) ਤਿੰਨੋਂ ਗੱਲਾਂ ਸੇਵਾ ਕਾਲ ਦੀ ਲੰਬਾਈ ਜਾਂ ਸੀਨੀਆਰਤਾ ਅਧਾਰਤ ਨਹੀਂ, ਸਗੋਂ ਕਾਰਗੁਜ਼ਾਰੀ ਦੇ ਮੁਲਾਂਕਣ ਅਧਾਰਤ ਰਹਿਣਗੀਆਂ। ਵੇਖੋ ਤੁਹਾਡੇ ਸਾਹਮਣੇ ਉਪਰੋਕਤ ਵਿੱਚੋਂ ਦੋ ਪ੍ਰਮੋਸ਼ਨ ਅਤੇ ਸੇਵਾ ਕਾਲ ਟੈੱਟ ਨਾਲ ਜੁੜ ਗਏ ਹਨ। ਤੀਜੇ ਸਾਲਾਨਾ ਇੰਕਰੀਮੈਂਟ ਨੂੰ ਕੱਟਣ ਦੀ ਉਮੀਦ ਕਰੋ। ਇਹ ਤਿੰਨੋਂ ਮੁੱਦੇ ਸੂਬਾ ਪੰਜਾਬ ਅਤੇ ਦੇਸ਼ ਦੇ ਸਾਰੇ ਮੁਲਾਜ਼ਮਾਂ ਦੇ ਸਾਂਝੇ ਹਨ। ਇਸ ਸੱਚ ਦੀ ਵਿਆਖਿਆ ਦੇਸ਼ ਭਰ ਦੇ ਮੁਲਾਜ਼ਮਾਂ ਦੀ ਪ੍ਰਚੰਡ ਲਹਿਰ ਖੜੀ ਕਰ ਸਕਦੀ ਹੈ। ਇਹਨਾਂ ਖਤਰਿਆਂ ਨੂੰ ਇਸੇ ਕਲਮ ਨੇ ਵਾਰ-ਵਾਰ ਅਗਾਹ ਕੀਤਾ ਸੀ। ਹਰ ਅਧਿਆਪਕ ਨੂੰ ਪੜ੍ਹਨ ਉਪਰੰਤ ਜਾਗਰੂਕ ਹੋ ਜਾਣਾ ਚਾਹੀਦਾ ਸੀ।

ਪ੍ਰਸ਼ਨ ਹੈ, ਹੁਣ ਕੀ ਕੀਤਾ ਜਾਵੇ? ਦੇਸ਼ ਪੱਧਰ ਉੱਤੇ ਕੇਂਦਰ ਸਰਕਾਰ ਵਿਰੁੱਧ ਲਾਮਬੰਦੀ ਕੀਤੀ ਜਾਵੇ। ਸੁਪਰੀਮ ਕੋਰਟ ਦਾ ਬੂਹਾ ਮੁੜ ਖੜਕਾਇਆ ਜਾਵੇ। ਪੰਜਾਬ ਸਰਕਾਰ ਅਤੇ ਦੂਜੀਆਂ ਸੂਬਾ ਸਰਕਾਰਾਂ ਨੂੰ ਪਾਰਟੀ ਬਣਾ ਕੇ ਆਪਣੇ ਹੱਕ ਵਿੱਚ ਭੁਗਤਾਇਆ ਜਾਵੇ। ਜੇਕਰ ਕੋਈ ਹੋਰ ਸੂਬਾ ਸਰਕਾਰ ਤਿਆਰ ਨਹੀਂ ਹੁੰਦੀ ਤਾਂ ਪੰਜਾਬ ਸਰਕਾਰ ਨੂੰ ਤਾਂ ਆਪਣੇ ਹੱਕ ਵਿੱਚ ਭੁਗਤਾਇਆ ਹੀ ਜਾਏ। ਉੱਚ ਕੋਟੀ ਦੇ ਵਕੀਲਾਂ ਨਾਲ ਲੰਬੀਆਂ ਚਰਚਾਵਾਂ ਉਪਰੰਤ ਹੀ ਅਪੀਲ ਜਾਂ ਮਸੌਦਾ ਤਿਆਰ ਕੀਤਾ ਜਾਵੇ। ਮਾਨਯੋਗ ਸੁਪਰੀਮ ਕੋਰਟ ਸਾਹਮਣੇ ਹਾਲੇ ਬਹੁਤ ਕੁੱਝ ਰੱਖਣਯੋਗ ਬਾਕੀ ਹੈ। ਸਾਰੀਆਂ ਸਿਆਸੀ ਪਾਰਟੀਆਂ ਦਾ ਰੁਖ ਜਾਨਣ ਲਈ ਉਹਨਾਂ ਨਾਲ ਓਪਰੀ-ਓਪਰੀ ਨਹੀਂ, ਗਹਿਣ ਵਿਚਾਰ ਕੀਤੀ ਜਾਵੇ। ਨਵੀਂ ਸਿੱਖਿਆ ਨੀਤੀ 2020 ਦੀ ਜਨਮਦਾਤੀ ਇਸ ਕੇਂਦਰ ਸਰਕਾਰ ਨੂੰ ਹਰ ਥਾਂ ਸੱਤਾ ਤੋਂ ਬਾਹਰ ਕੀਤਾ ਜਾਵੇ। ਇਹ ਕਾਰਜ ਸਿਆਸੀ ਨਹੀਂ, ਜਿਉਣ ਦੇ ਮੁਢਲੇ ਅਧਿਕਾਰ ਦਾ ਹਿੱਸਾ ਹੈ। ਯਾਦ ਕਰਨਾ ਅਤੇ ਯਾਦ ਰੱਖਣਾ ਬਣਦਾ ਹੈ ਕਿ ਅਟਲ ਬਿਹਾਰੀ ਵਾਜਪਾਈ ਨੇ ਪੁਰਾਣੀ ਪੈਨਸ਼ਨ 2004 ਵਿੱਚ ਵਾਪਸ ਲੈ ਲਈ ਸੀ, ਜਿਸ ਦੀ ਪ੍ਰਾਪਤੀ ਅੱਜ ਤੱਕ ਨਹੀਂ ਹੋ ਸਕੀ। ਕੋਈ ਧਰਮ, ਕੋਈ ਫਿਰਕਾ ਭੁਲੇਖੇ ਵਿੱਚ ਨਾ ਰਹੇ। ਤੁਹਾਡੇ ਸਾਡੇ ਹੱਕ ਬਿਨਾਂ ਵਿਤਕਰਾ ਖੋਹੇ ਜਾ ਰਹੇ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਟੈੱਟ ਅਤੇ ਟੈੱਟ ਦੀ ਅਣਹੋਂਦ ਦੇ ਪ੍ਰਭਾਵ ਸਭ ਉੱਤੇ ਇਕਸਾਰ ਹਨ। ਸਿਆਸਤ ਕਰਨਾ, ਸਿਆਸੀ ਪਾਰਟੀਆਂ ਅਤੇ ਸਿਆਸੀ ਲੋਕਾਂ ਦਾ ਕੰਮ ਹੈ। ਸਿਆਸਤ ਸਮਝਣਾ ਹਰ ਇੱਕ ਦਾ ਫਰਜ਼ ਹੈ।

**# ਸੰਪਰਕ : 94176-52947**

# ਬਦਲਦੇ ਦੌਰ 'ਚ ਰਿਸ਼ਤਿਆਂ ਦੇ ਮਾਅਨੇ



ਚਾਨਣਦੀਪ ਸਿੰਘ ਔਲਖ

ਸਮਾਂ ਕਦੇ ਵੀ ਇੱਕ ਥਾਂ 'ਤੇ ਨਹੀਂ ਖੜ੍ਹਦਾ। ਇਹ ਆਪਣੇ ਵਹਿਣ ਵਿੱਚ ਚਲਦਾ ਰਹਿੰਦਾ ਹੈ ਅਤੇ ਆਪਣੇ ਨਾਲ-ਨਾਲ ਇਨਸਾਨੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਬਦਲਦਾ ਜਾਂਦਾ ਹੈ। ਅਕਸਰ ਅਸੀਂ ਕਹਿੰਦੇ ਹਾਂ ਕਿ ਜ਼ਮਾਨਾ ਬਦਲ ਗਿਆ ਹੈ, ਲੋਕਾਂ ਦਾ ਰਹਿਣ-ਸਹਿਣ ਬਦਲ ਗਿਆ ਹੈ, ਪਰ ਜੇਕਰ ਡੂੰਘਾਈ ਨਾਲ ਦੇਖਿਆ ਜਾਵੇ ਤਾਂ ਸਿਰਫ਼ ਬਾਹਰੀ ਦਿਖਾਵਾ ਹੀ ਨਹੀਂ, ਸਗੋਂ ਸਾਡੇ ਅੰਦਰੂਨੀ ਜਜ਼ਬਾਤ, ਰਿਸ਼ਤਿਆਂ ਦੀ ਤਾਸੀਰ ਅਤੇ ਸਾਡਾ ਸੁਭਾਅ ਵੀ ਬਦਲ ਚੁੱਕਾ ਹੈ। ਖਾਸ ਤੌਰ 'ਤੇ ਇੱਕ ਔਰਤ, ਜੋ ਕਿ ਘਰ ਦੀ ਧੁਰੀ ਹੁੰਦੀ ਹੈ, ਉਸ ਦੀ 'ਮਾਂ' ਅਤੇ 'ਪਤਨੀ' ਵਜੋਂ ਭੂਮਿਕਾ ਪਿਛਲੇ ਕੁਝ ਦਹਾਕਿਆਂ ਵਿੱਚ ਜ਼ਮੀਨ-ਅਸਮਾਨ ਦੇ ਫ਼ਰਕ ਨਾਲ ਬਦਲ ਗਈ ਹੈ।

ਜੇਕਰ ਅਸੀਂ ਆਪਣੀਆਂ ਮਾਵਾਂ, ਦਾਦੀਆਂ ਜਾਂ ਨਾਨੀਆਂ ਦੇ ਸਮੇਂ ਵੱਲ ਝਾਤ ਮਾਰੀਏ, ਤਾਂ ਉਨ੍ਹਾਂ ਦੀ ਜ਼ਿੰਦਗੀ ਦਾ ਕੇਂਦਰ ਬਿੰਦੂ ਖੁਦ ਉਹ ਨਹੀਂ, ਸਗੋਂ ਉਨ੍ਹਾਂ ਦਾ ਪਰਵਾਰ ਅਤੇ ਬੱਚੇ ਹੁੰਦੇ ਸਨ। ਉਸ ਸਮੇਂ ਦੀਆਂ ਔਰਤਾਂ ਦੀ ਸੋਚ ਬਹੁਤ ਸਾਦੀ ਅਤੇ ਸਪੱਸ਼ਟ ਹੁੰਦੀ ਸੀ। ਉਨ੍ਹਾਂ ਦੇ ਮਨ ਵਿੱਚ ਹਮੇਸ਼ਾ ਇੱਕ ਅਜੀਬ ਜਿਹਾ 'ਫ਼ਿਕਰ' ਰਹਿੰਦਾ ਸੀ। ਇਹ ਫ਼ਿਕਰ ਆਪਣੇ ਲਈ ਨਹੀਂ ਸੀ, ਸਗੋਂ ਇਸ ਗੱਲ ਦਾ ਸੀ ਕਿ ਸਾਡੇ ਨਿਆਣੇ ਪੜ੍ਹ ਜਾਣ, ਉਹ ਜ਼ਿੰਦਗੀ ਵਿੱਚ ਕੁਝ ਬਣ ਜਾਣ ਅਤੇ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਹੋ ਜਾਵੇ।

ਉਸ ਦੌਰ ਦੀਆਂ ਔਰਤਾਂ ਲਈ ਪਤੀ-ਪਤਨੀ ਦਾ ਰਿਸ਼ਤਾ ਸਾਂਝ ਅਤੇ ਸਤਿਕਾਰ ਦਾ ਹੁੰਦਾ ਸੀ, ਨਾ ਕਿ ਲੈਣ-ਦੇਣ ਦਾ। ਉਨ੍ਹਾਂ ਨੂੰ ਕਦੇ ਇਹ ਚਿੰਤਾ ਨਹੀਂ ਸਤਾਉਂਦੀ ਸੀ ਕਿ ਉਨ੍ਹਾਂ ਦੇ ਪਤੀ ਨੇ ਉਨ੍ਹਾਂ ਨੂੰ ਵਿਆਹ ਦੀ ਵਰ੍ਹੇਗੰਢ (Anniversary) 'ਤੇ ਕੀ ਤੋਹਫ਼ਾ ਦਿੱਤਾ ਹੈ। ਕਈ ਵਾਰ ਤਾਂ ਉਨ੍ਹਾਂ ਨੂੰ ਇਹ ਵੀ ਯਾਦ ਨਹੀਂ ਹੁੰਦਾ ਸੀ ਕਿ ਅੱਜ ਉਨ੍ਹਾਂ ਦਾ ਜਨਮ ਦਿਨ ਹੈ ਅਤੇ ਨਾ ਹੀ ਪਤੀ ਵੱਲੋਂ ਵਿਸ਼ ਨਾ ਕਰਨ 'ਤੇ ਕੋਈ ਕਲੇਸ਼ ਹੁੰਦਾ ਸੀ। ਉਨ੍ਹਾਂ ਦਾ ਪਿਆਰ ਖਾਮੋਸ਼ ਜ਼ਰੂਰ ਸੀ, ਸ਼ਬਦਾਂ ਵਿੱਚ ਬਿਆਨ ਨਹੀਂ ਸੀ ਹੁੰਦਾ, ਪਰ ਉਹ ਨਿਰਸਵਾਰਥ ਸੀ। ਉਨ੍ਹਾਂ ਦੀਆਂ ਉਮੀਦਾਂ ਬਹੁਤ ਘੱਟ ਸਨ, ਪਰ ਪਰਵਾਰ ਲਈ 'ਫ਼ਿਕਰ' ਦਾ ਪੱਧਰ ਬਹੁਤ ਉੱਚਾ ਸੀ। ਸਬਰ ਅਤੇ ਸੰਤੋਖ ਉਨ੍ਹਾਂ ਦੇ ਗਹਿਣੇ ਸਨ।

ਅੱਜ ਦੇ ਸਮੇਂ ਵਿੱਚ ਤਸਵੀਰ ਬਿਲਕੁਲ ਉਲਟ ਹੋ ਗਈ ਹੈ। ਅਜੋਕੀ ਔਰਤ ਜਾਂ ਨਵੀਂ ਪੀੜ੍ਹੀ ਦੀ ਸੋਚ ਵਿੱਚ ਇੱਕ ਵੱਡੀ ਤਬਦੀਲੀ ਆਈ ਹੈ। ਅੱਜ ਅਸੀਂ ਫ਼ਿਕਰ ਘੱਟ ਕਰਨਾ ਚਾਹੁੰਦੇ ਹਾਂ, ਪਰ ਦੂਜਿਆਂ ਤੋਂ ਉਮੀਦਾਂ ਬਹੁਤ ਜ਼ਿਆਦਾ ਪਾਲ ਲੈਂਦੇ ਹਾਂ। ਰਿਸ਼ਤਿਆਂ ਵਿੱਚ ਪਿਆਰ ਮਾਪਣ ਦਾ ਪੈਮਾਨਾ ਬਦਲ ਗਿਆ ਹੈ। ਅੱਜ ਇੱਕ ਪਤਨੀ ਨੂੰ ਆਪਣੇ ਪਤੀ ਤੋਂ ਇਹ ਉਮੀਦ ਰਹਿੰਦੀ ਹੈ ਕਿ ਖਾਸ ਮੌਕਿਆਂ 'ਤੇ ਉਸ ਨੂੰ ਸਿਰਫ਼ ਯਾਦ ਹੀ ਨਾ ਕੀਤਾ ਜਾਵੇ, ਸਗੋਂ ਕੁਝ ਖਾਸ ਮਹਿਸੂਸ ਕਰਵਾਇਆ ਜਾਵੇ।

ਅੱਜ ਘਰਾਂ ਵਿੱਚ ਅਕਸਰ ਇਹ ਸਵਾਲ ਸੁਣਨ ਨੂੰ ਮਿਲਦੇ ਹਨ ਕਿ ਇਸ ਵਾਰ ਜਨਮਦਿਨ ਕਿਵੇਂ ਮਨਾਉਣਾ ਹੈ? ਪਿਛਲੇ ਇੱਕ ਸਾਲ ਤੋਂ ਤੁਸੀਂ ਮੈਨੂੰ ਕੋਈ ਢੰਗ ਦਾ ਗਿਫਟ ਨਹੀਂ ਦਿੱਤਾ ਜਾਂ 'ਮੇਰੀ ਐਨੀਵਰਸਰੀ 'ਤੇ ਮੇਰੇ ਲਈ ਕੀ ਸਰਪ੍ਰਾਈਜ਼ ਪਲੈਨ ਕੀਤਾ ਹੈ। ਇਹ ਗੱਲ ਸਹੀ ਹੈ ਕਿ ਪਿਆਰ ਦਾ ਇਜ਼ਹਾਰ ਬਹੁਤ ਜ਼ਰੂਰੀ ਹੈ। ਜੇਕਰ ਕੋਈ ਇਨਸਾਨ ਬੋਲ ਕੇ ਜਾਂ ਆਪਣੇ ਕੰਮਾਂ ਰਾਹੀਂ ਪਿਆਰ ਨਾ ਜਤਾਵੇ, ਤਾਂ ਸਾਥੀ ਨੂੰ ਅਣਗੌਲਿਆ ਮਹਿਸੂਸ ਹੋ ਸਕਦਾ ਹੈ।

ਅਸੀਂ ਅਣਜਾਣੇ ਵਿੱਚ ਹੀ ਛੋਟੀਆਂ-ਛੋਟੀਆਂ ਚੀਜ਼ਾਂ ਨੂੰ ਬਹੁਤ ਵੱਡਾ ਬਣਾ ਲਿਆ ਹੈ। ਸਾਨੂੰ ਇਹ ਲੱਗਣ ਲੱਗ ਪਿਆ ਹੈ ਕਿ ਰਿਸ਼ਤਾ ਸਿਰਫ਼ ਉਦੋਂ ਤੱਕ ਹੀ ਕਾਇਮ ਹੈ ਅਤੇ ਸਫਲ ਹੈ, ਜਦੋਂ ਤੱਕ ਸਾਡੀਆਂ ਇਹ ਨਿੱਜੀ ਮੰਗਾਂ ਅਤੇ ਉਮੀਦਾਂ ਪੂਰੀਆਂ ਹੁੰਦੀਆਂ ਰਹਿੰਦੀਆਂ ਹਨ। ਪੁਰਾਣੀਆਂ ਮਾਵਾਂ ਸਬਰ ਦੀ ਮੂਰਤ ਸਨ, ਜਦਕਿ ਅੱਜ ਅਸੀਂ ਦਿਖਾਵੇ ਅਤੇ ਪਦਾਰਥਕ ਖੁਸ਼ੀਆਂ ਵਿੱਚ ਉਲਝ ਗਏ ਹਾਂ। ਸੋਸ਼ਲ ਮੀਡੀਆ ਨੇ ਇਸ ਅੱਗ ਵਿੱਚ ਘਿਓ ਪਾਉਣ ਦਾ ਕੰਮ ਕੀਤਾ ਹੈ, ਜਿੱਥੇ ਦੂਜਿਆਂ ਦੀਆਂ ਫੋਟੋਆਂ ਦੇਖ ਕੇ ਅਸੀਂ ਆਪਣੀ ਅਸਲ ਜ਼ਿੰਦਗੀ ਤੋਂ ਅਸੰਤੁਸ਼ਟ ਹੋਣ ਲੱਗ ਪਏ ਹਾਂ।

ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਤੋਹਫ਼ੇ, ਪਾਰਟੀਆਂ ਅਤੇ ਸਰਪ੍ਰਾਈਜ਼ ਜ਼ਿੰਦਗੀ ਦਾ ਇੱਕ ਰੰਗ ਹੋ ਸਕਦੇ ਹਨ, ਪਰ ਇਹ ਜ਼ਿੰਦਗੀ ਦਾ ਮਕਸਦ ਨਹੀਂ ਹੋਣੇ ਚਾਹੀਦੇ। ਰਿਸ਼ਤੇ ਵਸਤੂਆਂ ਨਾਲ ਨਹੀਂ, ਭਾਵਨਾਵਾਂ ਨਾਲ ਸਾਹ ਲੈਂਦੇ ਹਨ। ਸਾਨੂੰ ਪੁਰਾਣੇ ਅਤੇ ਨਵੇਂ ਦੌਰ ਦੇ ਵਿਚਕਾਰ ਇੱਕ ਪੁਲ ਬਣਾਉਣ ਦੀ ਲੋੜ ਹੈ।

ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੇ ਬੱਚੇ ਉਹੀ ਸਿੱਖਦੇ ਹਨ, ਜੋ ਉਹ ਸਾਨੂੰ ਕਰਦੇ ਦੇਖਦੇ ਹਨ। ਜੇਕਰ ਅਸੀਂ ਰਿਸ਼ਤਿਆਂ ਨੂੰ ਸੋਸ਼ਲ ਮੀਡੀਆ ਦੀ ਚਕਾਚੌਂਧ ਅਤੇ ਮਹਿੰਗੇ ਤੋਹਫ਼ਿਆਂ ਤੱਕ ਸੀਮਤ ਕਰ ਦੇਵਾਂਗੇ, ਤਾਂ ਆਉਣ ਵਾਲੀ ਪੀੜ੍ਹੀ ਅਸਲ ਰਿਸ਼ਤਿਆਂ ਦੀ ਨਿੱਘ ਤੋਂ ਵਾਂਝੀ ਰਹਿ ਜਾਵੇਗੀ। ਸਾਡੀਆਂ ਮਾਵਾਂ ਵਾਲਾ ਪਰਵਾਰਕ 'ਫ਼ਿਕਰ' ਅਤੇ ਅੱਜ ਦੇ ਜ਼ਮਾਨੇ ਦਾ ਪਿਆਰ ਭਰਿਆ 'ਇਜ਼ਹਾਰ' ਜੇਕਰ ਇਨ੍ਹਾਂ ਦੋਵਾਂ ਵਿੱਚ ਸੰਤੁਲਨ ਬਣਾ ਲਿਆ ਜਾਵੇ ਤਾਂ ਰਿਸ਼ਤੇ ਹੋਰ ਵੀ ਖੂਬਸੂਰਤ ਹੋ ਸਕਦੇ ਹਨ। ਰਿਸ਼ਤੇ ਉਮੀਦਾਂ ਦੇ ਭਾਰ ਹੇਠ ਦੱਬ ਕੇ ਨਹੀਂ, ਸਗੋਂ ਇੱਕ-ਦੂਜੇ ਦੇ ਫ਼ਿਕਰ ਅਤੇ ਆਪਣੇਪਣ ਦੇ ਅਹਿਸਾਸ ਨਾਲ ਹੀ ਨਿਭਦੇ ਹਨ।

**# ਸੰਪਰਕ: 98768-88177**

# ਪ੍ਰੀਖਿਆਵਾਂ ਦੀ ਤਿਆਰੀ ਦੇ ਗੁਰ

ਬੋਰਡ ਪ੍ਰੀਖਿਆਵਾਂ ਵਿੱਚ ਥੋੜ੍ਹਾ ਸਮਾਂ ਰਹਿ ਚੁੱਕਿਆ ਹੈ। ਬੱਚੇ ਲਗਾਤਾਰ ਆਪਣੇ ਪੇਪਰਾਂ ਦੀ ਤਿਆਰੀ ਕਰ ਰਹੇ ਹਨ । ਬੋਰਡ ਦੀਆਂ ਪ੍ਰੀਖਿਆਵਾਂ ਬਹੁਤ ਮਹੱਤਵਪੂਰਨ ਹੁੰਦੀਆਂ ਹਨ।ਸਾਰਾ ਸਾਲ ਬੱਚੇ ਮਿਹਨਤ ਕਰਦੇ ਹਨ ਤੇ ਫਿਰ ਇਨ੍ਹਾਂ ਪ੍ਰੀਖਿਆਵਾਂ ਵਿੱਚ ਬੈਠ ਕੇ ਵਧੀਆ ਅੰਕ ਪ੍ਰਾਪਤ ਕਰਕੇ ਆਪਣੀ ਮੰਜ਼ਲ ਸਰ ਕਰਦੇ ਹਨ । ਦਸਵੀਂ ਦੀ ਪ੍ਰੀਖਿਆ ਤੋਂ ਬਾਅਦ ਬੱਚੇ ਆਪਣਾ ਅਲੱਗ-ਅਲੱਗ ਖੇਤਰ ਚੁਣਦੇ ਹਨ, ਕਿਸੇ ਨੇ ਵਿਗਿਆਨ ਤੇ ਕਿਸੇ ਨੇ ਕਾਨੂੰਨ ਜਾਂ ਹੋਰ ਖੇਤਰ ਵੱਲ ਜਾਣਾ ਹੁੰਦਾ ਹੈ। ਅਜਿਹੇ ਖੇਤਰਾਂ ਵਿੱਚ ਜਦੋਂ ਦਾਖਲਾ ਹੁੰਦਾ ਹੈ ਤਾਂ ਮੈਰਿਟ ਲਿਸਟ ਕਾਫੀ ਜ਼ਿਆਦਾ ਉੱਚੀ ਹੋ ਜਾਂਦੀ ਹੈ। ਕਹਿਣ ਦਾ ਮਤਲਬ ਹੈ ਕਿ ਹਰੇਕ ਵਿਦਿਆਰਥੀ ਨੂੰ ਇਹ ਹੁੰਦਾ ਹੈ ਕਿ ਮੇਰਾ ਮਨਪਸੰਦ ਖ਼ੇਤਰ ਵਿੱਚ ਦਾਖਲਾ ਜ਼ਰੂਰ ਹੋ ਜਾਵੇ। ਠੀਕ ਇਸੇ ਤਰ੍ਹਾਂ ਬਾਰ੍ਹਵੀਂ ਤੋਂ ਬਾਅਦ ਵੱਖ-ਵੱਖ ਖੇਤਰਾਂ ਵਿੱਚ ਵਿਦਿਆਰਥੀਆਂ ਦੀ ਆਪਣੀ ਦਿਲਚਸਪੀ ਹੁੰਦੀ ਹੈ। ਇਸੇ ਮੁਤਾਬਕ ਵਿਦਿਆਰਥੀ ਆਪਣੀ ਤਿਆਰੀ ਦਿਲ ਲਗਾ ਕੇ ਕਰਦੇ ਹਨ।ਪੇਪਰਾਂ ਦੀ ਤਿਆਰੀ ਇਕਾਗਰਤਾ ਨਾਲ ਕਰਨੀ ਚਾਹੀਦੀ ਹੈ।ਸਭ ਤੋਂ ਪਹਿਲਾ ਬੱਚੇ ਆਪਣਾ ਟਾਈਮ ਟੇਬਲ ਬਣਾਉਣ ਕਿ ਕਿਸ ਵਿਸ਼ੇ ਨੂੰ ਉਹਨਾਂ ਕਿੰਨਾ ਸਮਾਂ ਦੇਣਾ ਹੈ , ਲਿਖ ਕੇ ਦੇਖਣ, ਕਿਉਂਕਿ ਲਿਖਣ ਨਾਲ ਬਹੁਤ ਜਲਦੀ ਦਿਮਾਗ ਵਿੱਚ ਬੈਠ ਜਾਂਦਾ ਹੈ । ਜੋ ਵੀ ਵਿਸ਼ੇ ਤੋਂ ਸੰਬੰਧਤ ਯਾਦ ਕੀਤਾ ਹੈ, ਉਸ ਦੇ ਛੋਟੇ-ਛੋਟੇ ਹੈਡਿੰਗ ਬਣਾਉਣ, ਤਾਂ ਜੋ ਪ੍ਰੀਖਿਆ ਤੋਂ ਦੋ ਕੁ ਦਿਨ ਪਹਿਲਾਂ ਉਹਨਾਂ ਬਣਾਏ ਗਏ ਹੈਡਿੰਗ ਦਾ ਰੀਵਿਓ ਕੀਤਾ ਜਾ ਸਕੇ, ਕਿਉਂਕਿ ਉਸ ਵੇਲੇ ਇਨ੍ਹਾਂ ਸਮਾਂ ਨਹੀਂ ਹੁੰਦਾ ਕਿ ਸਾਰੇ ਹੀ ਸਿਲੇਬਸ 'ਤੇ ਗੌਰ ਫਰਮਾਈ ਜਾ ਸਕੇ । ਅੱਜਕੱਲ੍ਹ ਬੱਚੇ ਘਰ ਹੀ ਬੈਠ ਕੇ ਤਿਆਰੀ ਕਰ ਰਹੇ ਹਨ, ਕਿਉਂਕਿ ਪ੍ਰੀਖਿਆਵਾਂ ਵਿੱਚ ਥੋੜ੍ਹਾ ਹੀ ਸਮਾਂ ਰਹਿ ਚੁੱਕਿਆ ਹੈ । ਮੋਬਾਇਲ ( ਇੰਟਰਨੈੱਟ) 'ਤੇ ਜੋ ਕੋਈ ਵਿਸ਼ੇ ਨਾਲ ਸੰਬੰਧਤ ਜਾਣਕਾਰੀ ਲੈਣੀ ਹੈ, ਉਹ ਤੁਹਾਨੂੰ ਵਧੀਆ ਜਾਣਕਾਰੀ ਮਿਲ ਜਾਂਦੀ ਹੈ, ਪਰ ਕਈ ਵਾਰ ਦੇਖਣ ਵਿਚ ਆਉਂਦਾ ਹੈ ਕਿ ਉਸ ਵਿਸ਼ੇ ਬਾਰੇ ਬਹੁਤ ਹੀ ਡੂੰਘੀ ਜਾਣਕਾਰੀ ਮਿਲ ਜਾਂਦੀ ਹੈ ।

ਤਿਆਰੀ ਦੌਰਾਨ ਬੱਚਿਆਂ ਵੱਲੋਂ ਆਪਣੇ ਬਣਾਏ ਨੋਟਸ ਵਿਸ਼ੇਸ਼ ਕਾਰਗਰ ਸਿੱਧ ਹੁੰਦੇ ਹਨ, ਕਿਉਂਕਿ ਬੱਚੇ ਜੋ ਆਪਣਾ ਪਾਠ ਤਿਆਰ ਕਰਦੇ ਹਨ, ਉਸ ਮੁਤਾਬਕ ਆਪਣੇ ਨੋਟਸ ਬਣਾ ਲੈਂਦੇ ਹਨ।ਜਦੋਂ ਪੇਪਰਾਂ ਨੂੰ ਇੱਕ-ਦੋ ਦਿਨ ਰਹਿ ਜਾਂਦੇ ਹਨ, ਤਾਂ ਫਿਰ ਉਹੀ ਨੋਟਸ ਬੱਚਿਆਂ ਵੱਲੋਂ ਦੋਹਰਾਹੇ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦਾ ਵਧੀਆ ਅਭਿਆਸ ਹੋ ਜਾਂਦਾ ਹੈ। ਸਾਰਾ ਦਿਨ ਵੀ ਪੜ੍ਹਾਈ ਨਹੀਂ ਹੁੰਦੀ, ਥੋੜ੍ਹਾ ਸਮਾਂ ਖੇਡਣਾ ਵੀ ਜ਼ਰੂਰੀ ਹੁੰਦਾ ਹੈ। ਇਹ ਨਹੀਂ ਕਿ ਤੁਸੀਂ ਸਾਰਾ ਦਿਨ ਹੀ ਖੇਡਦੇ ਰਹੋ ਤੇ ਸ਼ਾਮ ਨੂੰ ਪੜ੍ਹਾਈ ਕਰੋ। ਸਵੇਰ ਦਾ ਸਮਾਂ ਪੜ੍ਹਾਈ ਲਈ ਬਹੁਤ ਵਧੀਆ ਹੁੰਦਾ ਹੈ, ਕਿਉਂਕਿ ਉਸ ਸਮੇਂ ਵਾਤਾਵਰਨ ਆਵਾਜ਼ ਪ੍ਰਦੂਸ਼ਣ ਮੁਕਤ ਹੁੰਦਾ ਹੈ। ਸਵੇਰ ਦਾ ਪੜ੍ਹਿਆ ਹੋਇਆ ਕਦੇ ਵੀ ਨਹੀਂ ਭੁੱਲਦਾ । ਸਵੇਰੇ ਜਲਦੀ ਉੱਠਣ ਦੀ ਆਦਤ ਪਾਓ, ਸੈਰ ਕਰੋ, ਤਾਜ਼ਾ ਹੋ ਕੇ ਆਪਣੀ ਕਿਤਾਬ ਉਠਾਓ, ਪੜ੍ਹਾਈ ਕਰੋ। ਤਾਜੇ ਫ਼ਲ ਤੇ ਸਬਜ਼ੀਆਂ ਦਾ ਸੇਵਨ ਕਰੋ, ਇਸ ਨਾਲ ਸਰੀਰ ਵਿੱਚ ਚੁਸਤੀ ਵੀ ਆਏਗੀ ਤੇ ਪੜ੍ਹਾਈ ਵਿੱਚ ਦਿਲਚਸਪੀ ਵੀ ਵਧੇਗੀ।ਹੋ ਸਕੇ ਤਾਂ ਇਨ੍ਹਾਂ ਦਿਨਾਂ ਦੌਰਾਨ ਵਿਆਹਾਂ ਵਿੱਚ ਜਾਣ ਤੋਂ ਗੁਰੇਜ਼ ਕੀਤਾ ਜਾਵੇ, ਕਿਉਂਕਿ ਅਗਰ ਅਸੀਂ ਵਿਆਹ ਵਿੱਚ ਤੱਤੀਆਂ-ਠੰਢੀਆਂ ਤਲੀਆਂ ਹੋਈਆਂ ਚੀਜ਼ਾਂ ਖਾਵਾਂਗੇ ,ਹੋ ਸਕਦਾ ਅਸੀਂ ਬਿਮਾਰ ਹੋ ਜਾਈਏ।ਪ੍ਰੀਖਿਆਵਾਂ ਦੌਰਾਨ ਮਾਂ-ਬਾਪ ਦਾ ਵੀ ਅਹਿਮ ਰੋਲ ਹੁੰਦਾ ਹੈ। ਕਈ ਮਾਂ-ਬਾਪ ਆਪਣੇ ਬੱਚਿਆਂ 'ਤੇ ਪ੍ਰੈਸ਼ਰ ਪਾਉਂਦੇ ਹਨ ਕਿ ਤੇਰੇ ਏਨੇ ਪ੍ਰਤੀਸ਼ਤ ਅੰਕ ਆਉਣੇ ਚਾਹੀਦੇ ਹਨ । ਇਹ ਬਿਲਕੁਲ ਗਲਤ ਹੈ । ਕਦੇ ਵੀ ਆਪਣੇ ਬੱਚੇ ਦਾ ਕਿਸੇ ਨਾਲ ਮੁਕਾਬਲਾ ਨਾ ਕਰੋ ।ਅਗਰ ਬੱਚੇ ਇਕਾਗਰ ਮਨ ਨਾਲ ਪ੍ਰੀਖਿਆਵਾਂ ਦੀ ਤਿਆਰੀ ਕਰਨਗੇ, ਸਮਾਂ-ਸਾਰਣੀ ਮੁਤਾਬਕ ਚੱਲਣਗੇ ਤਾਂ ਨਿਸਚਤ ਹੀ ਵਿਦਿਆਰਥੀ ਸਫ਼ਲਤਾ ਹਾਸਲ ਵੀ ਕਰਨਗੇ । ਆਪਣੇ ਮਾਂ-ਬਾਪ ਅਤੇ ਸਮਾਜ ਦਾ ਨਾਂਅ ਵੀ ਰੌਸ਼ਨ ਕਰਨਗੇ।

**-ਸੰਜੀਵ ਸਿੰਘ ਸੈਣੀ, ਮੋਹਾਲੀ, ਸੰਪਰਕ : 78889-66168**

# ਲਤੀਨੀ ਅਮਰੀਕੀ ਦੇਸ਼ਾਂ 'ਤੇ ਟਰੰਪ ਦੀ ਧੌਂਸ

**ਸੰਦੀਪ ਨਈਅਰ**



ਵੈਨੇਜ਼ੁਏਲਾ 'ਚ ਪਿਛਲੇ ਦਿਨਾਂ ਵਿਚ ਜੋ ਘਟਨਾਕ੍ਰਮ ਵਾਪਰਿਆ ਹੈ, ਉਹ ਨਵੇਂ ਬੰਦਿਆ ਲਈ ਤਾਂ ਹੈਰਾਨ ਕਰਨ ਵਾਲਾ ਹੋ ਸਕਦਾ, ਪਰ ਸਿਆਸਤ ਦੇ ਨਾਲ ਜੁੜੇ ਪੁਰਾਣੇ ਬੰਦਿਆ ਲਈ ਕੋਈ ਨਵੀ ਗੱਲ ਨਹੀਂ। ਖਾਸ ਕਰਕੇ ਲਤੀਨੀ ਅਮਰੀਕਾ ਦੇ ਦੇਸ਼ ਜਿਵੇ ਪਨਾਮਾ, ਬ੍ਰਾਜ਼ੀਲ , ਮੈਕਸੀਕੋ , ਅਰਜਨਟੀਨਾ ਤੇ ਚਿਲੀ ਵਰਗੇ ਦੇਸ਼ਾਂ ਵਿਚ ਅਮਰੀਕਾ ਵੱਲੋਂ ਰਾਜ ਪਲਟੇ ਕਰਵਾਉਣਾ ਤੇ ਆਪਣੀਆਂ ਕਠਪੁਤਲੀ ਸਰਕਾਰ ਜਾਂ ਡਿਕਟੇਟਰ ਨੂੰ ਉਥੋਂ ਦੀ ਜਨਤਾ 'ਤੇ ਥੋਪਣਾ ਪਿਛਲੇ ਸਮੇਂ ਵਿਚ ਇਕ ਆਮ ਜਿਹਾ ਵਰਤਾਰਾ ਹੈ।

ਵੈਨੇਜ਼ੁਏਲਾ ਦੇ ਰਾਸ਼ਟਰਪਤੀ ਮਾਦੁਰੋ ਨੂੰ ਜਿਸ ਤਰਾਂ ਅਮਰੀਕਾ ਦੀ ਡੈਲਟਾ ਫੋਰਸ ਵੱਲੋਂ ਉਸ ਦੀ ਰਿਹਾਇਸ਼ ਤੋਂ ਅਗਵਾ ਕਰ ਕੇ ਅਮਰੀਕਾ 'ਚ ਕਾਨੂੰਨੀ ਕਾਰਵਾਈ ਲਈ ਲਿਜਾਇਆ ਗਿਆ, ਉਸ ਨੇ ਸਾਰੀ ਦੁਨੀਆ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ, ਪਰ ਇਸ ਤੋਂ 36 ਸਾਲ ਪਹਿਲਾ ਵੀ 1990 ਵਿਚ ਪਨਾਮਾ 'ਚ ਮਿਲਟਰੀ ਅਪਰੇਸ਼ਨ ਰਾਹੀਂ ਅਮਰੀਕੀ ਮਿਲਟਰੀ ਵੱਲੋਂ ਦੇਸ਼ ਦੀਆਂ ਸਰਹੱਦ ਵਿਚ ਦਾਖ਼ਲ ਹੋ ਕੇ ਉਥੋਂ ਦੇ ਰਾਸ਼ਟਰਪਤੀ ਮੈਨੁਅਲ ਨੋਰੀਗਾ ਨੂੰ ਗਿਰਫ਼ਤਾਰ ਕਰਕੇ ਅਮਰੀਕਾ ਲਿਜਾਇਆ ਗਿਆ। ਹਾਲਾਂਕਿ ਮੈਨੁਅਲ ਨੋਰੀਗਾ ਵੀ ਕਿਸੇ ਸਮੇਂ ਅਮਰੀਕੀ ਏਜੰਸੀ ਸੀ ਆਈ ਏ ਦਾ ਹੱਥਠੋਕਾ ਬਣ ਕੇ ਉਹਨਾਂ ਲਈ ਕੰਮ ਕਰਦਾ ਰਿਹਾ। ਮੈਨੁਅਲ ਨੋਰੀਗਾ ਤੇ ਅਮਰੀਕਾ ਵਿਚ ਡਰੱਗਸ ਮਾਫੀਆ ਨਾਲ ਮਿਲ ਕੇ ਡਰੱਗਸ ਤਸਕਰੀ ਦਾ ਮੁਕੱਦਮਾ ਚਲਾਇਆ ਗਿਆ । ਕੋਰਟ ਵਿਚ ਮੁਕੱਦਮੇ ਦੌਰਾਨ ਅਮਰੀਕੀ ਸਰਕਾਰ ਨੇ ਮੰਨਿਆ ਕਿ ਮੈਨੁਅਲ ਨੋਰੀਗਾ ਨੂੰ 391 ਦੀ ਮਦਦ ਕਰਨ ਦੇ ਇਵਜ਼ ਵਜੋਂ 3 ਲੱਖ ਅਮਰੀਕੀ ਡਾਲਰ ਹਰ ਸਾਲ ਦਿੱਤਾ ਗਿਆ। ਮੈਨੁਅਲ ਨੋਰੀਗਾ ਨੂੰ ਅਮਰੀਕਾ ਸਰਕਾਰ ਵੱਲੋਂ ਸਕੂਲ ਆਫ਼ ਅਮਰੀਕਾ ਵਿਚ ਟਰੇਂਡ ਕੀਤਾ ਗਿਆ । ਸਕੂਲ ਆਫ਼ ਅਮਰੀਕਾ ਅਮਰੀਕਨ ਮਿਲਟਰੀ ਦਾ ਸਪੈਸ਼ਲ ਟਰੇਨਿੰਗ ਸੈਂਟਰ ਹੈ, ਜਿੱਥੇ ਭਰਤੀ ਕੀਤੇ ਜਾਂ ਵਾਲਿਆਂ ਨੂੰ ਲਤੀਨੀ ਅਮਰੀਕਾ ਦੀਆਂ ਗੁਰੀਲਾ ਕਮਿਊਨਿਸਟ ਲਹਿਰਾਂ ਨੂੰ ਕੁਚਲਣ ਲਈ ਟਰੇਂਡ ਕੀਤਾ ਜਾਂਦਾ ਹੈ। ਸਕੂਲ ਆਫ਼ ਅਮਰੀਕਾ ਵਿਚ ਟਰੇਂਡ ਕੀਤੇ ਏਜੰਟ ਲਤੀਨੀ ਅਮਰੀਕਾ ਦੇ ਮੁਲਕ ਜਿਵੇ ਕੋਲੰਬੀਆ ਤੇ ਨਿਕਾਰਾਗੁਆ 'ਚ ਹਥਿਆਰਬੰਦ ਕਮਿਊਨਿਸਟ ਲਹਿਰਾਂ ਦੇ ਖਿਲਾਫ ਭੁਗਤਦੇ ਰਹੇ। ਇਸੇ ਕੜੀ 'ਚ ਮੈਨੁਅਲ ਨੋਰੀਗਾ ਨੇ ਕਮਿਊਨਿਸਟ ਗੁਰੀਲਿਆਂ ਦੇ ਖਿਲਾਫ ਅਮਰੀਕੀ ਏਜੰਸੀਆਂ ਨੂੰ ਸੇਵਾਵਾਂ ਦਿਤੀਆਂ ।

ਮੈਨੁਅਲ ਨੋਰੀਗਾ 1981 'ਚ ਪਨਾਮਾ ਦੇ ਆਗੂ ਲੀਡਰ ਵਜੋਂ ਵੀ ਅਮਰੀਕਾ ਦੀ ਮਦਦ ਨਾਲ ਹੀ ਅੱਗੇ ਆਇਆ ਸੀ । ਮੈਨੁਅਲ ਨੋਰੀਗਾ ਤੋਂ ਪਹਿਲਾ ਪਨਾਮਾ ਦੇ ਵਿਚ ਡਿਕਟੇਟਰ ਓਮਰ ਟੋਰੀਜੋਸ ਸੱਤਾ ਵਿਚ ਸੀ । 31 ਜੁਲਾਈ 1981 ਨੂੰ ਇਕ ਹਵਾਈ ਹਾਦਸੇ ਵਿਚ ਓਮਰ ਟੋਰੀਜੋਸ ਦੀ ਮੌਤ ਹੋ ਜਾਂਦੀ ਹੈ।

ਓਮਰ ਟੋਰੀਜੋਸ ਦੇ ਅਮਰੀਕਾ ਦੇ ਨਾਲ ਕਾਫੀ ਮਤਭੇਦ ਸਨ । ਇਸ ਲਈ ਇਹ ਹਾਦਸਾ ਵੀ ਸ਼ੱਕੀ ਸੀ । ਓਮਰ ਟੋਰੀਜੋਸ ਦੀ ਮੌਤ ਤੋਂ ਬਾਅਦ ਪਨਾਮਾ ਦੀ ਰਾਜਨੀਤੀ ਵਿਚ ਇਕ ਖਲਾਅ ਆ ਗਿਆ, ਜਿਸ ਨੂੰ ਮੈਨੁਅਲ ਨੋਰੀਗਾ ਵੱਲੋਂ ਅਮਰੀਕਾ ਦੀ ਮਦਦ ਨਾਲ ਸੱਤ 'ਤੇ ਕਾਬਜ਼ ਹੋ ਕੇ ਭਰ ਦਿਤਾ ਗਿਆ, ਪਰ 1988 ਤੱਕ ਆਉਂਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਤੇ ਨਸ਼ੇ ਦੇ ਕਾਰੋਬਾਰ ਵਿਚ ਭਾਗੀਦਾਰੀ ਹੋਣ ਕਾਰਨ ਪਨਾਮਾ ਦੀ ਜਨਤਾ ਮੈਨੁਅਲ ਨੋਰੀਗਾ ਦੇ ਖਿਲਾਫ ਆਪਣਾ ਗੁੱਸਾ ਦਿਖਾਉਣ ਲੱਗੀ । ਅਮਰੀਕਾ ਦੇ ਰਾਸ਼ਟਰਪਤੀ ਰੀਗਨ ਵੱਲੋਂ ਮੈਨੁਅਲ ਨੋਰੀਗਾ ਨੂੰ ਪਨਾਮਾ ਦੀ ਰਾਜ-ਸੱਤਾ ਤਿਆਗ ਕੇ ਹੋਰ ਦੇਸ਼ ਜਾਣ ਲਈ ਡੀਲ ਦਿੱਤੀ ਗਈ, ਪਰ ਮੈਨੁਅਲ ਨੋਰੀਗਾ ਕਿਸੇ ਵੀ ਹਾਲਤ ਵਿਚ ਰਾਜ-ਸੱਤਾ ਤੋਂ ਦੂਰ ਨਹੀਂ ਜਾਣਾ ਚਾਹੁੰਦਾ ਸੀ ਤੇ ਉਸ ਨੇ ਅਮਰੀਕਾ ਦੀ ਇਸ ਡੀਲ ਨੂੰ ਸਵੀਕਾਰ ਨਹੀਂ ਕੀਤਾ। ਇਸ ਦੇ ਪ੍ਰਤੀਕਰਮ ਵਿਚ ਅਮਰੀਕੀ ਫੌਜ ਨੇ ਪਨਾਮਾ 'ਤੇ ਹੱਲਾ ਬੋਲ ਦਿਤਾ। ਇਸ ਹੱਲੇ ਵਿਚ 27000 ਅਮਰੀਕੀ ਫੌਜੀਆਂ ਨੇ ਹਿੱਸਾ ਲਿਆ । ਇਸ ਹੱਲੇ ਵਿਚ ਸਟੇਲਥ ਤਕਨੀਕ ਨਾਲ ਲੈਸ ਹਵਾਈ ਜਹਾਜ਼ਾਂ ਨੇ ਵੀ ਹਿੱਸਾ ਲਿਆ । ਅਮਰੀਕਾ ਦੇ ਫੌਜੀ ਹੱਲੇ ਦੌਰਾਨ ਮੈਨੁਅਲ ਨੋਰੀਗਾ ਵੱਲੋਂ ਭੱਜ ਕੇ ਵੈਟੀਕਨ ਸਿਟੀ ਦੀ ਅੰਬੈਸੀ ਵਿਚ ਜਾ ਸ਼ਰਨ ਲਈ।

ਅਮਰੀਕੀ ਫੌਜ ਨੇ ਮੈਨੁਅਲ ਨੋਰੀਗਾ ਨੂੰ ਅੰਬੈਸੀ ਤੋਂ ਬਾਹਰ ਕੱਢਣ ਲਈ ਕਈ ਮਨੋਵਿਗਿਆਨਕ ਤਰੀਕੇ ਵਰਤੇ। ਉਨ੍ਹਾਂ ਅੰਬੈਸੀ ਦੇ ਨੇੜੇ ਖੇਤਾਂ ਵਿਚ ਅੱਗ ਲਗਾ ਦਿੱਤੀ ਗਈ। ਅੰਬੈਸੀ ਦੀ ਕੰਧ ਦੇ ਨਜ਼ਦੀਕ ਮਿਲਟਰੀ ਨੇ ਟੈਂਕ ਤੇ ਹੋਰ ਭਾਰੀ ਹਥਿਆਰਾਂ ਦੀ ਤੈਨਾਤੀ ਕੀਤੀ । ਅਖੀਰ 'ਤੇ ਅੰਬੈਸੀ ਦੇ ਨਜ਼ਦੀਕ ਵੱਡੇ ਸਪੀਕਰ ਦੀ ਕੰਧ ਖੜ੍ਹੀ ਕਰ ਦਿੱਤੀ ਤੇ ਤੇਜ਼ ਸੰਗੀਤ ਲਗਾਤਾਰ ਵਜਾਇਆ ਗਿਆ। 10 ਦਿਨਾਂ ਬਾਅਦ ਮੈਨੁਅਲ ਨੋਰੀਗਾ ਨੇ ਹੱਥ ਖੜ੍ਹੇ ਕਰ ਦਿਤੇ ਤੇ 3 ਜਨਵਰੀ 1990 ਨੂੰ ਅੰਬੈਸੀ ਤੋਂ ਬਾਹਰ ਆਉਣਾ ਮੰਨ ਗਿਆ। ਮੈਨੁਅਲ ਨੋਰੀਗਾ ਨੂੰ ਮਿਲਟਰੀ ਵੱਲੋਂ ਗਿਰਫ਼ਤਾਰ ਕਰਕੇ ਅਮਰੀਕਾ ਲਿਜਾਇਆ ਗਿਆ ਅਮਰੀਕਾ ਵਿਚ ਮਿਆਮੀ ਕੋਰਟ ਵਿਚ ਉਸ 'ਤੇ ਨਸ਼ਾ ਤਸਕਰੀ ਦਾ ਕੇਸ ਚਲਾਇਆ ਗਿਆ। ਕੋਰਟ ਵੱਲੋਂ ਮੈਨੁਅਲ ਨੋਰੀਗਾ ਨੂੰ 40 ਸਾਲ ਦੀ ਸਜ਼ਾ ਦਿੱਤੀ ਗਈ ।

ਅਮਰੀਕਾ ਦਾ ਲਤੀਨੀ ਅਮਰੀਕੀ ਮੁਲਕ ਵਿਚ ਪਿਛਲੇ 100 ਸਾਲ ਤੋਂ ਇਸ ਤਰ੍ਹਾਂ ਦੀਆਂ ਧੜਵੈਲ ਕਾਰਵਾਈਆਂ ਦਾ ਇਤਿਹਾਸ ਹੈ ।ਅਮਰੀਕਾ ਇਹਨਾਂ ਮੁਲਕਾਂ ਦੇ ਤੇਲ ਤੇ ਹੋਰ ਸਾਧਨਾਂ 'ਤੇ ਆਪਣਾ ਕੰਟਰੋਲ ਰੱਖਣਾ ਹੱਕ ਸਮਝਦਾ ਹੈ । ਪਿਛਲੇ ਸਾਲਾਂ ਵਿਚ ਬਦਲੇ ਹਾਲਤਾਂ ਵਿਚ ਲਤੀਨੀ ਅਮਰੀਕਾ ਦੀਆ ਗੁਰੀਲਾ ਕਮਿਊਨਿਸਟ ਲਹਿਰਾਂ ਕਮਜ਼ੋਰ ਹੋਈਆਂ ਹਨ, ਪਰ ਉਥੋਂ ਦੀ ਕਿਰਤੀ ਜਨਤਾ ਨਵੇਂ ਤਰੀਕਿਆਂ ਨਾਲ ਗੋਲਬੰਦ ਵੀ ਹੋ ਰਹੀ ਹੈ । ਦੂਜੇ ਪਾਸੇ ਦੁਨੀਆ ਵਿਚ ਸਾਮਰਾਜੀ ਧੜਿਆਂ ਦੇ ਅੰਤਰ ਵਿਰੋਧ ਵੀ ਵਧ ਰਹੇ ਹਨ । ਉਮੀਦ ਹੈ ਕਿ ਲਤੀਨੀ ਅਮਰੀਕਾ ਦੇ ਲੋਕ ਆਪਣੀ ਮੁਕਤੀ ਦੇ ਰਾਹ 'ਤੇ ਜਲਦੀ ਹੀ ਲਾਮਬੰਦ ਹੋਣਗੇ।

**# ਸੰਪਰਕ : 98783-15755**

19 Feb Page 5.qxd 2/18/2026 10:27 PM Page 1



# ਪੰਜਾਬ ਵਪਾਰ ਕਮਿਸ਼ਨ ਛੋਟੇ ਵਪਾਰੀਆਂ ਦੇ ਸਮੇਂ ਤੇ ਮਿਹਨਤ ਦੀ ਕਰੇਗਾ ਬੱਚਤ : ਅਰੋੜਾ



ਮੋਗਾ, (ਇਕਬਾਲ ਸਿੰਘ ਖਹਿਰਾ) ਭਗਵੰਤ ਮਾਨ ਸਰਕਾਰ ਨੇ ਸੂਬੇ ਦੇ ਵਪਾਰਕ ਭਾਈਚਾਰੇ ਨੂੰ ਮਜ਼ਬੂਤ ਕਰਨ ਤੇ ਛੋਟੇ ਵਪਾਰੀਆਂ, ਦੁਕਾਨਦਾਰਾਂ ਅਤੇ ਉੱਦਮੀਆਂ ਲਈ ਵਪਾਰਕ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਲਈ ਪੰਜਾਬ ਵਪਾਰ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ ਹੈ।ਇਹ ਪਹਿਲਕਦਮੀ ਪੰਜਾਬ ਦੀ ਆਰਥਿਕਤਾ ਨੂੰ ਚਲਾਉਣ ਵਾਲਿਆਂ ਲਈ ਪ੍ਰਸ਼ਾਸਨ ਨੂੰ ਵਧੇਰੇ ਪਹੁੰਚਯੋਗ ਤੇ ਜਵਾਬਦੇਹ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮੋਗਾ ਦੇ ਪ੍ਰਤਾਪ ਰੋਡ 'ਤੇ ਪੰਜਾਬ ਰਾਜ ਵਪਾਰ ਕਮਿਸ਼ਨ ਦੇ ਪ੍ਰੋਗਰਾਮ ਦੌਰਾਨ ਵਪਾਰੀਆਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ ਇਸ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਇਹ ਵਿਚਾਰ ਪ੍ਰਗਟ ਕੀਤੇ।ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਵਪਾਰੀਆਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ। ਸਬੰਧਤ ਅਧਿਕਾਰੀਆਂ ਨੂੰ ਤੁਰੰਤ ਤੇ ਢੁੱਕਵੇਂ ਹੱਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਮੋਗਾ ਵਪਾਰ ਕਮਿਸ਼ਨ ਦੇ ਚੇਅਰਮੈਨ ਸੰਜੀਵ ਨਰੂਲਾ, ਮੋਗਾ ਨਗਰ ਨਿਗਮ ਦੇ ਮੇਅਰ ਪ੍ਰਵੀਨ ਸ਼ਰਮਾ, ਜਸਪਿੰਦਰ ਸਿੰਘ, ਏ.ਟੀ.ਪੀ ਪੂਨਮ ਜੀ.ਐਸ.ਟੀ, ਆਪ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀ ਵਾਲੇ, ਬਲਾਕ ਪ੍ਰਧਾਨ ਰਾਕੇਸ਼ ਮਿੱਡਾ, ਕੌਂਸਲਰ ਗੁਰਪ੍ਰੀਤ ਸਚਦੇਵਾ, ਪ੍ਰਿੰਸਪਾਲ ਅਰੋੜਾ, ਗੌਰਵ ਗਰਗ, ਰਮਨ ਮੱਕੜ, ਐਡਵੋਕੇਟ ਰਿਸ਼ਭ ਗਰਗ, ਅੰਕਿਤ ਗਰਗ, ਬੌਬੀ ਕੰਬੋ, ਰੋਸ਼ਨ ਲਾਲ ਚਾਵਲਾ, ਦਵਿੰਦਰ ਤਿਵਾੜੀ, ਕੌਂਸਲਰ ਅਰਵਿੰਦਰ ਸਿੰਘ ਕਾਹਨਪੁਰੀਆ, ਸੁਭਾਸ਼ ਗਰੋਵਰ, ਵਿਜੇ ਸੇਠੀ ਤੇ ਵੱਖ-ਵੱਖ ਵਪਾਰੀਆਂ ਸਮੇਤ ਹੋਰ ਵੀ ਹਾਜ਼ਰ ਸਨ। ਆਪਣੇ ਸੰਬੋਧਨ ਵਿੱਚ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਵਪਾਰ ਕਮਿਸ਼ਨ ਇਹ ਯਕੀਨੀ ਬਣਾਉਣ ਵਿੱਚ ਲਗਾਤਾਰ ਪ੍ਰਭਾਵਸ਼ਾਲੀ ਭੂਮਿਕਾ ਨਿਭਾਅ ਰਿਹਾ ਹੈ ਕਿ ਸਾਡੇ ਵਪਾਰੀਆਂ ਨੂੰ ਕੋਈ ਸਮੱਸਿਆ ਨਾ ਆਵੇ।ਵਪਾਰੀਆਂ ਦੀ ਭਲਾਈ ਤੇ ਸਹੂਲਤ ਸਾਡੀ ਤਰਜੀਹ ਹੈ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਇਹ ਇਕੱਠ 'ਤੁਹਾਡੀ ਸਰਕਾਰ, ਤੁਹਾਡੀ ਅਦਾਲਤ' ਦੀ ਭਾਵਨਾ ਨੂੰ ਦਰਸਾਉਂਦਾ ਹੈ।ਉਨ੍ਹਾਂ ਅੱਗੇ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕਾਰੋਬਾਰਾਂ ਨੂੰ ਰੁਟੀਨ ਪ੍ਰਵਾਨਗੀਆਂ, ਵਿਭਾਗੀ ਪ੍ਰਵਾਨਗੀਆਂ ਤੇ ਰੋਜ਼ਾਨਾ ਦੇ ਕਾਰੋਬਾਰੀ ਕਾਰਜਾਂ ਲਈ ਦਫ਼ਤਰਾਂ ਵਿੱਚ ਨਾ ਭੱਜਣਾ ਪਵੇ।ਸਾਲਾਂ ਤੋਂ, ਛੋਟੇ ਵਪਾਰੀਆਂ ਤੇ ਦੁਕਾਨਦਾਰਾਂ ਨੂੰ ਛੋਟੇ-ਮੋਟੇ ਮੁੱਦਿਆਂ ਲਈ ਵੀ ਕਈ ਦਫ਼ਤਰਾਂ ਵਿੱਚ ਜਾ ਕੇ ਕੀਮਤੀ ਸਮਾਂ ਬਰਬਾਦ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।ਇਹ ਬਦਲਣਾ ਚਾਹੀਦਾ ਹੈ ਤੇ ਮੌਜੂਦਾ ਸਰਕਾਰ ਇਸਨੂੰ ਬਦਲਣ ਲਈ ਦ੍ਰਿੜ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਪਾਰੀ ਤੇ ਛੋਟੇ ਕਾਰੋਬਾਰ ਰਾਜ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ।ਸਾਡੀ ਸਰਕਾਰ ਇੱਕ ਅਜਿਹਾ ਪੰਜਾਬ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਜਿੱਥੇ ਇਮਾਨਦਾਰ ਕਾਰੋਬਾਰੀ ਕਾਗਜ਼ੀ ਕਾਰਵਾਈ, ਦੇਰੀ ਤੇ ਬੇਲੋੜੀਆਂ ਪਰੇਸ਼ਾਨੀਆਂ ਵਿੱਚ ਫਸਣ ਦੀ ਬਜਾਏ ਆਪਣੇ ਕਾਰੋਬਾਰਾਂ ਨੂੰ ਵਧਾਉਣ 'ਤੇ ਧਿਆਨ ਕੇਂਦਰਿਤ ਕਰ ਸਕਣ।ਉਨ੍ਹਾਂ ਕਿਹਾ ਕਿ ਪੰਜਾਬ ਵਪਾਰ ਕਮਿਸ਼ਨ ਦੀ ਸਥਾਪਨਾ ਜਨਤਕ ਸੇਵਾ, ਪਾਰਦਰਸ਼ਤਾ ਤੇ ਕਾਰੋਬਾਰ ਕਰਨ ਵਿੱਚ ਆਸਾਨੀ ਦੀ ਭਾਵਨਾ ਨਾਲ ਕੀਤੀ ਜਾਵੇਗੀ। ਵਪਾਰੀਆਂ ਨੂੰ ਇੱਕ ਪਲੇਟਫਾਰਮ 'ਤੇ ਸਹਾਇਤਾ, ਮਾਰਗਦਰਸ਼ਨ ਤੇ ਤੁਰੰਤ ਹੱਲ ਪ੍ਰਾਪਤ ਹੋਣਗੇ, ਇਹ ਯਕੀਨੀ ਬਣਾਉਣ ਲਈ ਕਿ ਸਰਕਾਰ ਉਨ੍ਹਾਂ ਦੇ ਹਿੱਤ ਵਿੱਚ ਕੰਮ ਕਰੇ, ਉਨ੍ਹਾਂ ਦੇ ਵਿਰੁੱਧ ਨਹੀਂ।

# ਬਡੂੰਗਰ ਵੱਲੋਂ ਸਿੱਖ ਇਤਿਹਾਸ ਲਾਇਬ੍ਰੇਰੀ ਦਾ ਉਦਘਾਟਨ



ਸਮਾਣਾ (ਗੁਰਪਿਆਰ ਸਿੰਘ ਬੱਲ) ਗੁਰਦੁਆਰਾ ਸਿੰਘ ਸਭਾ ਫ਼ਤਿਹਪੁਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਵਿੱਚ ਸਿੱਖ ਇਤਿਹਾਸ ਲਾਇਬ੍ਰੇਰੀ ਦਾ ਉਦਘਾਟਨ ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਐਸ ਜੀ ਪੀ ਸੀ ਅਤੇ ਜ਼ਿਲ੍ਹਾ ਜਥੇਦਾਰ ਜਗਮੀਤ ਸਿੰਘ ਹਰਿਆਊ ਨੇ ਕੀਤਾ। ਇਸ ਮੌਕੇ ਬੋਲਦਿਆਂ ਬਡੂੰਗਰ ਨੇ ਰਣਜੋਧ ਸਿੰਘ ਰਾਣਾ ਮੈਂਬਰ ਬਲਾਕ ਸੰਮਤੀ ਹੀਰਾ ਸਿੰਘ ਕੋਮਲ ਸਾਹਿਤਕਾਰ ਅਤੇ ਰਾਜ ਸਿੰਘ ਸਮਾਣਾ ਵੱਲੋਂ ਕੀਤੇ ਇਸ ਉਦਮ ਲਈ ਉਹਨਾਂ ਦੀ ਸ਼ਲਾਘਾ ਕੀਤੀ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੱਤੀ। ਕੁਲਦੀਪ ਸਿੰਘ ਨੱਸੂਪੁਰ ਮੈਂਬਰ ਐਸ ਜੀ ਪੀ ਸੀ ਨੇ ਵੀ ਟੈਲੀਫੋਨ 'ਤੇ ਇਸ ਉਦਮ ਲਈ ਪ੍ਰਬੰਧਕੀ ਟੀਮ ਨੂੰ ਵਧਾਈ ਦਿੱਤੀ। ਇਸ ਨਾਲ ਨੌਜਵਾਨ ਪੀੜ੍ਹੀ ਸਿੱਖ ਇਤਿਹਾਸ ਨਾਲ ਜੁੜੇਗੀ, ਇਹ ਚੰਗਾ ਉਪਰਾਲਾ ਹੈ। ਇਸ ਤਰ੍ਹਾਂ ਦੀਆਂ ਲਾਇਬ੍ਰੇਰੀਆਂ ਹੋਰ ਵੀ ਪਿੰਡਾਂ 'ਚ ਖੋਲ੍ਹੀਆਂ ਜਾਣਗੀਆਂ। ਇਸ ਮੌਕੇ ਵਿਸ਼ੇਸ਼ ਕੀਰਤਨ ਦਰਬਾਰ ਵਿੱਚ ਬਾਬਾ ਰਣਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸਾਹਿਬ ਨੇ ਹਾਜ਼ਰੀ ਭਰੀ। ਇਸ ਤੋਂ ਉਪਰੰਤ ਧਾਰਮਿਕ ਆਰਟਿਸਟ ਸੁਲੱਖਣ ਸਿੰਘ ਨਿਰਾਲਾ, ਹਰਨੀਤ ਕੌਰ ਫਤਿਹਪੁਰ ਅਤੇ ਬੱਚੀ ਗਨੀਵ ਕੌਰ ਨੇ ਕਵਿਤਾ ਪੇਸ਼ ਕਰਕੇ ਵਾਹ-ਵਾਹ ਖੱਟੀ। ਇਸ ਮੌਕੇ ਸਟੇਜ ਸਕੱਤਰ ਦੀ ਸੇਵਾ ਹੀਰਾ ਸਿੰਘ ਕੋਮਲ ਨੇ ਨਿਭਾਈ। ਸੰਗਤਾਂ ਦਾ ਧੰਨਵਾਦ ਸੁਖਵਿੰਦਰ ਸਿੰਘ ਦਾਨੀਪੁਰ ਨੇ ਕੀਤਾ। ਇਸ ਮੌਕੇ ਰਣਜੋਤ ਸਿੰਘ ਰਾਣਾ ਤੇ ਜਸਵੰਤ ਸਿੰਘ ਆਦਿ ਹਾਜ਼ਰ ਸਨ।

# ਸਮਾਜਿਕ ਸੁਰੱਖਿਆ ਸਕੀਮਾਂ ਹੇਠ 5,748 ਕਰੋੜ ਤੋਂ ਵੱਧ ਦੀ ਰਕਮ ਜਾਰੀ: ਡਾ. ਬਲਜੀਤ ਕੌਰ

ਚੰਡੀਗੜ੍ਹ, (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਾਸ਼ੀਆਗ੍ਰਸਤ, ਗਰੀਬ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਪੂਰੀ ਸੰਵੇਦਨਸ਼ੀਲਤਾ ਤੇ ਵਚਨਬੱਧਤਾ ਨਾਲ ਲਗਾਤਾਰ ਕੰਮ ਕਰ ਰਹੀ ਹੈ।

ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਵੱਖ-ਵੱਖ ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਪੰਜਾਬ ਸਰਕਾਰ ਵੱਲੋਂ ਜਨਵਰੀ 2026 ਤੱਕ (ਵਿੱਤੀ ਸਾਲ 2025-26 ਦੌਰਾਨ) ?5,748 ਕਰੋੜ ਤੋਂ ਵੱਧ ਦੀ ਰਕਮ ਲਾਭਪਾਤਰੀਆਂ ਤੱਕ ਸਿੱਧੀ ਤੌਰ 'ਤੇ ਪਹੁੰਚਾਈ ਜਾ ਚੁੱਕੀ ਹੈ।

# ਐੱਸ ਕੇ ਐੱਮ ਗੈਰ-ਸਿਆਸੀ ਨੇ ਪ੍ਰਧਾਨ ਮੰਤਰੀ ਮੋਦੀ ਦਾ ਫੂਕਿਆ ਪੁਤਲਾ



ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)- 17 ਫਰਵਰੀ ਨੂੰ ਐਸ ਕੇ ਐਮ ਗੈਰ ਸਿਆਸੀ ਵੱਲੋਂ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਅਤੇ ਮੁੱਖ ਮੰਤਰੀ ਦਾ ਪੁਤਲਾ ਡੀ ਸੀ ਦਫਤਰ ਮੋਗਾ ਵਿਖੇ ਸ਼ੇਰੇ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਰਣਸੀਂਹ ਦੀ ਪ੍ਰਧਾਨਗੀ ਵਿੱਚ ਪੁਤਲੇ ਫੂਕੇ ਗਏ। ਇਸ ਸਮੇਂ ਸ਼ੇਰੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਫੌਜੀ, ਜ਼ੋਨ ਪ੍ਰਧਾਨ ਜਗਜੀਤ ਸਿੰਘ, ਜ਼ੋਨ ਸਕੱਤਰ ਹਰਜਿੰਦਰ ਫੌਜੀ ਅਤੇ ਜ਼ਿਲ੍ਹਾ ਮੁੱਖ ਬੁਲਾਰਾ ਹਰਜਿੰਦਰ ਸਿੰਘ ਗਿੱਲ, ਜ਼ਿਲ੍ਹਾ ਵਿੱਤ ਸਕੱਤਰ ਤੋਤਾ ਸਿੰਘ ਅਤੇ ਇਕਾਈ ਪ੍ਰਧਾਨ ਸੁਰਜੀਤ ਸਿੰਘ ਧੂੜਕੋਟ, ਇਕਾਈ ਪ੍ਰਧਾਨ ਹਰਜਿੰਦਰ ਜਵਾਹਰ ਸਿੰਘ ਵਾਲਾ, ਇਕਾਈ ਪ੍ਰਧਾਨ ਗੁਰਬਖਸ਼ ਸਿੰਘ ਸੈਦੋਕੇ, ਮੀਤ ਪ੍ਰਧਾਨ ਜ਼ੋਨਾ ਸਦਿਓਕੇ, ਭਿੰਦਰ ਸਿੰਘ ਪੱਤੋ ਹੀਰਾ ਸਿੰਘ, ਇਕਾਈ ਪ੍ਰਧਾਨ ਧਰਮਾ ਸਿੰਘ ਰਣੀਆ, ਇਕਾਈ ਪ੍ਰਧਾਨ ਹਰਦੀਪ ਹੈਪੀ, ਰੇਸ਼ਮ ਸਿੰਘ ਧੂੜਕੋਟ ਅਤੇ ਜ਼ੋਨ ਪ੍ਰਧਾਨ ਸੋਨੀ ਨੰਗਲ ਤੇ ਬੀਬੀ ਬਲਜੀਤ ਕੌਰ, ਬੀਬੀ ਜਸਵੀਰ ਕੌਰ, ਬੀਬੀ ਕਮਲਜੀਤ ਕੌਰ, ਕਿਰਨਜੀਤ ਕੌਰ, ਕੁਲਵੰਤ ਕੌਰ ਜਵਾਹਰ ਸਿੰਘ ਵਾਲਾ ਅਤੇ ਸ਼ੇਰੇ ਪੰਜਾਬ ਕਿਸਾਨ ਯੂਨੀਅਨ ਦੀ ਸਮੁੱਚੀ ਟੀਮ ਹਾਜ਼ਰ ਸੀ।

# ਜ਼ਿਲ੍ਹਾ ਪੱਧਰ 'ਤੇ ਕੌਮੀ ਲੋਕ ਅਦਾਲਤ 14 ਨੂੰ



ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਜ਼ਿਲ੍ਹਾ ਕਚਹਿਰੀਆਂ, ਅਮਲੋਹ ਅਤੇ ਖਮਾਣੋਂ ਸਬ ਡਵੀਜ਼ਨ ਦੀਆਂ ਅਦਾਲਤਾਂ ਵਿਖੇ 14 ਮਾਰਚ ਨੂੰ ਲੱਗਣ ਵਾਲੀ ਨੈਸ਼ਨਲ ਲੋਕ ਅਦਾਲਤ ਦਾ ਵੱਧ ਤੋਂ ਵੱਧ ਲੋਕਾਂ ਨੂੰ ਲਾਭ ਪਹੁੰਚਾਉਣ ਅਤੇ ਇਸ ਦੀ ਸਫਲਤਾ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਾਰੇ ਮੈਂਬਰ ਸਾਹਿਬਾਨ ਵੱਧ ਚੜ੍ਹ ਕੇ ਸਹਿਯੋਗ ਦੇਣ। ਇਹ ਨਿਰਦੇਸ਼ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਰੁਣ ਗੁਪਤਾ ਨੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਜ਼ਿਲ੍ਹਾ ਕਚਹਿਰੀਆਂ ਵਿਖੇ ਹੋਈ ਤਿਮਾਹੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੇ।ਗੁਪਤਾ ਨੇ ਮੀਟਿੰਗ ਵਿੱਚ ਸ਼ਾਮਲ ਹੋਏ ਸਾਰੇ ਮੈਂਬਰ ਸਾਹਿਬਾਨ ਨੂੰ ਕਿਹਾ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਵਾਉਣ ਲਈ ਸਮਝੌਤਾਯੋਗ ਸਾਰੇ ਫੌਜਦਾਰੀ ਅਤੇ ਸਿਵਲ ਕੇਸ, ਜੋ ਕਿ ਲੰਮੇ ਸਮੇਂ ਤੋਂ ਅਦਾਲਤਾਂ ਵਿੱਚ ਲੰਬਿਤ ਪਏ ਹੋਣ, ਨੂੰ ਰੱਖਿਆ ਜਾਵੇ। ਉਨ੍ਹਾ ਦੱਸਿਆ ਕਿ ਵਿਆਹ-ਸਬੰਧੀ ਝਗੜਿਆਂ ਦੇ ਕੇਸ, ਪਰਿਵਾਰਕ ਝਗੜਿਆਂ ਦੇ ਕੇਸ, ਮਜ਼ਦੂਰਾਂ ਦੇ ਝਗੜੇ, ਜ਼ਮੀਨ ਅਧਿਗ੍ਰਹਿਣ ਸਬੰਧੀ ਮਾਮਲੇ, ਬੈਂਕ ਰਿਕਵਰੀ, ਚੈੱਕ ਬਾਊਂਸ, ਮਾਲ ਵਿਭਾਗ ਨਾਲ ਸਬੰਧਤ ਮਾਮਲੇ, ਜਲ ਸਪਲਾਈ ਅਤੇ ਬਿਜਲੀ ਸਪਲਾਈ ਸਬੰਧੀ ਮਾਮਲੇ ਵੀ ਇਸ ਲੋਕ ਅਦਾਲਤ ਵਿੱਚ ਲਗਾਏ ਜਾਣ। ਅਰੁਣ ਗੁਪਤਾ ਨੇ ਜ਼ਿਲ੍ਹੇ ਦੇ ਸਮੂਹ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਝਗੜਿਆਂ ਦਾ ਨਿਪਟਾਰਾ ਕਰਵਾਉਣ ਲਈ ਇਸ ਲੋਕ ਅਦਾਲਤ ਵਿੱਚ ਆਪਣੇ ਕੇਸ ਲੈ ਕੇ ਆਉਣ ਕਿਉਂਕਿ ਇਨ੍ਹਾਂ ਲੋਕ ਅਦਾਲਤਾਂ ਵਿੱਚ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਕੀਤੇ ਗਏ ਫੈਸਲੇ ਅੰਤਿਮ ਹੁੰਦੇ ਹਨ, ਜਿਨ੍ਹਾਂ ਵਿਰੁੱਧ ਅੱਗੇ ਅਪੀਲ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਜੋ ਝਗੜੇ ਪਹਿਲਾਂ ਅਦਾਲਤ ਵਿੱਚ ਨਾ ਚੱਲਦੇ ਹੋਣ, ਉਹ ਮਾਮਲੇ ਵੀ ਨੈਸ਼ਨਲ ਲੋਕ ਅਦਾਲਤ ਵਿੱਚ ਦਰਖਾਸਤ ਦੇ ਕੇ ਰਾਜ਼ੀਨਾਮੇ ਲਈ ਰੱਖੇ ਜਾ ਸਕਦੇ ਹਨ। ਇਸ ਅਦਾਲਤ ਵਿੱਚ ਲੱਗੇ ਕੇਸਾਂ ਦੀ ਕੋਰਟ ਫੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ। ਇਸ ਮੀਟਿੰਗ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪਿਛਲੀ ਤਿਮਾਹੀ ਦੌਰਾਨ 104 ਲੋੜਵੰਦ ਲਾਭਪਾਤਰੀਆਂ ਨੂੰ ਦਿੱਤੀ ਗਈ ਮੁਫਤ ਕਾਨੂੰਨੀ ਸਹਾਇਤਾ ਦੇ ਕੇਸ ਵੀ ਪਾਸ ਕੀਤੇ ਗਏ। ਗੁਪਤਾ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਬਲਾਕ ਪੱਧਰ 'ਤੇ ਮੁਫ਼ਤ ਕਾਨੂੰਨੀ ਸਹਾਇਤਾ ਸਬੰਧੀ ਲੋਕਾਂ ਵਿੱਚ ਜਾਗਰੂਕਤਾ ਪੈਦਾ ਕੀਤੀ ਜਾਵੇ।ਮੀਟਿੰਗ ਵਿੱਚ ਵਧੀਕ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਡਾ ਸੋਨੀਆ ਕਿੰਨਰਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਮਤਾ ਕੱਕੜ, ਐਸ ਡੀ ਐਮ ਫ਼ਤਹਿਗੜ੍ਹ ਸਾਹਿਬ ਸੂਬਾ ਸਿੰਘ, ਜ਼ਿਲ੍ਹਾ ਅਟਾਰਨੀ ਕੁਲਵਿੰਦਰ ਸਿੰਘ , ਲੀਗਲ ਸਰਵਿਸ ਅਥਾਰਟੀ ਦੇ ਮੈਂਬਰ ਨਮਰਤਾ ਸ਼ਰਮਾ, ਅਸ਼ੋਕ ਸੂਦ, ਹਿਤੇਂਦਰ ਸੂਰੀ, ਜੀ.ਐਸ. ਵਿਰਕ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਵੀ ਸ਼ਾਮਿਲ ਹੋਏ।

# ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਤ ਕੀਤਾ



ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ) ਸਰਕਾਰੀ ਹਾਈ ਸਕੂਲ ਮਹਿਲ ਖੁਰਦ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਥਾਣਾ ਮੁੱਖ ਅਫ਼ਸਰ ਸਰਬਜੀਤ ਸਿੰਘ ਵਲੋਂ ਸਮੂਹ ਸਟਾਫ ਅਤੇ ਸਕੂਲੀ ਵਿਦਿਆਰਥੀਆਂ ਨਾਲ ਵਿਸ਼ੇਸ਼ ਜਾਗਰੂਕਤਾ ਮੀਟਿੰਗ ਕੀਤੀ ਗਈ।ਇਸ ਦੌਰਾਨ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ ਅਤੇ ਚੰਗੇ ਸਮਾਜ ਦੀ ਸਿਰਜਣਾ ਲਈ ਸਕਾਰਾਤਮਕ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ। ਥਾਣਾ ਮੁੱਖ ਅਫ਼ਸਰ ਸਰਬਜੀਤ ਸਿੰਘ ਰੰਗੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਐਸ ਐਸ ਪੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਦੀਆਂ ਹਦਾਇਤਾਂ ਤੇ ਡੀ ਐਸ ਪੀ ਜਸਪਾਲ ਸਿੰਘ ਧਾਲੀਵਾਲ ਦੀ ਰਹਿਨੁਮਾਈ ਹੇਠ ਪਿੰਡ ਪਿੰਡ ਜਾਗਰੂਕਤਾ ਅਭਿਆਨ ਚਲਾ ਕੇ ਪਿੰਡਾਂ 'ਚ ਗ੍ਰਾਮ ਪੰਚਾਇਤਾਂ, ਯੂਥ ਕਲੱਬਾਂ ਤੇ ਆਮ ਲੋਕਾਂ ਨਾਲ ਮੀਟਿੰਗਾਂ ਕਰਕੇ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਲਾਮਬੰਦ ਕੀਤਾ ਜਾ ਰਿਹਾ ਹੈ, ਜਦ ਕਿ ਸਕੂਲਾਂ 'ਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵੀ ਇਸ ਮੁਹਿੰਮ ਨਾਲ ਜੋੜਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ।ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਲਈ ਪੰਚਾਇਤਾਂ, ਯੂਥ ਕਲੱਬਾਂ, ਗੁਰਦੁਆਰਾ ਕਮੇਟੀਆਂ ਦੇ ਸਹਿਯੋਗ ਨਾਲ ਵਿਸ਼ੇਸ਼ ਉੱਦਮ ਜਾਰੀ ਹਨ।ਮੁੱਖ ਅਧਿਆਪਕ ਕੁਲਦੀਪ ਸਿੰਘ ਕਮਲ ਨੇ ਮੁਹਿੰਮ ਦੀ ਸਫਲਤਾ ਲਈ ਹਰ ਸੰਭਵ ਸਹਿਯੋਗ ਦਾ ਵਿਸ਼ਵਾਸ ਦੁਆਇਆ।

# ਨਾਬਾਰਡ ਵੱਲੋਂ ਫ਼ਿਰੋਜ਼ਪੁਰ 'ਚ 9588.37 ਕਰੋੜ ਦੀ ਕਰਜ਼ਾ ਯੋਜਨਾ ਜਾਰੀ



ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਨੈਸ਼ਨਲ ਬੈਂਕ ਫਾਰ ਏਗ੍ਰਿਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਵੱਲੋਂ ਵਿੱਤੀ ਵਰ੍ਹਾ 2026-27 ਲਈ ਫ਼ਿਰੋਜ਼ਪੁਰ ਜ਼ਿਲ੍ਹੇ ਦੀ ਪੋਟੈਂਸ਼ਲ ਲਿੰਕਡ ਕਰੈਡਿਟ ਯੋਜਨਾ ਜ਼ਿਲ੍ਹਾ ਪੱਧਰੀ ਇੰਪਲੀਮੈਂਟੇਸ਼ਨ ਐਂਡ ਮਾਨੀਟਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਜਾਰੀ ਕੀਤੀ ਗਈ। ਇਹ ਯੋਜਨਾ ਸਹਾਇਕ ਕਮਿਸ਼ਨਰ (ਜਨਰਲ) ਰਾਜਵੀਰ ਸਿੰਘ ਭੰਗੂ, ਪੀਸੀਐੱਸ ਵੱਲੋਂ ਜਾਰੀ ਕੀਤੀ ਗਈ। ਮੌਕੇ 'ਤੇ ਦਲਵਿੰਦਰ ਸੰਧੂ ਐੱਮਡੀ ਫ਼ਿਰੋਜ਼ਪੁਰ ਸੀਸੀਬੀ, ਮਿਸ ਸੋਨੀਆ ਸਹਾਇਕ ਰਜਿਸਟਰਾਰ ਕੋਆਪਰੇਟਿਵ ਰੋਹਿਤ ਕਸ਼ਯਪ, ਡੀਡੀਐੱਮ ਨਾਬਾਰਡ ਤੇ ਕਿਸਾਨ ਪ੍ਰਤੀਨਿਧੀ ਮੌਜੂਦ ਸਨ। ਇਹ ਜ਼ਿਲ੍ਹਾ ਯੋਜਨਾ 20 ਤਾਰੀਖ ਨੂੰ ਜਾਰੀ ਹੋਣ ਵਾਲੇ ਪੰਜਾਬ ਰਾਜ ਦੇ ਸਟੇਟ ਫੋਕਸ ਪੇਪਰ ਦੇ ਸੰਦਰਭ 'ਚ ਜਾਰੀ ਕੀਤੀ ਗਈ ਹੈ। ਵਿੱਤੀ ਵਰ੍ਹਾ 2026-27 ਲਈ ਕੁੱਲ ਪ੍ਰਾਇਰਟੀ ਸੈਕਟਰ ਕਰੈਡਿਟ ਸੰਭਾਵਨਾ 9, 588. 37 ਕਰੋੜ ਰੁਪਏ ਅੰਕਿਤ ਕੀਤੀ ਗਈ ਹੈ, ਜਿਸ ਵਿੱਚੋਂ 5,559.83 ਕਰੋੜ ਰੁਪਏ (ਲਗਭਗ 58 ਪ੍ਰਤੀਸ਼ਤ) ਖੇਤੀ ਤੇ ਸੰਬੰਧਤ ਗਤੀਵਿਧੀਆਂ ਲਈ ਹੈ ਅਤੇ 2,381.51 ਕਰੋੜ ਰੁਪਏ (ਲਗਭਗ 25 ਪ੍ਰਤੀਸ਼ਤ) ਐੱਮਐੱਸਐੱਮਈ ਸੈਕਟਰ ਲਈ ਹੈ। ਇਹ ਯੋਜਨਾ ਜ਼ਿਲ੍ਹੇ ਦੇ ਸੰਤੁਲਿਤ ਤੇ ਸਮਾਵੇਸ਼ੀ ਵਿਕਾਸ ਲਈ ਮਾਰਗਦਰਸ਼ਕ ਦਸਤਾਵੇਜ਼ ਸਾਬਤ ਹੋਵੇਗੀ।

# ਇੰਦਰ ਸੂਦ ਨੂੰ ਮਹਾਰਾਜਾ ਅਗਰਸੇਨ ਦਾ ਬੁੱਤ ਭੇਟ



ਮੋਗਾ, (ਇਕਬਾਲ ਸਿੰਘ ਖਹਿਰਾ) ਅਗਰਵਾਲ ਵੈਲਫੇਅਰ ਸਮਾਜ ਸਭਾ ਤੇ ਅਗਰਵਾਲ ਮਹਿਲਾ ਸੈੱਲ ਮੋਗਾ ਨੇ ਸ਼੍ਰੀ ਇੰਦਰ ਸੂਦ ਨੂੰ ਸਮਾਜ ਸੇਵਾ ਤੇ ਗਊ ਸੇਵਾ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਵਿਸ਼ੇਸ਼ ਸਨਮਾਨ ਦਿੱਤਾ। ਉਨ੍ਹਾਂ ਨੂੰ ਮਹਾਰਾਜਾ ਅਗਰਸੇਨ ਦਾ ਬੁੱਤ ਦੇ ਕੇ ਸਨਮਾਨਤ ਕੀਤਾ ਗਿਆ। ਇੰਦਰ ਸੂਦ ਪਿਛਲੇ 30 ਸਾਲਾਂ ਤੋਂ ਪੂਰੀ ਸ਼ਰਧਾ ਤੇ ਸਮਰਪਣ ਨਾਲ ਮੋਗਾ ਦੀ ਨਵੀਂ ਦਾਣਾ ਮੰਡੀ ਵਿਖੇ ਜਨਤਕ ਗਊ ਆਸ਼ਰਮ ਦੀ ਸੇਵਾ ਕਰ ਰਹੇ ਹਨ।ਉਨ੍ਹਾਂ ਨੇ ਬਿਨਾਂ ਕਿਸੇ ਲਾਲਚ ਜਾਂ ਵਿੱਤੀ ਲਾਭ ਦੀ ਇੱਛਾ ਦੇ ਸਿਰਫ਼ ਲੋਕ ਭਲਾਈ ਤੇ ਸੇਵਾ ਲਈ ਗਊ ਆਸ਼ਰਮ ਦੀ ਦੇਖਭਾਲ ਕੀਤੀ ਹੈ।ਉਨ੍ਹਾਂ ਦੇ ਯੋਗਦਾਨ ਨੂੰ ਸਮਾਜ ਲਈ ਪ੍ਰੇਰਣਾ ਮੰਨਿਆ ਗਿਆ। ਅਗਰਵਾਲ ਵੈਲਫੇਅਰ ਸਮਾਜ ਸਭਾ ਮੋਗਾ ਦੇ ਪ੍ਰਧਾਨ ਪੀ.ਐਨ. ਮਿੱਤਲ, ਉਪ-ਪ੍ਰਧਾਨ ਓਂਕਾਰ ਸਿੰਗਲਾ ਅਤੇ ਡਾ. ਰਜਤ ਬਾਂਸਲ, ਅਗਰਵਾਲ ਮਹਿਲਾ ਸੈੱਲ ਦੀ ਪ੍ਰਧਾਨ ਭਾਵਨਾ ਬਾਂਸਲ, ਜਨਰਲ ਸਕੱਤਰ ਸੰਜੀਵ ਸਿੰਗਲਾ, ਵਿਜੇ ਸਿੰਗਲਾ, ਮੁਕੇਸ਼ ਸਿੰਗਲਾ, ਵਰਿੰਦਰ ਬਾਂਸਲ, ਸੁਰਿੰਦਰ ਅਗਰਵਾਲ, ਕਰਨ ਬਾਂਸਲ, ਵਿਮਲ ਜੈਨ, ਦਿਨੇਸ਼ ਗੁਪਤਾ ਤੇ ਹੋਰ ਮੈਂਬਰ ਮੌਜੂਦ ਸਨ।ਉਨ੍ਹਾਂ ਇੰਦਰ ਸੂਦ ਦਾ ਸਨਮਾਨ ਕੀਤਾ ਤੇ ਉਨ੍ਹਾਂ ਦੇ ਲੋਕ ਭਲਾਈ ਕਾਰਜਾਂ ਦੀ ਸ਼ਲਾਘਾ ਕੀਤੀ।ਸਮਾਗਮ ਦੌਰਾਨ ਅਗਰਵਾਲ ਭਲਾਈ ਸਮਾਜ ਸਭਾ ਨੇ ਇਹ ਵੀ ਭਰੋਸਾ ਦਿੱਤਾ ਕਿ ਜਦੋਂ ਵੀ ਲੋੜ ਹੋਵੇ, ਸਮਾਜ ਸਭਾ ਅਜਿਹੇ ਲੋਕ ਭਲਾਈ ਕਾਰਜਾਂ ਲਈ ਵਿੱਤੀ ਸਹਾਇਤਾ ਸਮੇਤ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਹੈ। ਬੁਲਾਰਿਆਂ ਨੇ ਕਿਹਾ ਕਿ ਇੰਦਰ ਸੂਦ ਦਾ ਯੋਗਦਾਨ ਸਮਾਜ ਲਈ ਇੱਕ ਉਦਾਹਰਣ ਹੈ।ਉਨ੍ਹਾਂ ਨੇ ਤਿੰਨ ਦਹਾਕਿਆਂ ਤੋਂ ਗਊਸ਼ਾਲਾ ਅਤੇ ਗਊਆਂ ਦੀ ਨਿਰਸਵਾਰਥ ਸੇਵਾ ਕੀਤੀ ਹੈ। ਅਜਿਹੇ ਕੰਮ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਉਹ ਘੱਟ ਹੈ। ਇਹ ਸਮਾਜ ਦੇ ਹੋਰਨਾਂ ਲੋਕਾਂ ਨੂੰ ਲੋਕ ਭਲਾਈ ਅਤੇ ਸੇਵਾ ਲਈ ਅੱਗੇ ਆਉਣ ਲਈ ਪ੍ਰੇਰਿਤ ਕਰਦਾ ਹੈ।ਇਸ ਸਨਮਾਨ ਸਮਾਰੋਹ ਨੇ ਨਾ ਸਿਰਫ਼ ਸ਼੍ਰੀ ਇੰਦਰ ਸੂਦ ਦੇ ਯੋਗਦਾਨ ਨੂੰ ਮਾਨਤਾ ਦਿੱਤੀ, ਬਲਕਿ ਸਮਾਜ ਵਿੱਚ ਸੇਵਾ ਅਤੇ ਲੋਕ ਭਲਾਈ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ।

# ਮਾਤਾ ਗੁਜਰੀ ਕਾਲਜ ਵਿਖੇ ਆਊਟਰੀਚ ਪ੍ਰੋਗਰਾਮ



ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਮਾਤਾ ਗੁਜਰੀ ਕਾਲਜ ਦੇ ਰਿਸਰਚ ਐਂਡ ਡਿਵੈਲਪਮੈਂਟ ਸੈੱਲ ਵੱਲੋਂ ਕਾਲਜ ਦੇ ਇੰਸਟੀਚਿਊਟ ਇਨੋਵੇਸ਼ਨ ਸੈੱਲ ਦੇ ਸਹਿਯੋਗ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕਕਰਾਲਾ, ਪਟਿਆਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਿਊਣਾ, ਪਟਿਆਲਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੂਲੇਵਾਲ ਖਹਿਰਾ, ਸ਼ਾਹਕੋਟ, ਜਲੰਧਰ ਦੇ ਲਗਭਗ 120 ਵਿਦਿਆਰਥੀਆਂ ਲਈ ਨਵੀਨਤਾ ਅਤੇ ਉੱਤਮਤਾ ਆਊਟਰੀਚ ਪ੍ਰੋਗਰਾਮ ਦਾ ਸਫ਼ਲ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਰਚਨਾਤਮਕ ਸੋਚ, ਸਟਾਰਟ-ਅੱਪਸ, ਸਮੱਸਿਆ ਹੱਲ ਕਰਨ ਦੇ ਹੁਨਰ ਅਤੇ ਨਵੀਨਤਾ ਦੀ ਮਹੱਤਤਾ ਸਬੰਧੀ ਸੀ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਿੱਖਿਆ ਭਰਪੂਰ ਪ੍ਰੋਗਰਾਮ ਵਿਦਿਆਰਥੀਆਂ ਦੇ ਵਿੱਦਿਅਕ ਅਤੇ ਵਿਹਾਰਕ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਵੱਖ-ਵੱਖ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਕਾਲਜ ਵਿਖੇ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਦੇ ਵਿਕਲਪਾਂ ਸਬੰਧੀ ਵਿਸਥਾਰ ਨਾਲ ਦੱਸਿਆ।

ਕਾਲਜ ਦੇ ਬਾਇਓਟੈਕਨੋਲੋਜੀ ਵਿਭਾਗ ਦੇ ਡਾ. ਜਗਦੀਸ਼ ਸਿੰਘ ਨੇ ਵਿਦਿਆਰਥੀਆਂ ਨੂੰ ਨਵੇਂ ਮੌਕਿਆਂ ਦੀ ਪਛਾਣ ਕਰਨ ਅਤੇ ਨਵੀਨਤਾਕਾਰੀ ਵਿਚਾਰਾਂ ਨੂੰ ਸਫ਼ਲ ਕਰੀਅਰ ਵਿੱਚ ਬਦਲਣ ਸੰਬੰਧੀ ਵਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ। ਪ੍ਰੋਗਰਾਮ ਦੇ ਅਖੀਰ ਵਿੱਚ ਇਕ ਇੰਟਰਐਕਟਿਵ ਚਰਚਾ ਸੈਸ਼ਨ ਹੋਇਆ ਜਿਸ ਵਿੱਚ ਵਿਦਿਆਰਥੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਕਾਲਜ ਦੇ ਡਾ. ਲਵਨੀਤ ਕੌਰ, ਡਾ. ਤਰਨਪ੍ਰੀਤ ਕੌਰ, ਡਾ. ਜੁਝਾਰ ਸਿੰਘ, ਡਾ. ਸੌਰਵ ਸ਼ਰਮਾ, ਪ੍ਰੋ. ਗੁਰਜੀਤ ਕੌਰ, ਪ੍ਰੋ. ਨਵਦੀਪ ਕੌਰ ਅਤੇ ਹੋਰ ਅਧਿਆਪਕਾਂ ਨੇ ਵਿਦਿਆਰਥੀਆਂ ਨਾਲ ਵੱਖ-ਵੱਖ ਵਿਸ਼ਿਆਂ ਸਬੰਧੀ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ।

# ਚੋਰੀ ਦਾ ਸਮਾਨ ਖਰੀਦਣ ਦੇ ਮਾਮਲੇ 'ਚ ਗ੍ਰਿਫ਼ਤਾਰ



ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ) ਪੁਲਸ ਨੇ ਟਰਾਂਸਫਾਰਮਰਾਂ ਤੋਂ ਤੇਲ ਤੇ ਹੋਰ ਸਮਾਨ ਚੋਰੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਦੁਆਰਾ ਦਿੱਤੀ ਗਈ। ਜਾਣਕਾਰੀ ਦੇ ਆਧਾਰ 'ਤੇ ਚੋਰੀ ਦਾ ਸਮਾਨ ਖਰੀਦਣ ਵਾਲੇ ਗਿੱਦੜਬਾਹਾ ਦੇ ਭਾਂਡਿਆਂ ਦੀ ਦੁਕਾਨ ਕਰਨ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ।ਪੁਲਸ ਨੇ ਉਸ ਨੂੰ ਚੋਰੀ ਦੇ ਮਾਮਲੇ ਵਿੱਚ ਵੀ ਨਾਮਜ਼ਦ ਕੀਤਾ ਹੈ।ਕਥਿਤ ਦੋਸ਼ੀ ਦੀ ਪਛਾਣ ਮਹਾਵੀਰ ਪ੍ਰਸਾਦ ਪੁੱਤਰ ਦੇਵੀ ਦਿਆਲ ਵਜੋਂ ਹੋਈ ਹੈ, ਜੋ ਤਿਲਕ ਨਗਰ, ਗਿੱਦੜਬਾਹਾ ਦਾ ਰਹਿਣ ਵਾਲਾ ਹੈ, ਜਿਸ ਤੋਂ ਚੋਰੀ ਹੋਇਆ ਟਰਾਂਸਫਾਰਮਰ ਤਾਂਬਾ ਬਰਾਮਦ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਗਿੱਦੜਬਾਹਾ ਖੇਤਰ ਵਿੱਚ ਟਰਾਂਸਫਾਰਮਰਾਂ ਤੋਂ ਤੇਲ, ਤਾਂਬਾ ਤੇ ਹੋਰ ਸਮਾਨ ਚੋਰੀ ਹੋਣ ਦੀਆਂ ਲਗਾਤਾਰ ਘਟਨਾਵਾਂ ਨੇ ਕਿਸਾਨਾਂ ਨੂੰ ਪ੍ਰੇਸ਼ਾਨ ਕੀਤਾ ਹੈ।ਇਹ ਚੋਰ ਪੁਲਿਸ ਲਈ ਵੀ ਸਿਰਦਰਦੀ ਬਣ ਗਏ ਹਨ, ਜੋ ਉਨ੍ਹਾਂ ਨੂੰ ਫੜਨ ਲਈ ਲਗਾਤਾਰ ਕੋਸ਼ਿਸ਼ ਕਰ ਰਹੇ ਹਨ। ਐਸਐਸਓ ਹਰਗੋਬਿੰਦ ਸਿੰਘ ਮਾਨ ਨੇ ਦੱਸਿਆ ਕਿ ਚੋਰੀ ਦੀਆਂ ਘਟਨਾਵਾਂ ਸਾਹਮਣੇ ਆਉਣ ਤੋਂ ਬਾਅਦ ਪੁਲਸ ਟੀਮ ਨੂੰ ਪੂਰੀ ਤਰ੍ਹਾਂ ਅਲਰਟ 'ਤੇ ਰੱਖਿਆ ਗਿਆ ਸੀ।ਚੋਰਾਂ ਨੂੰ ਫੜਨ ਲਈ ਲਗਾਤਾਰ ਜਾਲ ਵਿਛਾਏ ਜਾ ਰਹੇ ਸਨ ਤੇ ਉਨ੍ਹਾਂ ਦੀਆਂ ਟੀਮਾਂ ਲਗਾਤਾਰ ਜਾਂਚ ਤੇ ਜਾਂਚ ਕਰ ਰਹੀਆਂ ਸਨ।ਇਸ ਦੌਰਾਨ ਉਨ੍ਹਾਂ ਨੇ ਚੋਰੀ ਦੀਆਂ ਘਟਨਾਵਾਂ 'ਚ ਸ਼ਾਮਲ ਇੱਕ ਮੁਲਜ਼ਮ ਦੀ ਲੋਕੇਸ਼ਨ ਦਾ ਪਤਾ ਲਾਇਆ, ਜਿਸ ਤੋਂ ਬਾਅਦ ਏਐਸਆਈ ਸਰਬਜੀਤ ਸਿੰਘ ਦੀ ਅਗਵਾਈ ਵਾਲੀ ਪੁਲਸ ਟੀਮ ਨੇ ਮੁਲਜ਼ਮ ਸੁਖਦੀਪ ਸਿੰਘ ਪੁੱਤਰ ਬਹਾਲ ਸਿੰਘ ਵਾਸੀ ਹੁਸਨਰ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਸ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਪੁੱਛਗਿੱਛ ਕੀਤੀ ਗਈ।ਪੁੱਛਗਿੱਛ ਦੌਰਾਨ ਮੁਲਜ਼ਮ ਨੇ ਦੱਸਿਆ ਕਿ ਉਸ ਨੇ ਚੋਰੀ ਕੀਤੇ ਟਰਾਂਸਫਾਰਮਰ ਮਹਾਂਵੀਰ ਪ੍ਰਸਾਦ ਪੁੱਤਰ ਦੇਵੀ ਦਿਆਲ ਵਾਸੀ ਤਿਲਕ ਨਗਰ ਗਿੱਦੜਬਾਹਾ ਨੂੰ ਵੇਚੇ ਸਨ, ਜਿਸ 'ਤੇ ਮਹਾਂਵੀਰ ਪ੍ਰਸਾਦ ਨੂੰ ਵੀ ਮਾਮਲੇ ਵਿੱਚ ਨਾਮਜ਼ਦ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ।ਮਾਮਲੇ ਦੀ ਜਾਂਚ ਜਾਰੀ ਹੈ।

# ਕਤਲੇਆਮ ਤੇ ਗੈਂਗਸਟਰਾਂ ਕਾਰਨ ਪੰਜਾਬੀ ਪੰਜਾਬ ਛੱਡਣ ਲੱਗੇ : ਭੱਠਲ, ਵਿਜੇਇੰਦਰ ਸਿੰਗਲਾ



ਮਾਨਸਾ, (ਰੀਤਵਾਲ) ਕਾਂਗਰਸ ਪਾਰਟੀ ਨੇ ਮਨਰੇਗਾ ਮਜ਼ਦੂਰ ਬਚਾਓ ਦਾ ਹੋਕਾ ਦਿੰਦਿਆਂ ਪੰਜਾਬ ਦੇ ਲੋਕਾਂ ਨੂੰ ਭਾਜਪਾ ਤੇ ਆਮ ਆਦਮੀ ਪਾਰਟੀ ਤੋਂ ਸੁਚੇਤ ਰਹਿਣ ਦਾ ਹੋਕਾ ਦਿੱਤਾ ਹੈ।ਜ਼ਿਲ੍ਹਾ ਕਾਂਗਰਸ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਦੀ ਪ੍ਰਧਾਨਗੀ ਹੇਠ ਅਨਾਜ ਮੰਡੀ ਵਿਖੇ ਮਨਰੇਗਾ ਮਜ਼ਦੂਰ ਬਚਾਓ ਰੈਲੀ ਵਿੱਚ ਕੁੰਭ ਮੇਲੇ ਵਾਂਗ ਉਮੜੇ ਲੋਕਾਂ ਦੇ ਜਨ ਸੈਲਾਬ ਨੂੰ ਸੰਬੋਧਨ ਕਰਦਿਆਂ ਕਾਂਗਰਸੀ ਨੇਤਾਵਾਂ ਨੇ ਕਿਹਾ ਕਿ ਭਾਜਪਾ ਪੰਜਾਬ ਅੰਦਰ ਕਤਲੇਆਮ, ਗੁੰਡਾਗਰਦੀ ਲਿਆ ਕੇ ਗਵਰਨਰ ਰਾਜ ਲਾਉਣਾ ਚਾਹੁੰਦੀ ਹੈ ਤੇ ਭਗਵੰਤ ਮਾਨ ਸਰਕਾਰ ਹੁਣ ਬੀਬੀਆਂ ਨੂੰ ਇੱਕ ਹਜ਼ਾਰ ਰੁਪਏ ਦੇਣ ਦਾ ਡਰਾਮਾ ਕਰਕੇ ਕਿਵੇਂ ਨਾ ਕਿਵੇਂ ਫਿਰ ਪੰਜਾਬ ਦੀ ਸੱਤਾ ਤੇ ਕਾਬਜ਼ ਹੋਣਾ ਚਾਹੁੰਦੀ ਹੈ, ਪਰ ਮਨਰੇਗਾ ਦੇ ਬੰਦ ਹੋਣ ਨਾਲ ਜਿਹੜੇ ਲੱਖਾਂ ਮਜ਼ਦੂਰਾਂ ਤੇ ਗ਼ਰੀਬ ਪਰਵਾਰਾਂ ਦੇ ਚੁੱਲ੍ਹੇ ਠੰਡੇ ਹੋ ਗਏ, ਉਸ ਨਾਲ ਕਿਸੇ ਨੂੰ ਕੋਈ ਲੈਣਾ ਦੇਣਾ ਨਹੀਂ। ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਹਾਇਕ ਖਜ਼ਾਨਚੀ ਵਿਜੇਇੰਦਰ ਸਿੰਗਲਾ ਨੇ ਕਿਹਾ ਕਿ ਪੰਜਾਬ ਦਾ ਮਾਹੌਲ ਖਰਾਬ ਕਰਕੇ ਕਤਲੇਆਮ ਅਤੇ ਗੁੰਡਾਗਰਦੀ ਕਰਾ ਕੇ ਭਾਜਪਾ ਪੰਜਾਬ ਅੰਦਰ ਗਵਰਨਰੀ ਰਾਜ ਲਿਆਉਣਾ ਚਾਹੁੰਦੀ ਹੈ।ਗਵਰਨਰੀ ਰਾਜ ਦਾ ਮਤਲਬ ਭਾਜਪਾ ਦਾ ਰਾਜ ਹੈ।ਉਨ੍ਹਾਂ ਕਿਹਾ ਕਿ ਭਾਜਪਾ ਨੂੰ ਪੰਜਾਬ ਅੰਦਰ ਕੋਈ ਮੂੰਹ ਨਹੀਂ ਲਾਉਂਦਾ, ਲਗਾਤਾਰ ਦੂਜੀਆਂ ਪਾਰਟੀਆਂ 'ਚੋਂ ਨੇਤਾ ਲਿਆ ਕੇ ਕਿਵੇਂ ਨਾ ਕਿਵੇਂ ਪੰਜਾਬ ਅੰਦਰ ਆਪਣਾ ਰਾਜ ਲਿਆਉਣ ਲਈ ਉਤਾਵਲੀ ਹੋ ਰਹੀ ਹੈ, ਪਰ ਇਸ ਦਾ ਇਹ ਸੁਪਨਾ ਪੰਜਾਬ ਦੇ ਜਾਗਦੀ ਜਮੀਰ ਵਾਲੇ ਲੋਕ ਪੂਰਾ ਨਹੀਂ ਹੋਣ ਦੇਣਗੇ, ਕਿਉਂਕਿ ਕੇਂਦਰ ਸਰਕਾਰ ਨੇ ਪਹਿਲਾਂ ਕਿਸਾਨਾਂ ਲਈ ਕਾਲੇ ਕਾਨੂੰਨ ਲਿਆ ਕੇ, ਹੁਣ ਅਮਰੀਕਾ ਨਾਲ ਵਪਾਰਕ ਸਮਝੌਤਾ ਕਰਕੇ ਤੇ ਹੁਣ ਮਨਰੇਗਾ ਦਾ ਨਾਂਅ ਬਦਲ ਕੇ ਕਿਸਾਨਾਂ ਤੇ ਮਜ਼ਦੂਰਾਂ ਦਾ ਗਲਾ ਘੁੱਟਿਆ ਜਾ ਰਿਹਾ ਹੈ, ਜਿਸ ਨਾਲ ਪੰਜਾਬ ਅਤੇ ਦੇਸ਼ ਆਰਥਿਕ ਤੌਰ ਤੇ ਖਾਸ ਕਰਕੇ ਮਜਦੂਰ ਕਿਸਾਨ ਅਤੇ ਗਰੀਬ ਵਰਗ ਬਰਬਾਦ ਹੋ ਜਾਵੇਗਾ। ਉਨ੍ਹਾਂ ਕਿਹਾ ਕਿ 2029 ਵਿਚ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਆਉਣ ਤੇ ਭਾਜਪਾ ਵੱਲੋਂ ਲਿਆਂਦੇ ਮਨਰੇਗਾ ਵਿਰੋਧੀ ਅਤੇ ਹੋਰ ਕਾਲੇ ਕਾਨੂੰਨ ਮੁੱਢੋਂ ਰੱਦ ਕੀਤੇ ਜਾਣਗੇ।ਪੰਜਾਬ ਅੰਦਰ 2027 ਵਿੱਚ ਕਾਂਗਰਸ ਦੀ ਸਰਕਾਰ ਬਣਦੇ ਹੀ ਸੂਬੇ ਨੂੰ ਖੇਤੀ, ਉਦਯੋਗ, ਵਪਾਰ, ਰੁਜਗਾਰ, ਸਿੱਖਿਆ ਤੇ ਟਕਨਾਲੋਜੀ ਦੇ ਨਵੇਂ ਰਾਹ 'ਤੇ ਲਿਆਂਦਾ ਜਾਵੇਗਾ ਅਤੇ ਭਗਵੰਤ ਮਾਨ ਸਰਕਾਰ ਦੇ ਲੋਕਾਂ ਨੂੰ ਲਗਾਏ ਲਾਰੇ ਅਤੇ ਕੀਤੇ ਗਏ ਗਬਨ, ਫਰੇਬ ਉਜਾਗਰ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਹਕੂਮਤ ਤਾਨਾਸ਼ਾਹੀ ਅਤੇ ਪੰਜਾਬ ਨੂੰ ਗੈਂਗਸਟਰਵਾਦ, ਬੇਰੁਜ਼ਗਾਰੀ ਅਤੇ ਕੰਗਾਲੀ ਵੱਲ ਲੈ ਕੇ ਜਾ ਰਹੀ ਹੈ। ਜ਼ਿਲ੍ਹਾ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਨੇ ਜ਼ਿਲ੍ਹਾ ਤੇ ਪੰਜਾਬ ਕਾਂਗਰਸ ਵਰਕਰਾਂ ਨੂੰ ਸੂਬੇ ਨੂੰ ਬਚਾਉਣ ਅਤੇ ਖੁਸ਼ਹਾਲੀ ਵੱਲ ਲੈ ਕੇ ਜਾਣ ਲਈ ਇਕਜੁਟ ਹੋ ਕੇ ਭਾਜਪਾ ਦੀਆਂ ਵੰਡ ਪਾਊ ਅਤੇ ਆਪ ਦੀਆਂ ਲਾਰਾ ਲਾਊ ਨੀਤੀਆਂ ਤੋਂ ਖਹਿੜਾ ਛੁਡਾਉਣ ਦਾ ਸੱਦਾ ਦਿੱਤਾ ਹੈ।

# ਕ੍ਰਿਸ਼ਨਾ ਰਾਣੀ ਬਾਂਸਲ ਦੇ ਅਕਾਲ ਚਲਾਣੇ 'ਤੇ ਵੱਖ-ਵੱਖ ਜਥੇਬੰਦੀਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ



ਬਾਘਾ ਪੁਰਾਣਾ (ਮਨੀ ਸਿੰਗਲਾ)- ਬੀਤੇ ਦਿਨ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਕ੍ਰਿਸ਼ਨਾ ਰਾਣੀ ਧਰਪਤਨੀ ਸਵਰਗਵਾਸੀ ਹੇਮਰਾਜ ਬਾਂਸਲ (ਲਧਾਈਕੇ ਵਾਲੇ) ਸਵਰਗ ਸਿਧਾਰ ਗਏ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ। ਸ੍ਰੀਮਤੀ ਕ੍ਰਿਸ਼ਨਾ ਰਾਣੀ ਭੂਸ਼ਣ ਬਾਂਸਲ ਲਧਾਈਕੇ ਵਾਲਿਆਂ ਦੀ ਮਾਤਾ, ਦਵਿੰਦਰ ਬਾਂਸਲ ਅਤੇ ਲਵਲੀ ਬਾਂਸਲ ਦੀ ਤਾਈ ਅਤੇ ਮੋਹਿਤ ਬਾਂਸਲ ਦੀ ਦਾਦੀ ਜੀ ਸਨ। ਇਸ ਦੁੱਖ ਦੀ ਘੜੀ ਵਿਚ ਪਰਵਾਰ ਨਾਲ ਹਮਦਰਦੀ ਜਤਾਉਣ ਲਈ ਵੱਡੀ ਗਿਣਤੀ ਵਿਚ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦੇ ਪਹੁੰਚੇ। ਇਸ ਮੌਕੇ ਜਥੇਦਾਰ ਤੀਰਥ ਸਿੰਘ ਮਾਹਲਾ, ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ, ਬਾਘਾ ਪੁਰਾਣਾ ਵੱਲੋਂ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਇਸ ਤੋਂ ਇਲਾਵਾ ਪ੍ਰਸਿੱਧ ਯੂਥ ਅਕਾਲੀ ਆਗੂ ਸੁਖਬੀਰ ਸਿੰਘ ਬਰਾੜ ਬਾਘਾ ਪੁਰਾਣਾ ਸਮੇਤ ਹੋਰ ਕਈ ਅਕਾਲੀ ਆਗੂਆਂ, ਸਮਾਜਿਕ ਸੇਵਕਾਂ ਅਤੇ ਧਾਰਮਿਕ ਅਗੂਆਂ ਵੱਲੋਂ ਵੀ ਮੋਹਿਤ ਬਾਂਸਲ ਅਤੇ ਬਾਂਸਲ ਪਰਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਗਈ। ਪਰਿਵਾਰ ਵੱਲੋਂ ਆਏ ਹੋਏ ਸਾਰੇ ਸੱਜਣਾਂ, ਮਿੱਤਰਾਂ ਅਤੇ ਇਲਾਕੇ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਗਿਆ ਕਿ ਇਸ ਦੁੱਖ ਦੀ ਘੜੀ ਵਿਚ ਮਿਲਿਆ ਸਹਾਰਾ ਉਨ੍ਹਾਂ ਲਈ ਵੱਡੀ ਹਿੰਮਤ ਬਣਿਆ ਹੈ।

# ਦੇਸ਼ ਦੀ ਅਬਾਦੀ ਦਾ ਵੱਡਾ ਹਿੱਸਾ ਸਰਕਾਰੀ ਸਿਹਤ ਸੇਵਾਵਾਂ ਤੋਂ ਹਾਲੇ ਵੀ ਸੱਖਣਾ : ਆਗੂ




ਮੋਗਾ, ਮਾਨਸਾ (ਇਕਬਾਲ ਸਿੰਘ ਖਹਿਰਾ, ਆਤਮਾ ਸਿੰਘ ਪਮਾਰ) ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ, ਸਰਪ੍ਰਸਤ ਸੁਰਜੀਤ ਸਿੰਘ ਲੁਧਿਆਣਾ, ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ, ਚੇਅਰਮੈਨ ਐਚ.ਐਸ ਰਾਣੂ, ਕੈਸ਼ੀਅਰ ਰਾਕੇਸ ਮਹਿਤਾ, ਸੀਨੀ. ਮੀਤ ਪ੍ਰਧਾਨ ਜਸਵਿੰਦਰ ਸਿੰਘ ਖੀਵਾ, ਅਵਤਾਰ ਸਿੰਘ ਬਟਾਲਾ, ਸੀ.ਆਰ ਸ਼ੰਕਰ, ਪ੍ਰੈਸ ਸਕੱਤਰ ਚਮਕੌਰ ਸਿੰਘ ਤੇ ਜਸਵਿੰਦਰ ਸਿੰਘ ਭੋਗਲ ਵੱਲੋਂ ਸੁਪਰੀਮ ਕੋਰਟ ਵੱਲੋਂ ਦੇਸ ਦੇ ਛੇ ਲੱਖ ਪੰਜਾਹ ਹਜ਼ਾਰ ਪਿੰਡਾਂ ਤੇ ਹਜ਼ਾਰਾਂ ਸ਼ਹਿਰੀ ਗ਼ਰੀਬ ਬਸਤੀਆਂ ਅੰਦਰ ਪਿਛਲੇ ਪੰਜਾਹ ਸਾਲਾਂ ਤੋਂ 24 ਘੰਟੇ ਸਸਤੀਆਂ, ਸੌਖੀਆਂ ਤੇ ਉਧਾਰੀਆਂ ਸੁਧਾਰੀਆਂ ਮੁੱਢਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਲੱਖਾਂ ਤਜਰਬੇਕਾਰ ਅਣ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਖਿਲਾਫ਼ ਫੈਸਲੇ 'ਤੇ ਚਿੰਤਾ ਜ਼ਾਹਰ ਕਰਦਿਆਂ ਮਾਨਯੋਗ ਅਦਾਲਤ ਨੂੰ ਨਿਮਰਤਾ ਸਹਿਤ ਗੁਜ਼ਾਰਿਸ਼ ਕੀਤੀ ਹੈ ਕਿ ਫ਼ੈਸਲੇ 'ਤੇ ਮੁੜ ਨਜ਼ਰਸਾਨੀ ਕੀਤੀ ਜਾਵੇ। ਆਗੂਆਂ ਨੇ ਕਿਹਾ ਕਿ ਕਿਸੇ ਵੀ ਦੇਸ਼ ਦੀ ਤਰੱਕੀ ਲਈ ਸਮਾਜ ਦਾ ਸਿਹਤਮੰਦ ਤੇ ਸਿੱਖਿਅਤ ਹੋਣਾ ਲਾਜ਼ਮੀ ਹੋ ਜਾਂਦਾ ਹੈ, ਪ੍ਰੰਤੂ ਅਜ਼ਾਦੀ ਦੇ 78 ਸਾਲ ਬਾਅਦ ਵੀ ਦੇਸ਼ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਕੁਨਬਾਪ੍ਰਸਤੀ, ਭਾਈ ਭਤੀਜਾਵਾਦ, ਭੁੱਖਮਰੀ ਤੇ ਅਨਪੜ੍ਹਤਾ ਵਰਗੀਆਂ ਅਲਾਮਤਾਂ ਨਾਲ ਜੂਝ ਰਿਹਾ ਹੈ।ਦੇਸ਼ ਭੁੱਖਮਰੀ ਕਾਰਨ ਪੂਰੇ ਸੰਸਾਰ 'ਚ 102 ਵੇਂ ਨੰਬਰ 'ਤੇ ਆ ਚੁੱਕਾ ਹੈ।ਸਿਹਤ ਸੇਵਾਵਾਂ ਦੇ ਖੇਤਰ 'ਚ ਗ਼ਰੀਬ ਦੇਸ਼ਾਂ ਨਾਲੋਂ ਵੀ ਪਿਛਾਂਹ ਖੜ੍ਹਾ ਦਿਖਾਈ ਦੇ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਅਨੁਸਾਰ ਇੱਕ ਹਜ਼ਾਰ ਵਿਅਕਤੀਆਂ ਪਿੱਛੇ ਇੱਕ ਐਮ.ਬੀ.ਬੀ.ਐੱਸ ਡਾਕਟਰ ਦੀ ਸਿਫਾਰਸ਼ ਕੀਤੀ ਗਈ ਹੈ, ਪ੍ਰੰਤੂ ਅਫ਼ਸੋਸ ਸਾਡੇ ਦੇਸ਼ 'ਚ ਦਸ ਹਜ਼ਾਰ ਵਿਅਕਤੀਆਂ ਪਿੱਛੇ ਸਿਰਫ਼ ਇੱਕ ਡਾਕਟਰ ਹੀ ਹੈ, ਜੋ ਪੇਂਡੂ ਖੇਤਰ 'ਚ ਸੇਵਾਵਾਂ ਨਿਭਾਉਣ ਲਈ ਆਨਾਕਾਨੀ ਕਰਦੇ ਹਨ, ਜਿਨ੍ਹਾਂ ਨੂੰ ਦਫ਼ਤਰੀ ਕੰਮਾਂਕਾਜਾਂ ਆਦਿ ਲਈ ਵੀ ਜਾਣਾ ਪੈਂਦਾ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਵੀ ਮੁੜ ਅਪੀਲ ਕੀਤੀ ਕਿ ਚੋਣਾਂ ਵੇਲੇ ਕੀਤੇ ਵਾਅਦੇ ਤੇ 26 ਨਵੰਬਰ 2024 ਦੀ ਪੈਨਲ ਮੀਟਿੰਗ ਦੇ ਫ਼ੈਸਲੇ ਨੂੰ ਕਾਨੂੰਨੀ ਨੁਕਤਾ ਨਜ਼ਰ ਦੀ ਬਜਾਇ ਸਮਾਜਿਕ ਮਸਲੇ ਵਜੋਂ ਪਾਰਟ ਟਾਈਮ ਟ੍ਰੇਨਿੰਗ ਦੇ ਕੇ ਮੁੱਢਲੀਆਂ ਸਿਹਤ ਸੇਵਾਵਾਂ ਜਾਰੀ ਰੱਖਣ ਦਾ ਕਾਨੂੰਨੀ ਅਧਿਕਾਰ ਤੇ ਮਾਨਤਾ ਦੇਣ ਦੀ ਵੀ ਖੇਚਲ ਕੀਤੀ ਜਾਵੇ।

# ਸਿਹਤ ਮੰਤਰੀ ਵੱਲੋਂ ਸਿਵਲ ਸਰਜਨ ਤੇ ਐੱਸ ਐੱਮ ਓ ਸਨਮਾਨਤ

ਫਾਜ਼ਿਲਕਾ (ਨਿਸ਼ਾ ਸ਼ਰਮਾ) ਰਾਜ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਅਤੇ ਜਵਾਬਦੇਹ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਵਲੋਂ ਚੰਡੀਗੜ੍ਹ ਵਿਖੇ ਆਯੋਜਿਤ ਸਿਵਲ ਸਰਜਨ ਕਾਨਫਰੰਸ ਵਿਖੇ ਵਿਸ਼ੇਸ਼ ਸਮਾਗਮ ਦੌਰਾਨ ਫਾਜ਼ਿਲਕਾ ਜ਼ਿਲ੍ਹੇ ਦੇ ਸਿਵਲ ਸਰਜਨ ਡਾ ਕਵਿਤਾ ਸਿੰਘ ਅਤੇ ਡਿਪਟੀ ਮੈਡੀਕਲ ਕਮਿਸ਼ਨਰ ਡਾ ਏਰਿਕ ਨੂੰ ਸਨਮਾਨਤ ਕੀਤਾ ਗਿਆ। ਇਹ ਸਨਮਾਨ ਸਿਹਤ ਸੰਸਥਾਵਾਂ ਵਿਖੇ ਮਿਆਰੀ ਸੇਵਾ ਪ੍ਰਦਾਨ ਕਰਨ, ਗੁਣਵੱਤਾ ਭਰੋਸੇ ਅਤੇ ਜਨਤਕ ਸਿਹਤ ਪਹਿਲਕਦਮੀਆਂ ਵਿੱਚ ਮਜ਼ਬੂਤ ਅਤੇ ਵਧੀਆ ਪ੍ਰਦਰਸ਼ਨ ਲਈ ਦਿੱਤਾ ਗਿਆ। ਸਮਾਗਮ ਦੌਰਾਨ ਸਿਹਤ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਫ਼ਾਜ਼ਿਲਕਾ ਨੇ ਜ਼ਿਲ੍ਹੇ ਦੇ ਮਰੀਜ਼ਾਂ ਦੀ ਦੇਖਭਾਲ, ਡਾਇਗਨੌਸਟਿਕ ਸੇਵਾਵਾਂ ਦੇ ਵਿਸਥਾਰ, ਸਰਜੀਕਲ ਨਤੀਜਿਆਂ ਵਿੱਚ ਸੁਧਾਰ, ਸਫਾਈ ਦੇ ਉੱਚ ਮਾਪਦੰਡਾਂ ਦੀ ਪਾਲਣਾ, ਵਿੱਤੀ ਪ੍ਰਬੰਧਨ ਦੀ ਪਾਰਦਰਸ਼ਤਾ ਅਤੇ ਲਾਗ ਨਿਯੰਤਰਣ ਉਪਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਕੇ ਹੋਰ ਜ਼ਿਲ੍ਹਿਆਂ ਲਈ ਮਿਸਾਲ ਕਾਇਮ ਕੀਤੀ ਹੈ। ਫਾਜ਼ਿਲਕਾ ਟੀਮ ਨੇ ਇਸ ਦਿਸ਼ਾ ਵਿੱਚ ਸਰਾਹਨਾ ਯੋਗ ਕੰਮ ਕੀਤਾ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਗੁਣਵੱਤਾ ਭਰੋਸਾ ਪ੍ਰਣਾਲੀ ਨੂੰ ਮਜ਼ਬੂਤ ਕਰਨਾ, ਮਰੀਜ਼ਾਂ ਲਈ ਸੁਵਿਧਾਜਨਕ ਸੇਵਾਵਾਂ ਯਕੀਨੀ ਬਣਾਉਣਾ ਅਤੇ ਹਸਪਤਾਲ ਪ੍ਰਬੰਧਨ ਵਿੱਚ ਪਾਰਦਰਸ਼ਤਾ ਲਿਆਉਣਾ ਅੱਜ ਦੇ ਸਮੇਂ ਦੀ ਲੋੜ ਹੈ। ਫਾਜ਼ਿਲਕਾ ਸਿਹਤ ਵਿਭਾਗ ਨੇ ਸਫਾਈ ਮੁਹਿੰਮਾਂ, ਲਾਗ ਨਿਯੰਤਰਣ ਕਮੇਟੀਆਂ ਦੀ ਸਰਗਰਮ ਭੂਮਿਕਾ ਅਤੇ ਨਿਯਮਿਤ ਆਡਿਟ ਰਾਹੀਂ ਹਸਪਤਾਲਾਂ ਵਿੱਚ ਸੁਧਾਰ ਲਿਆਂਦਾ ਹੈ।ਸਿਵਲ ਸਰਜਨ ਡਾਕਟਰ ਕਵਿਤਾ ਸਿੰਘ ਨੇ ਕਿਹਾ ਕਿ ਇਹ ਸਨਮਾਨ ਪੂਰੀ ਜ਼ਿਲ੍ਹਾ ਸਿਹਤ ਟੀਮ ਦੀ ਸਾਂਝੀ ਮਿਹਨਤ ਦਾ ਨਤੀਜਾ ਹੈ। ਡਾਕਟਰਜ਼, ਨਰਸਿੰਗ ਸਟਾਫ, ਪੈਰਾ-ਮੈਡੀਕਲ ਕਰਮਚਾਰੀਆਂ ਅਤੇ ਪ੍ਰਸ਼ਾਸਕੀ ਟੀਮ ਦੇ ਸਹਿਯੋਗ ਨਾਲ ਹੀ ਮਰੀਜ਼ਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਡਾਇਗਨੌਸਟਿਕ ਸਹੂਲਤਾਂ ਨੂੰ ਅਧੁਨਿਕ ਬਣਾਉਣ, ਓਪਰੇਸ਼ਨ ਥੀਏਟਰਾਂ ਵਿੱਚ ਮਿਆਰੀ ਪ੍ਰੋਟੋਕਾਲ ਲਾਗੂ ਕਰਨ ਅਤੇ ਬਾਇਓ-ਮੈਡੀਕਲ ਵੇਸਟ ਪ੍ਰਬੰਧਨ ਨੂੰ ਸੁਚਾਰੂ ਬਣਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ।ਡੀ ਐਮ ਸੀ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਏਰਿਕ ਨੇ ਕਿਹਾ ਕਿ ਜਨਤਕ ਸਿਹਤ ਪਹਿਲਕਦਮੀਆਂ ਤਹਿਤ ਟੀਕਾਕਰਨ, ਮਾਤਾ-ਬੱਚਾ ਸਿਹਤ ਸੇਵਾਵਾਂ, ਗੈਰ-ਸੰਚਾਰੀ ਬਿਮਾਰੀਆਂ ਦੀ ਸਕ੍ਰੀਨਿੰਗ ਅਤੇ ਜਾਗਰੂਕਤਾ ਮੁਹਿੰਮਾਂ ਨੂੰ ਤੀਵਰ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਇਸ ਸਨਮਾਨ ਨਾਲ ਜ਼ਿਲ੍ਹਾ ਸਿਹਤ ਵਿਭਾਗ ਦੇ ਹੌਸਲੇ ਹੋਰ ਬੁਲੰਦ ਹੋਏ ਹਨ ਅਤੇ ਟੀਮ ਨੇ ਵਚਨ ਦਿੱਤਾ ਹੈ ਕਿ ਲੋਕਾਂ ਨੂੰ ਉੱਚ ਦਰਜੇ ਦੀ, ਸੁਰੱਖਿਅਤ ਅਤੇ ਭਰੋਸੇਯੋਗ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਯਤਨ ਲਗਾਤਾਰ ਜਾਰੀ ਰਹਿਣਗੇ।ਇਸ ਸਮੇਂ ਪ੍ਰਿੰਸੀਪਲ ਸੈਕਟਰੀ ਕੁਮਾਰ ਰਾਹੁਲ, ਡਾਇਰੈਕਟਰ ਹੈਲਥ ਡਾ ਹਤਿੰਦਰ ਕੌਰ ਅਤੇ ਹੋਰ ਅਫਸਰ ਸਾਹਿਬਾਨ ਹਾਜ਼ਰ ਸਨ।

# ਫ਼ਰੀਦਕੋਟ 'ਚ 1.39 ਕਰੋੜ ਦੀ ਲਾਗਤ ਨਾਲ ਬਣੇਗਾ ਨਵਾਂ ਅਰਬਨ ਪ੍ਰਾਇਮਰੀ ਸਿਹਤ ਕੇਂਦਰ



ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)- ਫ਼ਰੀਦਕੋਟ ਸ਼ਹਿਰ ਦੇ ਵਸਨੀਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਮਕਸਦ ਨਾਲ ਹਲਕਾ ਫ਼ਰੀਦਕੋਟ ਦੇ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਵੱਲੋਂ ਇੱਕ ਅਹਿਮ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ। ਸਾਈਟ-2 ਰਿਹੈਬ ਸੈਂਟਰ ਵਿਖੇ 1,39,45,818 ਰੁਪਏ ਦੀ ਲਾਗਤ ਨਾਲ ਨਵੇਂ ਅਰਬਨ ਪ੍ਰਾਇਮਰੀ ਸਿਹਤ ਕੇਂਦਰ ਦੀ ਇਮਾਰਤ ਦੀ ਉਸਾਰੀ ਕੀਤੀ ਜਾਵੇਗੀ। ਇਸ ਸਬੰਧੀ ਲੋਕ ਨਿਰਮਾਣ ਵਿਭਾਗ ਵੱਲੋਂ ਟੈਂਡਰ ਜਾਰੀ ਕਰ ਦਿੱਤੇ ਗਏ ਹਨ।ਵਿਧਾਇਕ ਸੇਖੋਂ ਨੇ ਦੱਸਿਆ ਕਿ ਇਸ ਨਵੇਂ ਕੇਂਦਰ ਦੇ ਬਣਨ ਨਾਲ ਸ਼ਹਿਰੀ ਖੇਤਰ ਦੇ ਲੋਕਾਂ ਨੂੰ ਆਪਣੇ ਘਰਾਂ ਦੇ ਨੇੜੇ ਹੀ ਮਿਆਰੀ ਅਤੇ ਗੁਣਵੱਤਾ ਭਰਪੂਰ ਸਿਹਤ ਸੇਵਾਵਾਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਉਦੇਸ਼ ਆਮ ਜਨਤਾ ਨੂੰ ਸਸਤਾ ਅਤੇ ਵਧੀਆ ਇਲਾਜ ਮੁਹੱਈਆ ਕਰਵਾਉਣਾ ਹੈ ਤਾਂ ਜੋ ਉਨ੍ਹਾਂ ਨੂੰ ਮਾਮੂਲੀ ਬਿਮਾਰੀਆਂ ਦੇ ਇਲਾਜ ਲਈ ਵੀ ਦੂਰ-ਦੁਰਾਡੇ ਦੇ ਹਸਪਤਾਲਾਂ ਵਿੱਚ ਨਾ ਜਾਣਾ ਪਵੇ।ਵਿਧਾਇਕ ਨੇ ਇਸ ਵਿਕਾਸ ਕਾਰਜ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਿਹਤ ਅਤੇ ਸਿੱਖਿਆ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਇਸ ਪ੍ਰੋਜੈਕਟ ਦਾ ਨਿਰਮਾਣ ਕਾਰਜ ਜਲਦ ਹੀ ਸ਼ੁਰੂ ਕਰ ਦਿੱਤਾ ਜਾਵੇਗਾ, ਜੋ ਇਲਾਕੇ ਦੀਆਂ ਸਿਹਤ ਸਹੂਲਤਾਂ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗਾ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਵਰਕਰਾਂ ਤੇ ਆਗੂਆਂ 'ਤੇ ਜਬਰ ਦੀ ਨਿਖੇਧੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਜਥੇਬੰਦੀ ਦੇ ਆਗੂਆਂ ਤੇ ਵਰਕਰਾਂ ਉਤੇ ਪੰਜਾਬ ਸਰਕਾਰ ਵੱਲੋਂ ਕੀਤੇ ਜਬਰ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ, ਬੀ.ਕੇ.ਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੋਬਿੰਦ ਸਿੰਘ ਕੋਟਲੀ ਦਿਉਣ, ਬੀ.ਕੇ.ਯੂ ਲੱਖੋਵਾਲ (ਟਿਕੈਤ) ਦੇ ਜ਼ਿਲ੍ਹਾ ਸਕੱਤਰ ਜਥੇਦਾਰ ਗੁਰਮੀਤ ਸਿੰਘ ਲੰਬੀ ਢਾਬ ਬੀ.ਕੇ.ਯੂ ਡਕੌਂਦਾ (ਬੁਰਜ ਗਿੱਲ) ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਵੱਟੂ ਬੀ.ਕੇ.ਯੂ ਡਕੌਂਦਾ (ਧਨੇਰ) ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਉੜਾਂਗ, ਬੀ.ਕੇ.ਯੂ ਮਾਲਵਾ ਤੇ ਜ਼ਿਲ੍ਹਾ ਪ੍ਰਧਾਨ ਕੁਲਵੀਰ ਸਿੰਘ ਧੂਲਕੋਟ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਕਬਰਵਾਲਾ, ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਅਸਪਾਲਾ, ਕੌਮੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਚੌਧਰੀ ਪਾਲ ਸਿੰਘ ਭੁਲੇਰੀਆਂ, ਕੁੱਲ ਹਿੰਦ ਕਿਸਾਨ ਸਭਾ (ਅਜੇ ਭਵਨ) ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਵਣਵਾਲਾ, ਕੁੱਲ ਹਿੰਦ ਕਿਸਾਨ ਸਭਾ (ਪੁੰਨਾਂਵਾਲ)



ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਧਰਮਪਾਲ ਸਿੰਘ ਝਬੇਲਵਾਲੀ ਨੇ ਬੋਲਦਿਆਂ ਕਿਹਾ ਕਿ ਚਾਓਕੇ ਸਕੂਲ ਦੇ ਮਸਲੇ 'ਚ ਬੀ.ਕੇ.ਯੂ ਉਗਰਾਹਾਂ ਜਥੇਬੰਦੀ ਦੇ ਆਗੂਆਂ ਨੂੰ ਕਈ ਮਹੀਨਿਆਂ ਤੋਂ ਨਜਾਇਜ਼ ਤੌਰ 'ਤੇ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਹੈ। ਬੀ.ਕੇ.ਯੂ ਉਗਰਾਹਾਂ ਜਥੇਬੰਦੀ ਵੱਲੋਂ ਉਨ੍ਹਾਂ ਦੀ ਰਿਹਾਈ ਵਾਸਤੇ ਜ਼ਿਲ੍ਹਾ ਹੈੱਡ ਕੁਆਰਟਰ ਬਠਿੰਡਾ ਘੇਰਨ ਦਾ ਐਲਾਨ ਕੀਤਾ ਗਿਆ ਸੀ, ਜਿਸ ਕਾਰਨ ਰਾਤ ਨੂੰ ਹੀ ਉਨ੍ਹਾਂ ਦੇ ਘਰਾਂ 'ਚ ਛਾਪੇਮਾਰੀਆਂ ਕਰਕੇ ਬਹੁਤ ਸਾਰੇ ਆਗੂ ਗ੍ਰਿਫ਼ਤਾਰ ਕਰ ਲਏ ਹਨ।ਪੰਜਾਬ ਸਰਕਾਰ ਦੇ ਇਸ਼ਾਰੇ ਦੇ ਪੰਜਾਬ ਪੁਲਿਸ ਵੱਲੋਂ ਲੋਕਤੰਤਰਤਾ ਦਾ ਘਾਣ ਕਰਦੇ ਹੋਏ। ਅੱਜ ਵੱਖ-ਵੱਖ ਥਾਂਵਾਂ ਤੇ ਡੀ.ਸੀ ਦਫ਼ਤਰਾਂ ਵੱਲ ਵੱਧ ਰਹੇ ਕਿਸਾਨ ਕਾਫ਼ਲਿਆਂ ਤੇ ਲਾਠੀ ਚਾਰਜ ਕਰਕੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ। ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਤੇ ਦੋਸ਼ ਲਾਉਂਦਿਆਂ ਕਿਹਾ ਕਿ ਪਿੰਡ ਜਿਉਂਦ ਵਿੱਚ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਤੇ ਅੱਥਰੂ ਗੈਸ ਦੇ ਗੋਲਿਆਂ ਦੀ ਵਰਖਾ ਕਰਕੇ ਪੰਜਾਬ ਵਿੱਚ ਐਮਰਜੈਂਸੀ ਵਰਗਾ ਮਾਹੌਲ ਬਣਾਇਆ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦਾ ਸੰਘਰਸ਼ ਕਰਨ ਦਾ ਜਮਹੂਰੀ ਹੱਕ ਖੋਹ ਰਹੀ ਹੈ।ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੇ ਸੀਨੀਅਰ ਆਗੂ ਬਲਵਿੰਦਰ ਸਿੰਘ ਥਾਂਦੇਵਾਲਾ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਕਿਸਾਨਾਂ ਨੂੰ ਰਿਹਾਅ ਕੀਤਾ ਜਾਵੇ।

# ਦਸਵੀਂ ਦੀ ਪ੍ਰੀਖਿਆ ਦੇ ਪਹਿਲੇ ਦਿਨ ਵਿਦਿਆਰਥੀਆਂ ਨੇ ਕੀਤੀ ਸਰਸਵਤੀ ਦੀ ਪੂਜਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਸੀਬੀਐੱਸਈ ਦੀ ਦਸਵੀਂ ਜਮਾਤ ਦੀ ਪ੍ਰੀਖਿਆ ਦੇ ਪਹਿਲੇ ਦਿਨ ਵਿਦਿਆਰਥੀਆਂ 'ਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। ਗਣਿਤ ਦੀ ਪ੍ਰੀਖਿਆ ਹੋਣ ਕਾਰਨ ਸਵੇਰ ਤੋਂ ਹੀ ਵਿਦਿਆਰਥੀਆਂ ਵੱਲੋਂ ਉਤਸ਼ਾਹ ਨਾਲ ਪ੍ਰੀਖਿਆ ਕੇਂਦਰਾਂ ਵਿਚ ਹਿੱਸਾ ਲਿਆ ਗਿਆ ਤੇ ਪੂਰੇ ਮਨੋਬਲ ਨਾਲ ਪ੍ਰੀਖਿਆ ਦਿੱਤੀ ਗਈ। ਜ਼ਿਲ੍ਹੇ 'ਚ ਦਸਵੀਂ ਦੀ ਪ੍ਰੀਖਿਆ ਲਈ 10 ਕੇਂਦਰ ਬਣਾਏ ਗਏ ਸਨ, ਜਿਨ੍ਹਾਂ ਵਿੱਚ 2700



ਵਿਦਿਆਰਥੀ ਪ੍ਰੀਖਿਆ ਲਈ ਬੈਠੇ। ਦਾਸ ਐਂਡ ਬ੍ਰਾਊਨ ਵਰਲਡ ਸਕੂਲ ਦੀ ਪ੍ਰਿੰਸੀਪਲ ਡਾ. ਰੁਚੀ ਪਾਂਡੇ ਨੇ ਦੱਸਿਆ ਕਿ ਪ੍ਰੀਖਿਆ ਤੋਂ ਪਹਿਲਾਂ ਸਕੂਲ ਵਿਚ ਸਰਸਵਤੀ ਪੂਜਨ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਮਾਂ ਸਰਸਵਤੀ ਦੀ ਮੂਰਤੀ ਅੱਗੇ ਜੋਤ ਜਗਾ ਕੇ ਵਿਧੀਵਤ ਪੂਜਾ ਕੀਤੀ ਤੇ ਵਿਦਿਆਰਥੀਆਂ ਦੇ ਪ੍ਰੀਖਿਆ ਵਿਚ ਚੰਗੇ ਅੰਕਾਂ ਨਾਲ ਪਾਸ ਹੋਣ ਦੀ ਕਾਮਨਾ ਕੀਤੀ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਦਹੀਂ-ਸ਼ੱਕਰ ਖੁਆ ਕੇ ਸ਼ੁਭਕਾਮਨਾਵਾਂ ਦਿੱਤੀਆਂ। ਡੀਸੀ ਮਾਡਲ ਸਕੂਲ ਦੇ ਵਿਦਿਆਰਥੀ ਅਕਸ਼ਿਤਾ, ਅਰਪਿਤਾ, ਲਵਿਸ਼ ਗੋਇਲ, ਕਾਸ਼ਵੀ, ਦੁਰਗੇਸ਼ ਤੇ ਪ੍ਰਾਂਜਲ ਨੇ ਕਿਹਾ ਕਿ ਮਨ ਵਿੱਚ ਪ੍ਰੀਖਿਆ ਨੂੰ ਲੈ ਕੇ ਜਿੰਨਾ ਡਰ ਸੀ, ਪੇਪਰ ਉਨਾਂ ਹੀ ਜ਼ਿਆਦਾ ਵਧੀਆ ਹੋਇਆ ਹੈ। ਉਨ੍ਹਾਂ ਸਭ ਤੋਂ ਪਹਿਲਾਂ ਪ੍ਰਸ਼ਨ ਪੱਤਰ ਪੜ੍ਹਿਆ, ਜਿਸ ਤੋਂ ਬਾਅਦ ਸਵਾਲਾਂ ਨੂੰ ਹੱਲ ਕਰਨਾ ਸ਼ੁਰੂ ਕੀਤਾ ਤੇ ਨਿਰਧਾਰਿਤ ਸਮੇਂ ਤੋਂ ਪਹਿਲਾਂ ਹੀ ਉਨ੍ਹਾਂ ਦਾ ਪੇਪਰ ਬਹੁਤ ਵਧੀਆ ਢੰਗ ਨਾਲ ਪੂਰਾ ਹੋ ਗਿਆ ਸੀ। ਵਿਦਿਆਰਥੀਆਂ ਨੇ ਪ੍ਰੀਖਿਆ ਕੇਂਦਰਾਂ ਤੋਂ ਬਾਹਰ ਆ ਕੇ ਆਪਣੇ ਅਧਿਆਪਕਾਂ ਨਾਲ ਗਣਿਤ ਦੇ ਸਵਾਲਾਂ ਦੇ ਹੱਲ ਸਾਂਝੇ ਕੀਤੇ, ਤਾਂ ਉਨ੍ਹਾਂ ਦੇ ਸਾਰੇ ਸਵਾਲ ਸਹੀ ਨਿਕਲੇ। ਡੀਸੀਐਮ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਭਵਿਆ ਮੋਗਾ, ਦਕਸ਼, ਅਲਫਾਜ਼, ਸਮਾਇਰਾ, ਗੁਰਨੂਰ ਸਿੰਘ, ਹਰਸ਼ਿਤ ਚਾਵਲਾ ਅਤੇ ਨਿਸ਼ਾਂਤ ਨੇ ਕਿਹਾ ਕਿ ਸਕੂਲ ਵਿਚ ਅਧਿਆਪਕਾਂ ਨੇ ਜਿਸ ਬਾਰੀਕੀ ਨਾਲ ਉਨ੍ਹਾਂ ਨੂੰ ਮੈਥ ਪੜ੍ਹਾਇਆ ਸੀ ਤੇ ਪ੍ਰੀਖਿਆ ਤੋਂ ਪਹਿਲਾਂ ਜੋ ਟਿਪਸ ਦਿੱਤੇ ਸਨ, ਉਨ੍ਹਾਂ ਸਦਕਾ ਹੀ ਉਨ੍ਹਾਂ ਨੇ ਪ੍ਰੀਖਿਆ ਦਿੱਤੀ ਤੇ ਪਹਿਲਾ ਪੇਪਰ ਬਹੁਤ ਸ਼ਾਨਦਾਰ ਹੋਇਆ ਹੈ। ਉਨ੍ਹਾਂ ਨੂੰ ਉਮੀਦ ਹੈ ਕਿ ਉਹ ਪਹਿਲੀ ਪ੍ਰੀਖਿਆ ਚੰਗੇ ਅੰਕਾਂ ਨਾਲ ਪਾਸ ਕਰਕੇ ਟਾਪ ਕਰਨਗੇ।

# ਪੱਤਰਕਾਰ ਸੇਠ ਨੂੰ ਸਦਮਾ, ਮਾਤਾ ਸਵਰਗਵਾਸ



**ਦੋਰਾਹਾ, (ਪੱਤਰ ਪ੍ਰੇਰਕ)** 'ਨਵਾਂ ਜ਼ਮਾਨਾ' ਲਈ ਪੱਤਰਕਾਰੀ ਦੀ ਸੇਵਾ ਨਿਭਾਅ ਰਹੇ ਹਰਮਿੰਦਰ ਸਿੰਘ ਸੇਠ ਨੂੰ ਉਦੋਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਮਾਤਾ ਪ੍ਰੀਤਮ ਕੌਰ ਪਤਨੀ ਸਵ: ਪਰਮਜੀਤ ਸਿੰਘ ਬੀਤੀ ਰਾਤ ਸਦੀਵੀ ਵਿਛੋੜਾ ਦੇ ਗਏ।

ਉਨ੍ਹਾਂ ਦੇ ਅੰਤਮ ਸੰਸਕਾਰ ਮੌਕੇ ਵੱਖ-ਵੱਖ ਅਖ਼ਬਾਰਾਂ ਦੇ ਪ੍ਰਤੀਨਿਧ, ਧਾਰਮਿਕ, ਰਾਜਨੀਤਕ, ਵਿੱਦਿਅਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।ਮਾਤਾ ਪ੍ਰੀਤਮ ਕੌਰ ਨਮਿਤ ਅੰਤਮ ਅਰਦਾਸ 25 ਫ਼ਰਵਰੀ ਨੂੰ ਗੁਰਦੁਆਰਾ ਕਲਗੀਧਰ ਸਾਹਿਬ ਦੋਰਾਹਾ ਵਿਖੇ ਬਾਅਦ ਦੁਪਹਿਰ ਹੋਵੇਗੀ।


**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਜਾਇਦਾਦ ਵਿਕਰੀ ਨੋਟਿਸ**

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13(4) ਅਧੀਨ ਕਬਜ਼ਾ ਲੈ ਲਿਆ ਹੈ। ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐਂਟ ਪੀ ਦੇ ਹੇਠਾਂ ਦਿੱਤੇ ਵਿਰੁੱਧ ਬਕਾਇਆ ਕਰਜ਼ੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਜਾਇਦਾਦ ਦੀ ਵਿਕਰੀ ਬੈਂਕ ਵੱਲੋਂ 24.03.2026 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | 1. ਮੈਸ. ਨਰੇਸ਼ ਕੁਮਾਰ ਐਂਡ ਸੰਨਜ਼ ਡਬਲਯੂ ਆਰ 278 ਵਿਖੇ ਸਥਿਤ, ਨੇੜੇ ਗੌਰਮਿੰਟ ਗਰਲਜ਼ ਸਕੂਲ, ਬਸਤੀ ਸ਼ੇਖ, ਜਲੰਧਰ ਰਾਹੀਂ ਇਸ ਦੇ ਮਾਲਕ ਸ੍ਰੀ ਨਰੇਸ਼ ਕੁਮਾਰ (ਕਰਜ਼ਦਾਰ)<br>2. ਸ੍ਰੀ ਨਰੇਸ਼ ਕੁਮਾਰ ਪੁੱਤਰ ਰੋਸ਼ਨ ਲਾਲ ਵਾਸੀ ਡਬਲਯੂ ਆਰ-278, ਨੇੜੇ ਗੌਰਮਿੰਟ ਗਰਲਜ਼ ਸਕੂਲ, ਬਸਤੀ ਸ਼ੇਖ, ਜਲੰਧਰ (ਮਾਲਕ ਮੈਸ. ਨਰੇਸ਼ ਕੁਮਾਰ ਐਂਡ ਸੰਨਜ਼)<br>3. ਸ੍ਰੀ ਲੇਖ ਰਾਜ ਪੁੱਤਰ ਨਰੇਸ਼ ਕੁਮਾਰ ਵਾਸੀ ਡਬਲਯੂ ਆਰ-278, ਨੇੜੇ ਗੌਰਮਿੰਟ ਗਰਲਜ਼ ਸਕੂਲ, ਬਸਤੀ ਸ਼ੇਖ, ਜਲੰਧਰ (ਗਰੰਟਰ)<br>4. ਸ੍ਰੀਮਤੀ ਵਰਸ਼ਾ ਰਾਣੀ ਪਤਨੀ ਨਰੇਸ਼ ਕੁਮਾਰ ਵਾਸੀ ਡਬਲਯੂ ਆਰ-278, ਨੇੜੇ ਗੌਰਮਿੰਟ ਗਰਲਜ਼ ਸਕੂਲ, ਬਸਤੀ ਸ਼ੇਖ, ਜਲੰਧਰ (ਗਰੰਟਰ) |
| (16.02.2026 ਨੂੰ ਬਕਾਇਆ ਰਕਮ<br>OD/025400000155<br>ਡਬਲਯੂ ਸੀ ਟੀ ਐੱਲ (ਈ ਸੀ ਐੱਲ ਜੀ ਐੱਸ)/<br>025612000136 | Rs. 16,46,735.10/-<br>ਅਤੇ 01.02.2026 ਤੋਂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ :- ਬੈਨਾਮਾ ਨੰ. 2644 ਮਿਤੀ 12.07.2017 ਅਨੁਸਾਰ ਸ੍ਰੀਮਤੀ ਵਰਸ਼ਾ ਰਾਣੀ ਪਤਨੀ ਨਰੇਸ਼ ਕੁਮਾਰ ਦੀ ਮਲਕੀਅਤ ਜਾਇਦਾਦ ਰਕਬਾ 1.5 ਮਰਲਾ, ਅਬਾਦੀ ਚੇਤ ਵਿਹਾਰ ਵਿਖੇ ਸਥਿਤ, ਜਨਕ ਨਗਰ, ਬਸਤੀ ਸ਼ੇਖ, ਨੇੜੇ ਗੌਰਮਿੰਟ ਗਰਲਜ਼ ਸਕੂਲ, ਤਹਿ. ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁੱਝ। |
| ਰਾਖਵੀਂ ਕੀਮਤ | ਰੁ. 10.00 ਲੱਖ (ਰੁਪਏ ਦਸ ਲੇਖ ਕੇਵਲ) |
| ਈ ਐੱਮ ਡੀ (ਬਿਆਨਾ ਰਕਮ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ ਹੈ, ਜੋ ਸਫਲ ਬੋਲੀਕਾਰ ਵੱਲੋਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਮਿਤੀ 24.03.2026 ਨੂੰ ਅਦਾ ਕੀਤਾ ਜਾਵੇਗਾ। ਟੈਂਡਰ ਫਾਰਮ ਅਤੇ ਈ ਐੱਮ ਡੀ, ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ, ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ", "ਜੋ ਹੈ ਜਿਵੇਂ ਹੈ", ਉੱਥੇ ਜੋ ਵੀ ਹੈ" ਦੇ ਆਧਾਰ 'ਤੇ ਕੀਤੀ ਜਾਵੇਗੀ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ 25 ਫੀਸਦੀ ਈ ਐੱਮ ਡੀ (ਰਕਮ ਬਿਆਨਾ) ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 24.03.2026 ਸਵੇਰੇ 11.00 ਵਜੇ ਤੱਕ ਹੈ। ਟੈਂਡਰ ਉਕਤ ਮਿਤੀ ਤੋਂ ਸਵੇਰੇ 11.00 ਵਜੇ ਤੋਂ ਬਾਅਦ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਖੋਲ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਮੇਤ ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਅਤੇ ਜਾਇਦਾਦ ਦੇ ਨਿਰੀਖਣ ਲਈ ਕਿਰਪਾ ਕਰਕੇ ਸ਼ਾਖਾ ਦਫਤਰ ਵਿਜਯਾ ਨਗਰ, ਜਲੰਧਰ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਰੂਲਜ਼/ਸ਼ਰਤਾਂ ਤਹਿਤ ਕੀਤੀ ਜਾਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਸ਼ਰਤਾਂ ਅਤੇ ਨਿਯਮ ਕਿਸੇ ਸਮੇਂ ਵੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 18.02.2026 — ਅਧਿਕਾਰਤ ਅਫਸਰ


# ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਬਜ਼ੁਰਗਾਂ ਲਈ ਵਰਦਾਨ : ਪੰਡੋਰੀ



**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਾਉਣ ਲਈ ਸ਼ੁਰੂ ਕੀਤੀ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਆਮ ਲੋਕਾਂ ਖਾਸ ਕਰਕੇ ਬਜ਼ੁਰਗਾਂ ਲਈ ਵਰਦਾਨ ਸਿੱਧ ਹੋ ਰਹੀ ਹੈ।

ਇਹ ਪ੍ਰਗਟਾਵਾ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਅਤੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪਿੰਡ ਸਹਿਜੜਾ ਵਿਖੇ ਯਾਤਰਾ ਤੋਂ ਪਰਤੀਆਂ ਸੰਗਤਾਂ ਨਾਲ ਗੱਲਬਾਤ ਕਰਨ ਉਪਰੰਤ ਕੀਤਾ। ਵਿਧਾਇਕ ਪੰਡੋਰੀ ਨੇ ਦੱਸਿਆ ਕਿ ਪਿੰਡ ਸਹਿਜੜਾ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਤੇ ਵਾਹਗਾ ਬਾਰਡਰ ਅਤੇ ਹੋਰ ਅਸਥਾਨਾਂ ਦੇ ਦਰਸ਼ਨ ਕਰਕੇ ਪਰਤੇ ਹਨ।ਉਨ੍ਹਾਂ ਕਿਹਾ ਕਿ ਜਦੋਂ ਮੈਂ ਇਨ੍ਹਾਂ ਬਜ਼ੁਰਗਾਂ ਤੇ ਮਾਤਾਵਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੇ ਚਿਹਰਿਆਂ 'ਤੇ ਵੱਖਰੀ ਹੀ ਖੁਸ਼ੀ ਅਤੇ ਸਕੂਨ ਸੀ।ਸੰਗਤਾਂ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਸਰਕਾਰ ਵੱਲੋਂ ਯਾਤਰਾ ਦੌਰਾਨ ਰਹਿਣ, ਖਾਣ-ਪੀਣ ਤੇ ਆਉਣ-ਜਾਣ ਦੇ ਬਹੁਤ ਵਧੀਆ ਪ੍ਰਬੰਧ ਕੀਤੇ ਗਏ ਸਨ ਕਿ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨਾ ਪਿਆ। ਵਿਧਾਇਕ ਪੰਡੋਰੀ ਨੇ ਕਿਹਾ ਕਿ ਕਈ ਬਜ਼ੁਰਗਾਂ ਵੱਲੋਂ ਦੱਸਿਆ ਗਿਆ ਕਿ ਉਹ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਸ੍ਰੀ ਹਰਮੰਦਿਰ ਸਾਹਿਬ ਨਤਮਸਤਕ ਹੋਏ ਹਨ।

# ਅਸਲ ਵਿਕਾਸ ਅਕਾਲੀ ਸਰਕਾਰ ਮੌਕੇ ਹੀ ਹੋਇਆ : ਸਨੀ ਗਿੱਲ

**ਮੋਗਾ, (ਇਕਬਾਲ ਸਿੰਘ ਖਹਿਰਾ)** ਵਿਧਾਨ ਸਭਾ ਹਲਕਾ ਮੋਗਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਸੰਜੀਤ ਸਿੰਘ ਉਰਫ਼ ਸਨੀ ਗਿੱਲ ਨੇ ਹੋਰ ਰਾਜਨੀਤਕ ਦਲਾਂ ਨੂੰ ਨਸੀਹਤ ਦਿੰਦਿਆਂ ਕਿਹਾ ਕਿ ਮੋਗਾ ਵਿੱਚ ਜਿੱਥੇ ਵੀ ਢੁੱਕਵੇਂ ਤੇ ਥਿਰ ਵਿਕਾਸ ਕਾਰਜ ਨਜ਼ਰ ਆਉਂਦੇ ਹਨ, ਉਹ ਅਕਾਲੀ ਦਲ ਦੀ ਸਰਕਾਰ ਦੀ ਦੇਣ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਬਸ ਅੱਡਾ, ਇੰਡੋਰ ਸਟੇਡੀਅਮ ਤੇ ਸਿਵਲ ਹਸਪਤਾਲ ਵਿੱਚ 50 ਬੈੱਡ ਤੋਂ 180 ਬੈੱਡ ਤੱਕ ਹੋਏ ਵਿਸਥਾਰ ਦੌਰਾਨ ਬਣੀਆਂ ਇਮਾਰਤਾਂ ਇਸ ਗੱਲ ਦਾ ਸਪੱਸ਼ਟ ਸਬੂਤ ਹਨ।ਹਰ ਥਾਂ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਅਕਾਲੀ ਦਲ ਦਾ ਨਾਂਅ ਦਰਜ ਮਿਲੇਗਾ। ਸਨੀ ਗਿੱਲ ਨੇ ਕਿਹਾ ਕਿ ਜੇ ਮੌਜੂਦਾ ਸਰਕਾਰ ਨਵੇਂ ਵਿਕਾਸ ਕਾਰਜ ਕਰਾਉਣ ਵਿੱਚ ਅਸਮਰੱਥ ਹੈ ਤਾਂ ਘੱਟੋ-ਘੱਟ ਅਕਾਲੀ ਸਰਕਾਰ ਦੇ ਦੌਰਾਨ ਬਣੇ ਢਾਂਚਿਆਂ ਦੀ ਸੰਭਾਲ ਅਤੇ ਮੁਰੰਮਤ ਹੀ ਕਰਾ ਦੇਵੇ।ਇਸ ਨਾਲ ਵੀ ਲੋਕਾਂ ਨੂੰ ਵੱਡੀ ਰਾਹਤ ਮਿਲ ਸਕਦੀ ਹੈ। ਉਨ੍ਹਾਂ ਕਿਹਾ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਮੌਜੂਦਾ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਤੱਕ ਮੁਹੱਈਆ ਨਹੀਂ ਕਰਵਾ ਰਹੀ।ਛੋਟੀਆਂ-ਮੋਟੀਆਂ ਸੜਕਾਂ ਬਣਾ ਕੇ ਉਸਨੂੰ ਵੱਡਾ ਵਿਕਾਸ ਦੱਸਣਾ ਠੀਕ ਨਹੀਂ।ਇਹ ਤਾਂ ਰੋਜ਼ਮਰ੍ਹਾ ਦੇ ਪ੍ਰਸ਼ਾਸਕੀ ਕੰਮ ਹਨ, ਜੋ ਹਰ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ। ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਦਾ ਹਵਾਲਾ ਦਿੰਦਿਆਂ ਸਨੀ ਗਿੱਲ ਨੇ ਕਿਹਾ ਕਿ ਜਦੋਂ ਵੱਡੇ ਅਧਿਕਾਰੀਆਂ ਨੇ ਉਸ ਸਥਾਨ ਨੂੰ ਰੱਦ ਕਰ ਦਿੱਤਾ ਸੀ, ਤਾਂ ਤਤਕਾਲੀਨ ਸਿੱਖਿਆ ਮੰਤਰੀ ਤੋਤਾ ਸਿੰਘ ਨੇ ਦ੍ਰਿੜ ਇਰਾਦਾ ਦਿਖਾਉਂਦੇ ਹੋਏ ਉਸੇ ਥਾਂ 'ਤੇ ਸੱਤ ਮੰਜ਼ਿਲਾ



ਇਮਾਰਤ ਬਣਾਉਣ ਦਾ ਫੈਸਲਾ ਲਾਗੂ ਕਰਾਇਆ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਫੈਸਲੇ ਉਹੀ ਲੀਡਰ ਲੈ ਸਕਦੇ ਹਨ, ਜਿਨ੍ਹਾਂ ਦੀ ਸੋਚ ਵਿਕਾਸ ਕੇਂਦਰਿਤ ਅਤੇ ਦੂਰਦਰਸ਼ੀ ਹੋਵੇ। ਸਨੀ ਗਿੱਲ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਦੌਰਾਨ ਨੇਤਾ ਵਿਕਾਸ ਨੂੰ ਪਹਿਲ ਦਿੰਦੇ ਸਨ ਤੇ ਵਿਧਾਇਕ ਤੋਂ ਲੈ ਕੇ ਮੁੱਖ ਮੰਤਰੀ ਤੱਕ ਲੋਕਾਂ ਦੇ ਵਿਚਕਾਰ ਰਹਿੰਦੇ ਸਨ। ਉਨ੍ਹਾਂ ਦਾਅਵਾ ਕੀਤਾ ਕਿ ਰਾਜ ਵਿੱਚ ਬਣ ਰਹੇ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਅਕਾਲੀ ਸਰਕਾਰ ਦੀ ਵਾਪਸੀ ਨਿਸਚਿਤ ਹੈ ਤੇ ਆਉਣ ਵਾਲੇ ਸਮੇਂ ਵਿੱਚ ਮੁੜ ਉਸੇ ਤਰ੍ਹਾਂ ਵਿਕਾਸ ਕਾਰਜਾਂ ਨੂੰ ਤੇਜ਼ੀ।

# ਮਾਨ ਸੈਂਡਵਾਲ 'ਚ 34ਵਾਂ ਕੀਰਤਨ ਸਮਾਗਮ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਿੰਡ ਮਾਨ ਸੈਂਡਵਾਲ ਵਿੱਚ 34ਵਾਂ ਮਹਾਨ ਕੀਰਤਨ ਸਮਾਗਮ



ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਸੁਖਜਿੰਦਰ ਸਿੰਘ ਨੇ ਦੱਸਿਆ ਕੇ ਇਸ ਵਾਰ ਦੇ ਸਮਾਗਮ ਵਿੱਚ ਕਥਾਵਾਚਕ ਗਿਆਨੀ ਗੁਰਪ੍ਰੀਤ ਸਿੰਘ ਗੁਰਦੁਆਰਾ ਸ਼ਹੀਦਾਂ ਸਾਹਿਬ, ਭਾਈ ਸਤਿੰਦਰਬੀਰ ਸਿੰਘ ਅਮਰੀਕਾ ਦਾ ਰਾਗੀ ਜਥਾ, ਭਾਈ ਸੁਰਜੀਤ ਸਿੰਘ ਵਾਰਸ ਢਾਡੀ ਜਥਾ, ਭਾਈ ਚਾਨਣ ਸਿੰਘ ਕਵੀਸ਼ਰੀ ਜਥਾ, ਭਾਈ ਕੰਵਲਜੀਤ ਸਿੰਘ ਤੇ ਭਾਈ ਹਰਵਿੰਦਰ ਸਿੰਘ ਦੇ ਰਾਗੀ ਜਥੇ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ ਸੁਣਾ ਕੇ ਨਿਹਾਲ ਕਰਨਗੇ। ਜਿਕਰਯੋਗ ਹੈ ਕੇ ਇਸ ਵਾਰ ਦੇ ਕੀਰਤਨ ਸਮਾਗਮ ਵਿੱਚ ਅਮਰੀਕਾ ਤੋਂ ਭਾਈ ਸਤਿੰਦਰਬੀਰ ਸਿੰਘ ਜੀ ਉਚੇਚੇ ਤੌਰ ਤੇ ਹਾਜ਼ਰੀ ਭਰਨਗੇ।ਉਹ ਦਮਦਮੀ ਟਕਸਾਲ ਚੌਕ ਮਹਿਤਾ ਦੇ ਵਿਦਿਆਰਥੀ ਰਹਿ ਚੁੱਕੇ ਨੇ ਤੇ ਇਸ ਵਕਤ ਉਹ ਦੇਸ਼ ਵਿਦੇਸ਼ ਦੀਆਂ ਵੱਡੀਆਂ ਵੱਡੀਆਂ ਸਟੇਜਾਂ ਤੇ ਹਾਜ਼ਰੀ ਲਗਵਾ ਚੁੱਕੇ ਹਨ।ਇਸ ਮੌਕੇ ਚਾਹ ਪਕੌੜਿਆਂ ਤੇ ਵੱਖ-ਵੱਖ ਪ੍ਰਕਾਰ ਦਾ ਲੰਗਰ ਸਾਰਾ ਦਿਨ ਅਤੁੱਟ ਵਰਤੇਗਾ।ਇਸ ਮੌਕੇ ਗ੍ਰੰਥੀ ਬਾਬਾ ਬਲਦੇਵ ਸਿੰਘ, ਭਾਈ ਹਰਦੀਪ ਸਿੰਘ, ਮਾਸਟਰ ਨਰਿੰਦਰ ਸਿੰਘ, ਕੁਲਵਿੰਦਰ ਸਿੰਘ ਦੋਧੀ, ਭੁਪਿੰਦਰ ਸਿੰਘ ਮਾਨ, ਗੁਰਿੰਦਰ ਮਾਨ, ਬਾਬਾ ਬਲਵਿੰਦਰ ਸਿੰਘ, ਕੁਲਦੀਪ ਸਿੰਘ ਸਾਬਕਾ ਸਰਪੰਚ, ਪਲਵਿੰਦਰ ਸਿੰਘ ਹੈਪੀ, ਸੁਰਿੰਦਰ ਸਿੰਘ ਮਾਨ, ਜਸਪਾਲ ਸਿੰਘ ਸਰਪੰਚ, ਸ਼ਰਨਜੀਤ ਸਿੰਘ, ਸਿੰਮਰਨ ਰੰਧਾਵਾ, ਯੋਧਾ ਸੰਧੂ ਆਦਿ ਹਾਜ਼ਰ ਸਨ।

# ਕਿਸਾਨਾਂ 'ਤੇ ਲਾਠੀਚਾਰਜ ਤੇ ਅੱਥਰੂ ਗੈਸ ਦੇ ਗੋਲੇ ਦਾਗਣ ਦੀ ਨਿਖੇਧੀ

**ਮੋਗਾ (ਇਕਬਾਲ ਸਿੰਘ ਖਹਿਰਾ)** ਪਿੰਡ ਜਿਉਂਦ ਵਿਖੇ ਪੁਲਸ ਪ੍ਰਸ਼ਾਸਨ ਵੱਲੋਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਬੀਕੇਯੂ ਉਗਰਾਹਾਂ ਜਥੇਬੰਦੀ ਦੇ ਕਿਸਾਨਾਂ ਉੱਪਰ ਲਾਠੀਚਾਰਜ, ਪੱਥਰਬਾਜੀ, ਅੱਥਰੂ ਗੈਸ ਦੇ ਗੋਲੇ ਦਾਗਣ ਤੇ ਅੱਤਿਆਚਾਰ ਕਰਨ ਕਰਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ, ਜ਼ਿਲ੍ਹਾ ਜਨਰਲ ਸਕੱਤਰ ਚਮਕੌਰ ਸਿੰਘ ਰੋਡੇਖੁਰਦ ਤੇ ਜ਼ਿਲ੍ਹਾ ਪ੍ਰੈਸ ਸਕੱਤਰ ਜਸਮੇਲ ਸਿੰਘ ਰਾਜਿਆਣਾ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਆਗੂਆਂ ਨੇ ਆਖਿਆ ਕਿ ਜੋ ਅੱਜ ਪੰਜਾਬ ਸਰਕਾਰ ਦੇ ਇਸ਼ਾਰੇ ਉੱਪਰ ਬਠਿੰਡਾ ਦੇ ਪਿੰਡ ਜਿਉਂਦ ਵਿੱਖੇ ਬੀ.ਕੇ.ਯੂ ਉਗਰਾਹਾਂ ਜਥੇਬੰਦੀ ਦੇ ਕਾਰਕੁਨਾਂ ਵੱਲੋਂ ਜੇਲ੍ਹ ਵਿੱਚ ਬੰਦ ਪਿੰਡ ਚਾਉਕੇ ਤੇ ਪਿੰਡ ਜਿਉਂਦ ਦੇ ਦੋ ਕਿਸਾਨਾਂ ਦੀ ਰਿਹਾਈ ਨੂੰ ਲੈ ਕੇ ਬਠਿੰਡਾ ਡੀਸੀ ਦਫ਼ਤਰ, ਡੀ.ਐਸ.ਪੀ ਦਫ਼ਤਰ ਵਿਖੇ ਰੋਸ਼ ਪ੍ਰਦਰਸਨ ਕਰਕੇ ਜੇਲ੍ਹ ਵਿੱਚ ਬੰਦ ਦੋ ਸਾਥੀਆਂ ਦੀ ਰਿਹਾਈ ਲਈ ਧਰਨਾ ਪ੍ਰਦਰਸ਼ਨ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ, ਪ੍ਰੰਤੂ ਪੰਜਾਬ ਸਰਕਾਰ ਦੇ ਇਸ਼ਾਰੇ ਤੇ ਪੰਜਾਬ ਪੁਲਸ ਵੱਲੋਂ ਸਵੇਰੇ ਤੜਕੇ ਤੋਂ ਹੀ ਕਿਸਾਨ ਆਗੂਆਂ ਦੀ ਘਰਾਂ ਵਿੱਚ ਛਾਪੇਮਾਰੀ ਕਰ ਕੇ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਬਠਿੰਡਾ ਨੂੰ ਆਉਂਦੇ ਸਾਰੇ ਰਸਤਿਆਂ ਉੱਪਰ ਭਾਰੀ ਬੈਰੀਕੇਟਿੰਗ ਕੀਤੀ ਗਈ, ਤਾਂ ਜੁ ਉਗਰਾਹਾਂ ਜਥੇਬੰਦੀ ਦੇ ਕਿਸਾਨ ਬਠਿੰਡਾ ਵਿਖੇ ਨਾ ਪਹੁੰਚ ਸਕਣ। ਉਲੀਕੇ ਗਏ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਜਦ ਪਿੰਡ ਜਿਉਂਦ ਦੇ ਕਿਸਾਨਾਂ ਨੇ ਰਵਾਨਗੀ ਵੱਲ ਕਦਮ ਵਧਾਏ ਤਾਂ ਐਸ ਐਸ ਪੀ ਜੋਤੀ ਯਾਦਵ ਨੇ ਖੁਦ ਕਮਾਨ ਸੰਭਾਲਦਿਆਂ, ਕਿਸਾਨਾਂ ਉੱਪਰ ਲਾਠੀਚਾਰਜ, ਪੱਥਰਬਾਜ਼ੀ ਸ਼ੁਰੂ ਕਰ ਦਿੱਤੀ, ਜਦ ਕਿਸਾਨਾਂ ਨੇ ਅੱਗਿਓਂ ਜਵਾਬ ਵਿੱਚ ਵਿਰੋਧ ਕੀਤਾ ਤਾਂ ਐਸ ਐਸ ਪੀ ਜੋਤੀ ਯਾਦਵ ਦੇ ਹੁਕਮ ਤੇ ਪੁਲਸ ਨੇ ਕਿਸਾਨਾਂ ਉੱਪਰ ਅੱਥਰੂ ਗੈਸ ਦੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ, ਪੁਲਸ ਪ੍ਰਸ਼ਾਸਨ ਵੱਲੋਂ ਕੀਤੇ ਗਏ ਅੱਤਿਆਚਾਰ ਕਾਰਨ ਇੱਕ ਕਿਸਾਨ ਦਾ ਹੱਥ ਕੱਟਿਆ ਗਿਆ। ਆਗੂਆਂ ਨੇ ਆਖਿਆ ਕਿ ਭਗਵੰਤ ਮਾਨ ਦੀ ਸਰਕਾਰ ਕਿਸਾਨਾਂ ਦੇ ਸੰਘਰਸ਼ਾਂ ਨੂੰ ਕੁਚਲਣਾ ਚਾਹੁੰਦੀ ਹੈ, ਪਿਛਲੇ ਦਿਨੀਂ ਵੀ ਬੀਕੇਯੂ ਉਗਰਾਹਾਂ ਜਥੇਬੰਦੀ ਉੱਪਰ ਲਾਠੀਚਾਰਜ ਤੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ ਸਨ।


**UMMEED HOUSING FINANCE PVT. LTD**
Registered office at: 2009-2014, 20th Floor, Magnum Global Park,Sector-58, Gurugram (Haryana)-122002"
CIN:U65922HR2016PTC057984.

**ਸਰਫੇਸੀ ਐਕਟ ਸੈਕਸ਼ਨ (13) 2 ਤਹਿਤ ਡਿਮਾਂਡ ਨੋਟਿਸ**

ਜਦੋਂਕਿ ਕਰਜ਼ਾ ਖਾਤਾ ਐੱਨ ਪੀ ਏ ਹੋ ਗਿਆ ਹੈ, ਇਸ ਲਈ ਅਧਿਕਾਰਤ ਅਫਸਰ ਨੇ ਹੇਠਾਂ ਸਾਰਣੀ 'ਚ ਦਰਸਾਏ ਕਰਜ਼ਦਾਰ/ ਬਿਨੈਕਾਰ/ ਗਰੰਟਰ/ਰਹਿਣਕਾਰ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਤਹਿਤ 60 ਦਿਨਾ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਨੋਟਿਸ ਅਨੁਸਾਰ ਜੇਕਰ ਕਰਜ਼ਦਾਰ 60 ਦਿਨਾਂ ਦੇ ਅੰਦਰ ਸਾਰੀ ਰਕਮ ਜਮ੍ਹਾਂ ਨਹੀਂ ਕਰਵਾਉਂਦੇ ਤਾਂ ਰਕਮ ਹੇਠਾਂ ਦਰਸਾਈ ਰਹਿਣ ਕੀਤੀ ਜਾਇਦਾਦ/ਸਕਿਉਰਡ ਐੱਸਟਸ ਦੀ ਨਿਲਾਮੀ ਰਾਹੀਂ ਵਸੂਲ ਕੀਤੀ ਜਾਵੇਗੀ। ਇਸ ਲਈ ਕਰਜ਼ਦਾਰਾਂ ਨੂੰ ਸਾਰੀ ਰਕਮ ਸਮੇਤ ਭਵਿੱਖੀ ਵਿਆਜ ਅਤੇ ਖਰਚਿਆਂ ਦੇ ਡਿਮਾਂਡ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਸੂਚਨਾ ਦਿੱਤੀ ਗਈ ਹੈ, ਨਹੀਂ ਤਾਂ ਉਕਤ ਐਕਟ ਦੇ ਸੈਕਸ਼ਨ 13 [4] ਅਤੇ 14 ਦੀਆਂ ਵਿਵਸਥਾਵਾਂ ਤਹਿਤ, ਅਧਿਕਾਰਤ ਅਫਸਰ ਹੇਠਾਂ ਦਰਸਾਈ ਰਹਿਣ ਕੀਤੀ ਜਾਇਦਾਦ/ਸਕਿਉਰਡ ਐੱਸਟਸ ਦੀ ਵਿਕਰੀ ਲਈ ਕਬਜ਼ਾ ਹਾਸਲ ਕਰ ਰਿਹਾ ਹੈ। ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ ਕਰਜ਼ਦਾਰ ਧਿਆਨ ਦੇਣ ਕਿ ਐਕਟ 2002 ਦੀਆਂ 13[13] ਸ਼ਰਤਾਂ ਅਨੁਸਾਰ ਤੁਹਾਡੇ 'ਤੇ ਸਕਿਉਰਡ ਕ੍ਰੈਡਿਟਰ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਕਿਸੇ ਵੀ ਸਕਿਉਰਡ ਐੱਸਟਸ ਦੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲੀ ਕਰਨ 'ਤੇ ਰੋਕ ਅਤੇ ਪਾਬੰਦੀ ਹੈ।

ਕਰਜ਼ਦਾਰ ਦਾ ਧਿਆਨ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 3 (5) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (8) ਵੱਲ ਦਿਵਾਇਆ ਜਾਂਦਾ ਹੈ ਕਿ ਕਰਜ਼ਦਾਰ ਨਿਲਾਮੀ ਨੋਟਿਸ ਦੀ ਪ੍ਰਕਾਸ਼ਨਾ ਤੋਂ ਪਹਿਲਾਂ ਹੇਠਾਂ ਦਰਸਾਏ ਸਾਰੇ ਬਕਾਏ ਮੁਕੰਮਲ ਤੌਰ 'ਤੇ ਅਦਾ ਕਰਕੇ ਸਕਿਉਰਡ ਐੱਸਟਸ ਪੁਨਰਗ੍ਰਹਿਣ ਕਰ ਸਕਦੇ ਹਨ, ਜਿਸ ਦੀ ਬਾਅਦ 'ਚ ਹੋਂਦ ਖਤਮ ਹੋ ਜਾਵੇਗੀ।

| ਲੜੀ ਨੰ. | ਕਰਜ਼ਦਾਰ/ਬਿਨੈਕਾਰ/ਗਰੰਟਰ/ਰਹਿਣਕਾਰ ਦਾ ਨਾਂਅ | ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ ਦੀ ਮਿਤੀ ਅਤੇ ਰਾਸ਼ੀ |
|---|---|---|
| 1. | 1. ਸੰਤੋਸ਼ ਕੁਮਾਰ ਪੁੱਤਰ ਬਾਬੂ ਲਾਲ (ਕਰਜ਼ਦਾਰ)<br>2. ਅਨੀਤਾ ਕੁਮਾਰੀ ਮਾਰਫਤ ਸੰਤੋਸ਼ ਕੁਮਾਰ (ਸਹਿ-ਕਰਜ਼ਦਾਰ) ਦੋਵੇਂ ਵਾਸੀ ਮਕਾਨ ਨੰ. 68 ਦਸ਼ਮੇਸ਼ ਕਲੋਨੀ ਬਲੌਂਗੀ, ਐੱਸ ਏ ਐੱਸ ਨਗਰ, (ਮੋਹਾਲੀ) ਪੰਜਾਬ-140301<br>ਕਰਜ਼ਾ ਖਾਤਾ ਨੰ. ਐੱਲ ਐੱਕਸ ਸੀ ਐੱਚ ਡੀ 02822-230017258 ਅਤੇ ਐੱਲ ਐੱਕਸ ਸੀ ਐੱਚ ਡੀ 04424-250038915<br>ਕਰਜ਼ਾ ਇਕਰਾਰਨਾਮਾ ਦੀ ਮਿਤੀ : 31.05.2022 ਅਤੇ 30.06.2024<br>ਕਰਜ਼ਾ ਰਕਮ ਰੁਪਏ 10,00,000/- + ਰੁਪਏ 5,00,000/- | 12 ਫਰਵਰੀ 2026<br>12 ਫਰਵਰੀ 2026 ਨੂੰ ਰੁਪਏ 8,87,736/- + 4,74,345.19/- ਕੁੱਲ ਰਕਮ ਰੁਪਏ 13,62,081.19/- (ਤੇਰਾਂ ਲੱਖ ਬਾਹਠ ਹਜ਼ਾਰ ਇਕਿਆਸੀ ਰੁਪਏ ਅਤੇ ਉੱਨੀ ਪੈਸੇ ਕੇਵਲ) ਜਮ੍ਹਾਂ ਮਿਤੀ 13 ਫਰਵਰੀ 26 ਤੋਂ ਹੋਰ ਵਿਆਜ ਅਤੇ ਹੋਰ ਚਾਰਜਿਜ਼ |

ਗਿਰਵੀ ਜਾਇਦਾਦ ਦਾ ਵੇਰਵਾ : ਜਾਇਦਾਦ ਰਕਬਾ 1 ਮਰਲੇ ਦੇ ਸਾਰੇ ਹਿੱਸੇ, ਖੇਵਟ ਨੰ. 24/22/26 ਖਸਰਾ ਨੰ. 14//10/3(3-16) ਇਸ ਦਾ ਹਿੱਸਾ 31/2280, ਹੱਦਬਸਤ ਨੰ. 26, ਪਿੰਡ ਬਲੌਂਗੀ, ਤਹਿਸੀਲ ਤੇ ਜ਼ਿਲ੍ਹਾ ਐੱਸ ਏ ਐੱਸ ਨਗਰ, ਮੋਹਾਲੀ-140301 ਵਿਖੇ ਸਥਿਤ। ਹੱਦਾਂ : ਪੂਰਬ : ਸੀਮਾ ਜੌਲੀ, ਪੱਛਮ : ਸੁਖਦੇਵ, ਉੱਤਰ : ਸੜਕ, ਦੱਖਣ : ਸੁਖਦੇਵ।

ਮਿਤੀ : 19.02.2026 — ਅਧਿਕਾਰਤ ਅਫਸਰ, ਸ੍ਰੀ ਗੌਰਵ ਤ੍ਰਿਪਾਠੀ ਮੋਬਾਇਲ 9650055701
ਸਥਾਨ : ਗੁਰੂਗ੍ਰਾਮ — ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈਵੇਟ ਲਿਮਟਿਡ


# ਵਾਰਡ ਨੰਬਰ 14 'ਚ ਕੂੜੇ ਦੇ ਢੇਰਾਂ ਵਿਚਕਾਰ ਜ਼ਿੰਦਗੀ

**ਬੁਢਲਾਡਾ, (ਨਵੀਨ ਸਿੰਗਲਾ)** ਵਾਰਡ ਨੰਬਰ 14 ਦੇ ਨਿਵਾਸੀ ਇਸ ਵੇਲੇ ਗੰਭੀਰ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ।ਇਲਾਕੇ 'ਚ ਘਰਾਂ ਦੇ ਬਾਹਰ ਲਗਾਤਾਰ ਕੂੜੇ ਦੇ ਢੇਰ ਲੱਗੇ ਰਹਿੰਦੇ ਹਨ, ਜਿਸ ਕਾਰਨ ਲੋਕ ਬਦਬੂ,



ਗੰਦਗੀ ਤੇ ਬਿਮਾਰੀਆਂ ਦੇ ਖਤਰੇ ਵਿੱਚ ਜੀਣ ਲਈ ਮਜਬੂਰ ਹਨ। ਨਾਗਰਿਕ ਅੱਧੀ-ਅੱਧੀ ਰਾਤ ਤੱਕ ਚੌਂਕੀਦਾਰੀ ਕਰਦੇ ਹਨ ਤਾਂ ਜੁ ਕੋਈ ਵੀ ਵਿਅਕਤੀ ਉਨ੍ਹਾਂ ਦੇ ਘਰਾਂ ਅੱਗੇ ਕੂੜਾ ਨਾ ਸੁੱਟ ਸਕੇ।ਇਸ ਦੇ ਬਾਵਜੂਦ ਨਗਰ ਕੌਂਸਲ ਵੱਲੋਂ ਕੂੜੇ ਨਾਲ ਭਰੀਆਂ ਰੇੜ੍ਹੀਆਂ ਲਿਆ ਕੇ ਘਰਾਂ ਦੇ ਮੂਹਰੇ ਹੀ ਖਾਲੀ ਕਰ ਦਿੱਤੀਆਂ ਜਾਂਦੀਆਂ ਹਨ।ਇਸ ਕਾਰਨ ਇਲਾਕਾ ਕੂੜਾ ਘਰ ਬਣਦਾ ਜਾ ਰਿਹਾ ਹੈ।ਕਈ ਵਾਰ ਸੋਸ਼ਲ ਮੀਡੀਆ ਤੇ ਪ੍ਰਿੰਟ ਮੀਡੀਆ ਰਾਹੀਂ ਸਰਕਾਰ ਅਤੇ ਪ੍ਰਸ਼ਾਸਨ ਨੂੰ ਬੇਨਤੀਆਂ ਵੀ ਕੀਤੀਆਂ, ਪਰ ਅਜੇ ਤੱਕ ਕੋਈ ਢੰਗ ਦੀ ਕਾਰਵਾਈ ਨਹੀਂ ਹੋਈ।ਲੱਗਦਾ ਹੈ ਕਿ ਪ੍ਰਸ਼ਾਸਨ ਤੇ ਸਰਕਾਰ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਰੈਂਗਦੀ।ਕੂੜੇ ਦੇ ਢੇਰਾਂ ਕਾਰਨ ਮੱਛਰ, ਮੱਖੀਆਂ ਤੇ ਹਾਨੀਕਾਰਕ ਬੈਕਟੀਰੀਆ ਫੈਲ ਰਹੇ ਹਨ, ਜਿਸ ਨਾਲ ਡੇਂਗੂ, ਮਲੇਰੀਆ ਤੇ ਹੋਰ ਬਿਮਾਰੀਆਂ ਦਾ ਖਤਰਾ ਵਧ ਰਿਹਾ ਹੈ।ਜੇ ਕਿਸੇ ਘਰ ਵਿੱਚ ਕੋਈ ਬਿਮਾਰ ਹੋ ਜਾਂਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਕੌਣ ਲਵੇਗਾ?

# ਸਵੱਛ ਭਾਰਤ ਮੁਹਿੰਮ ਦੀ ਨਿਕਲੀ ਫੂਕ



**ਬਰੇਟਾ (ਰੀਤਵਾਲ)** ਸਵੱਛ ਭਾਰਤ ਮੁਹਿੰਮ ਕਿੰਨੀ ਸਫ਼ਲਤਾ ਨਾਲ ਚੱਲ ਰਹੀ ਹੈ, ਇਸ ਦਾ ਅੰਦਾਜ਼ਾ ਸ਼ਹਿਰ 'ਚ ਗੰਦਗੀ ਨਾਲ ਭਰੇ ਤੇ ਬਦਬੂ ਮਾਰਦੇ ਜਨਤਕ ਪਖਾਨਿਆਂ ਨੂੰ ਦੇਖ ਕੇ ਭਲੀ-ਭਾਂਤ ਲਾਇਆ ਜਾ ਸਕਦਾ ਹੈ।ਇਨ੍ਹਾਂ ਪਖਾਨਿਆਂ ਦੀ ਸਾਫ਼-ਸਫ਼ਾਈ ਨਾ ਹੋਣ ਕਾਰਨ ਅੰਦਰ ਗੰਦਗੀ ਦੇ ਢੇਰ ਲੱਗੇ ਹੋਏ ਹਨ, ਜਿਸ ਕਾਰਨ ਇਨ੍ਹਾਂ ਦੀ ਬਦਬੂ ਬਜ਼ਾਰਾਂ 'ਚ ਫੈਲੀ ਰਹਿੰਦੀ ਹੈ।ਇਸ ਬਦਬੂ ਕਾਰਨ ਕੋਈ ਵੀ ਅੰਦਰ ਜਾਣ ਦੀ ਹਿੰਮਤ ਨਹੀਂ ਕਰਦਾ।ਦੱਸਣਯੋਗ ਹੈ ਕਿ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ 'ਚ ਮਰਦ ਤੇ ਔਰਤਾਂ ਸ਼ਹਿਰ 'ਚ ਆਪਣੇ ਕੰਮਾਂਕਾਰਾ ਲਈ ਦੂਰ-ਦੂਰੋਂ ਆਉਂਦੇ ਹਨ, ਪਰ ਪਖਾਨਿਆਂ ਦੀ ਬਦਬੂ ਤੇ ਗੰਦਗੀ ਕਾਰਨ ਉਨ੍ਹਾਂ ਨੂੰ ਪਿਸ਼ਾਬ ਜਾਣ ਲਈ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕ ਅਕਸਰ ਹੀ ਪ੍ਰਸ਼ਾਸਨ ਪ੍ਰਤੀ ਨਰਾਜ਼ਗੀ ਜ਼ਾਹਰ ਕਰਦੇ ਹੋਏ ਜ਼ਿੰਮੇਵਾਰ ਅਧਿਕਾਰੀਆਂ ਨੂੰ ਕੋਸਦੇ ਰਹਿੰਦੇ ਹਨ।ਦੁਕਾਨਦਾਰਾਂ ਦਾ ਕਹਿਣਾ ਹੈ ਕਿ ਉਹ ਕਈ ਵਾਰ ਇਹ ਸਮੱਸਿਆ ਅਧਿਕਾਰੀਆਂ ਸਾਹਮਣੇ ਚੁੱਕ ਚੁੱਕੇ ਹਨ, ਪਰ ਕਿਸੇ ਨੇ ਇਸ ਵੱਲ ਧਿਆਨ ਨਹੀਂ ਦਿੱਤਾ।


**YES BANK**
Registered Office: Yes Bank House, Western Express Highway, Santacruz (E), Mumbai, 400 055
Also At :- SCO No 129-130 2nd floor Sector 9-C Madhya Marg Chandigarh 160009
AlsoAt:-B-XX 2427–928,1stFloor, Gobind Nagar, Ferozepur Road, Ludhiana–141001

**ਕਬਜ਼ਾ ਨੋਟਿਸ (ਰੂਲ 8 (1) ਤਹਿਤ ਅਚੱਲ ਜਾਇਦਾਦ ਲਈ)**

ਜਦਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸੰਬੰਧਤ ਕਰਜ਼ਦਾਰਾਂ ਨੂੰ ਉਕਤ ਐਕਟ ਦੇ ਸੈਕਸ਼ਨ 13(2) ਅਧੀਨ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਰਕਮ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਦੱਸੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈ ਜਾਇਦਾਦ ਦਾ ਰੂਲ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਵਰਨਣ ਜਾਇਦਾਦਾਂ ਦਾ ਹਰੇਕ ਖਾਤੇ ਅੱਗੇ ਵਰਨਣ ਮਿਤੀ ਨੂੰ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਸੰਬੰਧਤ ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਉਕਤ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਉਕਤ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਬਕਾਇਆ ਰਕਮ ਅਤੇ ਇਸ 'ਤੇ ਠੇਕਾ ਦਰ 'ਤੇ ਇਸ ਉੱਪਰ ਵਿਆਜ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ।

| ਕਰਜ਼ਦਾਰ ਦਾ ਨਾਂਅ | ਸਕਿਉਰਡ ਐੱਸਟ ਦਾ ਵੇਰਵਾ | ਸੈਕਸ਼ਨ 13(2) ਅਧੀਨ ਨੋਟਿਸ ਦੀ ਮਿਤੀ | ਨੋਟਿਸ 'ਚ ਰਾਸ਼ੀ (ਰੁਪਏ) | ਕਬਜ਼ੇ ਦੀ ਮਿਤੀ | ਪ੍ਰੋਡਕਟ ਅਤੇ ਕਰਜ਼ਾ ਨੰ. |
|---|---|---|---|---|---|
| 1) ਸ਼ਰਮਾ ਮੈਟਲ ਕਾਰਪੋਰੇਸ਼ਨ ਰਾਹੀਂ ਇਸ ਦੇ ਪ੍ਰੋਪਰਾਈਟਰ ਨਰੇਸ਼ ਕੁਮਾਰ ਸ਼ਰਮਾ ਮਾਰਫਤ 12 ਰਾਮ ਬਾਗ, ਨੇੜੇ ਟਰਾਂਸਪੋਰਟ ਨਗਰ, ਜਲੰਧਰ, ਪੰਜਾਬ-144001 ਨਾਲ ਹੀ :- ਮਕਾਨ ਨੰ. # 8-9, ਨਿਊ ਕਲੋਨੀ, ਅਮਨ ਨਗਰ, ਬੈਕ ਸਾਈਡ, ਵਰਮਾ ਵੈਲਡਿੰਗ ਸ਼ੋਪ, ਜਲੰਧਰ, ਪੰਜਾਬ-144004 (ਕਰਜ਼ਦਾਰ) 2) ਨਰੇਸ਼ ਕੁਮਾਰ ਪੁੱਤਰ ਹਰਬੰਸ ਲਾਲ ਵਾਸੀ ਮਕਾਨ ਨੰ. # 8-9, ਨਿਊ ਕਲੋਨੀ, ਅਮਨ ਨਗਰ, ਬੈਕ ਸਾਈਡ, ਵਰਮਾ ਵੈਲਡਿੰਗ ਸ਼ੋਪ, ਜਲੰਧਰ, ਪੰਜਾਬ-144004 (ਸਹਿ-ਕਰਜ਼ਦਾਰ ਅਤੇ ਰਹਿਣਕਾਰ) 3) ਨਿਖਿਲ ਸ਼ਰਮਾ ਪੁੱਤਰ ਨਰੇਸ਼ ਕੁਮਾਰ ਸ਼ਰਮਾ ਵਾਸੀ ਮਕਾਨ ਨੰ. # 8-9, ਨਿਊ ਕਲੋਨੀ, ਅਮਨ ਨਗਰ, ਬੈਕ ਸਾਈਡ, ਵਰਮਾ ਵੈਲਡਿੰਗ ਸ਼ੋਪ, ਜਲੰਧਰ, ਪੰਜਾਬ-144004 (ਸਹਿ-ਕਰਜ਼ਦਾਰ) | ਜਾਇਦਾਦ ਜੋ ਕਿ ਮਕਾਨ ਨੰ. 8 ਅਤੇ 9, ਖਸਰਾ ਨੰ. 12478, 12488, 12487, 12492, 12493, 12454, 12472, 12439, 12495, 12429, 12477, 23348/12426 ਆਦਿ। ਖੇਵਟ ਖਤੌਨੀ ਨੰ. 4595/5487-5487/1-5488-5489-5490, 4596/5491-5493-5494 ਹੱਦਬਸਤ ਨੰ. 307/3, ਮਕਾਨ ਨੰ. 8 ਅਤੇ 9 ਵਿਖੇ ਸਥਿਤ, ਨਿਊ ਕਲੋਨੀ ਅਮਨ ਨਗਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਉੱਤਰ : ਹੋਰ, ਦੱਖਣ : ਸੜਕ, ਪੂਰਬ : ਕਾਰਾ ਸਿੰਘ, ਪੱਛਮ : ਸੋਮੀ । ਰਹਿਣਕਾਰ : ਨਰੇਸ਼ ਕੁਮਾਰ ਸ਼ਰਮਾ ਪੁੱਤਰ ਹਰਬੰਸ ਲਾਲ । | 15-Nov -2025 | 14 ਨਵੰਬਰ 2025 ਨੂੰ ਰੁਪਏ 93,72,310.25/- (ਤਰਿਆਨਵੇਂ ਲੱਖ ਬਹੱਤਰ ਹਜ਼ਾਰ ਤਿੰਨ ਸੌ ਦਸ ਰੁਪਏ ਅਤੇ ਪੱਚੀ ਪੈਸੇ ਕੇਵਲ) | 16/02/2026 | MOR0071 01268271 |
| 1) ਰੋਕੀ ਐਂਡ ਬ੍ਰਦਰਜ਼ ਰਾਹੀਂ ਇਸ ਦੇ ਪ੍ਰੋਪਰਾਈਟਰ ਗੌਤਮ ਸਿੰਘ ਪਤਾ : ਅੰਮ੍ਰਿਤਸਰ ਵੈਜੀਟੇਬਲ ਮਾਰਕਿਟ, ਮਹਿਤਾ ਰੋਡ ਵੱਲ੍ਹਾ, ਅੰਮ੍ਰਿਤਸਰ-143001 (ਕਰਜ਼ਦਾਰ) 2) ਗੌਤਮ ਸਿੰਘ ਪੁੱਤਰ ਸੁਰਜੀਤ ਸਿੰਘ ਪਤਾ : ਮਕਾਨ ਨੰ. #39 ਜਸਪਾਲ ਐਵੇਨਿਊ, ਮਹਿਤਾ ਰੋਡ ਵੱਲ੍ਹਾ, ਅੰਮ੍ਰਿਤਸਰ-143001 (ਸਹਿ-ਕਰਜ਼ਦਾਰ ਅਤੇ ਰਹਿਣਕਾਰ) 3) ਵਿਜੇ ਲਕਸ਼ਮੀ ਪਤਨੀ ਸੁਰਜੀਤ ਸਿੰਘ ਪਤਾ : ਪਿੰਡ ਕਾਦੀਆਂ ਵਾਲੀ ਗੁਰਦਾਸਪੁਰ ਦੋਰਾਂਗਲਾ, ਪੰਜਾਬ-143526 (ਸਹਿ-ਕਰਜ਼ਦਾਰ) | ਗੈਰ ਖੇਤੀਬਾੜੀ ਵਾਲੀ ਜਾਇਦਾਦ ਜੋ ਕਿ ਪਲਾਟ ਨੰ. 39, ਕੁੱਲ ਖੇਤਰ ਰਕਬਾ 216.66 ਵਰਗ ਗਜ਼, ਖਸਰਾ #194(7-8) ਮਿੰਨ ਖੇਵਟ/ਖਤੌਨੀ 759/1137, ਹੱਦਬਸਤ #280, ਜਮ੍ਹਾਂਬੰਦੀ ਸਾਲ 2016-17, ਪਿੰਡ ਵੱਲ੍ਹਾ ਵਿਖੇ ਸਥਿਤ, ਸਬਜ਼ੀ ਮੰਡੀ ਦੇ ਬਾਹਰ ਵੱਲ ਅਬਾਦੀ ਜਸਪਾਲ ਐਵੇਨਿਊ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143001 ਨਾਲ ਸੰਬੰਧਤ ਸਭ ਕੁਝ। ਹੱਦਾਂ : ਉੱਤਰ : ਗਲੀ 16', ਦੱਖਣ : ਪਲਾਟ #38, ਪੂਰਬ : ਗਲੀ 25', ਪੱਛਮ : ਪਲਾਟ #40 ਰਹਿਣਕਾਰ : ਗੌਤਮ ਸਿੰਘ ਪੁੱਤਰ ਸੁਰਜੀਤ ਸਿੰਘ | 3rd Nov -2025 | 31 ਅਕਤੂਬਰ 2025 ਨੂੰ ਰੁਪਏ 41,36,476.57/- (ਇਕਤਾਲੀ ਲੱਖ ਛੱਤੀ ਹਜ਼ਾਰ ਚਾਰ ਸੌ ਛਿਹੱਤਰ ਰੁਪਏ ਅਤੇ ਸਤਵਿੰਜਾ ਪੈਸੇ ਕੇਵਲ) | 16/02/2026 | MOR0051 01348966 |
| 1) ਸੁੰਦਰ ਸਿੰਘ ਪੁੱਤਰ ਬਹਾਦੁਰ ਸਿੰਘ ਪਤਾ : ਵਾਰਡ #1 ਕੁਹਾੜਾ ਰੋਡ, ਨੇੜੇ ਮੱਕੜ ਆਟਾ ਚੱਕੀ, ਸਾਹਨੇਵਾਲ, ਲੁਧਿਆਣਾ-141120 (ਕਰਜ਼ਦਾਰ) 2) ਨਰਿੰਦਰ ਸਿੰਘ ਪੁੱਤਰ ਸੁੰਦਰ ਸਿੰਘ ਪਤਾ : ਵਾਰਡ #1 ਕੁਹਾੜਾ ਰੋਡ, ਨੇੜੇ ਮੱਕੜ ਆਟਾ ਚੱਕੀ, ਸਾਹਨੇਵਾਲ, ਲੁਧਿਆਣਾ-141120 (ਸਹਿ-ਕਰਜ਼ਦਾਰ) 3) ਇੰਦਰਜੀਤ ਕੌਰ ਪਤਨੀ ਸੁੰਦਰ ਸਿੰਘ ਪਤਾ : ਵਾਰਡ #1 ਕੁਹਾੜਾ ਰੋਡ, ਨੇੜੇ ਮੱਕੜ ਆਟਾ ਚੱਕੀ, ਸਾਹਨੇਵਾਲ, ਲੁਧਿਆਣਾ-141120 (ਸਹਿ-ਕਰਜ਼ਦਾਰ ਅਤੇ ਰਹਿਣਕਾਰ) | ਗੈਰ ਖੇਤੀਬਾੜੀ ਵਾਲੀ ਜਾਇਦਾਦ ਰਕਬਾ 100 ਵਰਗ ਗਜ਼, ਖਸਰਾ #47//24/1, 25/2, 69//9/1, 12/2, 18/2, 19/1, ਖੱਤਾ # 1027/1072, ਜਮ੍ਹਾਂਬੰਦੀ ਸਾਲ 2015-16, ਪਿੰਡ ਸਾਹਨੇਵਾਲ ਕਲਾਂ-1 ਵਿਖੇ ਸਥਿਤ, ਹੱਦਬਸਤ # 227, ਸਬ-ਤਹਿਸੀਲ ਸਾਹਨੇਵਾਲ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਹੱਦਾਂ :- ਉੱਤਰ : ਨਰਾਇਣ (ਗਗਨ), ਦੱਖਣ : ਪ੍ਰੀਤਮ ਸਿੰਘ, ਪੂਰਬ : ਗਲੀ 15' ਚੌੜੀ, ਪੱਛਮ : ਗੁਰਚਰਨ ਸਿੰਘ। ਰਹਿਣਕਾਰ : ਇੰਦਰਜੀਤ ਕੌਰ ਪਤਨੀ ਸੁੰਦਰ ਸਿੰਘ | 13 Nov-2025 | 13 ਨਵੰਬਰ 2025 ਨੂੰ ਰੁਪਏ 26,59,722/- (ਛੱਬੀ ਲੱਖ ਉੱਨਾਹਠ ਹਜ਼ਾਰ ਸੱਤ ਸੌ ਬਾਈ ਰੁਪਏ ਕੇਵਲ) | 17/02/2026 | MIC00230 1405688 |

ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (8) ਤਹਿਤ ਜੇਕਰ ਬਕਾਏ ਸਮੇਤ ਲਾਗਤਾਂ, ਚਾਰਜਿਜ਼ ਅਤੇ ਖਰਚੇ ਜਨਤਕ ਨਿਲਾਮੀ/ਵਿਕਰੀ ਲਈ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ ਕਿਸੇ ਵੀ ਸਮੇਂ ਸਾਡੇ ਵੱਲੋਂ ਸਹਿਣ ਕੀਤੇ ਜਾਣਗੇ, ਤਦ ਵਿਕਰੀ ਨਹੀਂ ਕੀਤੀ ਜਾਵੇਗੀ ਅਤੇ ਸਕਿਉਰਡ ਐੱਸਟਸ ਨੂੰ ਸਾਡੇ ਵੱਲੋਂ ਵਿਕਰੀ ਜਾਂ ਤਬਦੀਲ ਨਹੀਂ ਕੀਤਾ ਜਾਵੇਗਾ ਅਤੇ ਸਾਡੇ ਵੱਲੋਂ ਸਕਿਉਰਡ ਐੱਸਟਸ ਦੀ ਵਿਕਰੀ ਜਾਂ ਤਬਦੀਲ ਕਰਨ ਲਈ ਅਗਲੇ ਕਦਮ ਨਹੀਂ ਉਠਾਏ ਜਾਣਗੇ।

ਮਿਤੀ : 19.02.2026, ਸਥਾਨ : ਲੁਧਿਆਣਾ — ਸਹੀ/- (ਅਧਿਕਾਰਤ ਅਫਸਰ) ਯੈੱਸ ਬੈਂਕ ਲਿਮਟਿਡ



**CFM Asset Reconstruction Private Limited**
thoughtful regeneration
Corporate Office: 1st Floor, Wakefield House, Sprott Road, Ballard East, Mumbai - 400038

**ਡਿਮਾਂਡ ਨੋਟਿਸ**

ਅਸੀਂ ਸੀ ਐੱਫ ਐੱਮ ਐੱਸਟ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ (ਸੀ ਐੱਫ ਐੱਮ-ਏ ਆਰ ਸੀ) (ਅਸਾਈਨੀ ਐੱਕਸਕਲੂਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ) ਜਿਸ ਦਾ ਕਾਰਪੋਰੇਟ ਦਫਤਰ ਪਹਿਲੀ ਮੰਜ਼ਲ, ਵੇਕਫੀਲਡ ਹਾਊਸ, ਸਪਰੌਟ ਰੋਡ, ਬੇਲਾਰਡ ਈਸਟ, ਮੁੰਬਈ-400038 ਵਿਖੇ ਹੈ। ਇਸ ਦੁਆਰਾ ਉਕਤ ਐਕਟ ਦੀ ਧਾਰਾ 13 (2) ਤਹਿਤ ਇੱਕ ਵਾਰ ਫਿਰ ਸਕਿਉਰਡ ਕ੍ਰੈਡਿਟਰ ਵਜੋਂ ਨੋਟਿਸ ਦਿੰਦੇ ਹਾਂ।

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਨੇ ਐੱਕਸਕਲੂਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ ਨਿਰਧਾਰਤ ਮਿਤੀਆਂ ਅਨੁਸਾਰ ਵਿਆਜ ਅਤੇ ਮੂਲ ਰਕਮਾਂ ਦੀ ਅਦਾਇਗੀ ਕਰਨ 'ਚ ਅਸਫਲ ਰਹੇ ਹਨ। ਰਿਜ਼ਰਵ ਬੈਂਕ ਆਫ ਇੰਡੀਆ ਦੁਆਰਾ ਜਾਰੀ ਨਿਰਦੇਸ਼ਾਂ/ਦਿਸ਼ਾ-ਨਿਰਦੇਸ਼ਾਂ ਅਨੁਸਾਰ ਇੱਥੇ ਦੱਸੀਆਂ ਗਈਆਂ ਮਿਤੀਆਂ ਨੂੰ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐੱਸਟ ਵਜੋਂ ਵਰਗੀਕ੍ਰਿਤ ਕੀਤਾ ਗਿਆ ਹੈ, ਜਿਸ ਦੇ ਨਤੀਜੇ ਵਜੋਂ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸੀ-ਐੱਫ ਐੱਮ-ਏ ਆਰ ਸੀ ਦੇ ਅਧਿਕਾਰਤ ਅਫਸਰ ਨੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦੱਸੀਆਂ ਗਈਆਂ ਮਿਤੀਆਂ 'ਤੇ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਨੂੰ ਉਕਤ ਨੋਟਿਸ 'ਚ ਦਰਸਾਈ ਰਕਮ ਸਮੇਤ ਠੇਕਾ ਦਰ 'ਤੇ ਹੋਰ ਵਿਆਜ, ਲਾਗਤਾਂ, ਚਾਰਜਿਜ਼ ਅਤੇ ਅਚਨਚੇਤੀ ਖਰਚੇ ਆਦਿ ਦੇ ਭੁਗਤਾਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਹਾਲਾਂਕਿ ਨੋਟਿਸ ਬਿਨਾਂ ਤਾਮੀਲ ਵਾਪਸ ਕਰ ਦਿੱਤੇ ਗਏ ਸਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

| ਕਰਜ਼ਦਾਰ/ਗਾਇਰੈਕਟਰ/ਰਹਿਣਕਾਰ/ਗਰੰਟਰ ਦਾ ਨਾਂਅ ਅਤੇ ਪਤਾ/ਕਰਜ਼ਾ ਖਾਤਾ ਨੰ. | ਡਿਮਾਂਡ ਨੋਟਿਸ ਦੀ ਮਿਤੀ ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਮੁਤਾਬਕ ਬਕਾਇਆ ਰਕਮ | ਰਹਿਣ ਕੀਤੀ ਜਾਇਦਾਦ/ਸਕਿਉਰਡ ਐੱਸਟਸ ਦਾ ਵੇਰਵਾ |
|---|---|---|---|
| 1. ਜਗਤਾਰ ਸਿੰਘ (ਕਰਜ਼ਦਾਰ/ਰਹਿਣਕਾਰ)<br>2. ਰੁਪਿੰਦਰਜੀਤ ਕੌਰ (ਸਹਿ-ਕਰਜ਼ਦਾਰ)<br>3. ਬੁਧ ਸਿੰਘ (ਗਰੰਟਰ)<br>ਕਰਜ਼ਾ ਖਾਤਾ ਨੰ. Lap-Jdh-598<br>ਮਨਜ਼ੂਰ ਕਰਜਾ ਰਕਮ<br>Rs. 14,99,878/- | 15.12.2025<br>10/01/2025 | 31.10.2025 ਨੂੰ ਰੁਪਏ 20,60,818.96/- (ਵੀਹ ਲੱਖ ਸੱਠ ਹਜ਼ਾਰ ਅੱਠ ਸੌ ਅਠਾਰਾਂ ਰੁਪਏ ਅਤੇ ਛਿਆਨਵੇਂ ਪੈਸੇ ਕੇਵਲ) | ਖਸਰਾ ਨੰ. 23 ਐੱਮ/10/2 (5-2) 11(7-8), 12 (8-0), 13 (3-0), 20/1 (0-16) ਜਮ੍ਹਾਂਬੰਦੀ ਸਾਲ 2019-20, ਅੱਲੇ ਵਾਲ ਵਿਖੇ ਸਥਿਤ ਤਹਿਸੀਲ ਜ਼ੀਰਾ, ਫਿਰੋਜ਼ਪੁਰ, ਪੰਜਾਬ। ਜਾਇਦਾਦ ਦੀਆਂ ਹੱਦਾਂ : ਪੂਰਬ : ਨਿਸ਼ਾਨ ਸਿੰਘ ਦੀ ਜ਼ਮੀਨ, ਪੱਛਮ : ਭਾਗ ਸਿੰਘ ਦੀ ਜ਼ਮੀਨ, ਉੱਤਰ : ਮਨਜੀਤ ਸਿੰਘ, ਦੱਖਣ : ਸੜਕ |
| 1. ਕੁਲਵੰਤ ਸਿੰਘ (ਕਰਜ਼ਦਾਰ)<br>2. ਕੁਲਜੀਤ ਕੌਰ (ਸਹਿ-ਕਰਜ਼ਦਾਰ/ਰਹਿਣਕਾਰ)<br>3. ਹਰਜਿੰਦਰ ਸਿੰਘ (ਗਰੰਟਰ)<br>ਕਰਜ਼ਾ ਖਾਤਾ ਨੰ. Lap-Jdh-718<br>ਮਨਜ਼ੂਰ ਕਰਜਾ ਰਕਮ<br>Rs. 16,16,335/- | 15.12.2025<br>10/09/2024 | 31.10.2025 ਨੂੰ ਰੁਪਏ 20,83,562.56/- (ਵੀਹ ਲੱਖ ਤਰਿਆਸੀ ਹਜ਼ਾਰ ਪੰਜ ਸੌ ਬਾਹਠ ਰੁਪਏ ਅਤੇ ਛਪੰਜਾ ਪੈਸੇ ਕੇਵਲ) | ਖੇਵਟ ਨੰ. 62 ਅਤੇ 54, ਖਤੌਨੀ ਨੰ. 96 ਅਤੇ 80, 81 ਖਸਰਾ ਨੰ. 63 (1-19), 64 (2-0) ਅਤੇ 4 ਐੱਮ //20/1/2 (1-0), 20/1/2 (1-9), 18/1 (2-6), ਜਮ੍ਹਾਂਬੰਦੀ ਸਾਲ 2017-18, ਵਾਕਿਆ ਰਕਬਾ ਬੁਰਜ ਮੁਹੰਮਦ ਸ਼ਾਹ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ, ਰਕਬਾ 12 ਮਰਲੇ 1/2 ਸਰਸਾਈ। ਜਾਇਦਾਦ ਦੀਆਂ ਹੱਦਾਂ : ਪੂਰਬ : ਹਰਜੀਤ ਸਿੰਘ, ਪੱਛਮ : ਕਾਰਜ ਸਿੰਘ, ਉੱਤਰ : ਗਲੀ, ਦੱਖਣ : ਸਾਰਜ ਸਿੰਘ |
| 1. ਸਰਬਜੀਤ ਕੌਰ (ਕਰਜ਼ਦਾਰ/ਰਹਿਣਕਾਰ)<br>2. ਹਿਮਾਂਸ਼ੂ (ਸਹਿ-ਕਰਜ਼ਦਾਰ)<br>3. ਨਿਰਮਲ ਚੰਦ (ਗਰੰਟਰ)<br>ਕਰਜ਼ਾ ਖਾਤਾ ਨੰ. Lap-Jdh-284<br>ਮਨਜ਼ੂਰ ਕਰਜਾ ਰਕਮ<br>Rs. 8,01,219/- | 15.12.2025<br>10/04/2024 | 31.10.2025 ਨੂੰ ਰੁਪਏ 11,70,817.72/- (ਗਿਆਰਾਂ ਲੱਖ ਸੱਤਰ ਹਜ਼ਾਰ ਅੱਠ ਸੌ ਸਤਾਰਾਂ ਰੁਪਏ ਅਤੇ ਬਹੱਤਰ ਪੈਸੇ ਕੇਵਲ) | ਮਕਾਨ ਨੰ. 1959, ਵਾਰਡ ਨੰ. 4, ਕਤਨੀ ਗੇਟ, ਕਰਤਾਰਪੁਰ, ਜਲੰਧਰ ਪੰਜਾਬ-144801, ਰਕਬਾ 1 ਮਰਲਾ 40 ਵਰਗ ਫੁੱਟ, ਜਾਇਦਾਦ ਦੀਆਂ ਹੱਦਾਂ : ਪੂਰਬ : ਐੱਚ/ਓ ਮਹਿੰਦਰ ਪਾਲ ਦਾ ਮਕਾਨ ਅਤੇ ਗਲੀ, ਪੱਛਮ : ਮਹਿੰਦਰ ਪਾਲ ਦਾ ਮਕਾਨ, ਉੱਤਰ : ਮਹਿੰਦਰਪਾਲ ਦਾ ਮਕਾਨ, ਦੱਖਣ : ਮੋਹਨ ਲਾਲ ਦਾ ਮਕਾਨ। |
| 1. ਹਜਾਰਾ ਸਿੰਘ (ਕਰਜ਼ਦਾਰ)<br>2. ਬਲਵਿੰਦਰ ਕੌਰ (ਸਹਿ-ਕਰਜ਼ਦਾਰ/ਰਹਿਣਕਾਰ)<br>3. ਵਜੀਰ ਸਿੰਘ (ਗਰੰਟਰ)<br>ਕਰਜ਼ਾ ਖਾਤਾ ਨੰ. LAP-JDH-807<br>ਮਨਜ਼ੂਰ ਕਰਜਾ ਰਕਮ<br>Rs. 5,91,830/- | 1612.2025<br>10/02/2025 | 31.10.2025 ਨੂੰ ਰੁਪਏ 7,27,629.14/- (ਸੱਤ ਲੱਖ ਸਤਾਈ ਹਜ਼ਾਰ ਛੇ ਸੌ ਉਨੱਤੀ ਰੁਪਏ ਅਤੇ ਚੌਦਾਂ ਪੈਸੇ ਕੇਵਲ) | ਖੇਵਟ/ਖਤੌਨੀ ਨੰ. 31/33, ਖਸਰਾ ਨੰ. 9//4/1/1 (2-8), ਖੇਵਟ/ਖਤੌਨੀ ਨੰ. 34/36, ਖਸਰਾ/ਖਤੌਨੀ ਨੰ. 10/1/2 (3-11), 4 (6-4), 10 (8-0), ਖੇਵਟ/ਖਤੌਨੀ ਨੰ. 31/33, ਖਸਰਾ ਨੰ. 9/16/(14-8), ਹੱਦਬਸਤ ਨੰ. 226, ਜਮ੍ਹਾਂਬੰਦੀ ਸਾਲ 2017-2018, ਪਿੰਡ ਮੁੰਡੀ ਚੋਹਲਿਆਂ, ਨਾਹਲ, ਜਲੰਧਰ, ਪੰਜਾਬ। ਜਾਇਦਾਦ ਦੀਆਂ ਹੱਦਾਂ : ਉੱਤਰ : ਗੁਲਜ਼ਾਰ ਸਿੰਘ ਦੀ ਜ਼ਮੀਨ, ਪੂਰਬ : ਬਲਵਿੰਦਰ ਸਿੰਘ ਦੀ ਜ਼ਮੀਨ, ਦੱਖਣ : ਗਲੀ ਅਤੇ ਸਰਦਾਰ ਸਿੰਘ ਦਾ ਮਕਾਨ, ਪੱਛਮ : ਗੁਲਜ਼ਾਰ ਸਿੰਘ ਦੀ ਜ਼ਮੀਨ। |
| 1. ਬਿਮਲਾ ਰਾਣੀ (ਕਰਜ਼ਦਾਰ/ਰਹਿਣਕਾਰ)<br>2. ਗੁਰਵਿੰਦਰ ਸਿੰਘ (ਸਹਿ-ਕਰਜ਼ਦਾਰ)<br>3. ਗੁਰਭੇਜ ਸਿੰਘ (ਗਰੰਟਰ)<br>ਕਰਜ਼ਾ ਖਾਤਾ ਨੰ. LAP-JDH-853<br>ਮਨਜ਼ੂਰ ਕਰਜਾ ਰਕਮ<br>Rs. 4,96,725/- | 16.12.2025<br>10/04/2025 | 31.10.2025 ਨੂੰ ਰੁਪਏ 5,73,167.45/- (ਪੰਜ ਲੱਖ ਤਿਹੱਤਰ ਹਜ਼ਾਰ ਇੱਕ ਸੌ ਸਤਾਹਠ ਰੁਪਏ ਅਤੇ ਪੰਤਾਲੀ ਪੈਸੇ ਕੇਵਲ) | ਖੇਵਟ ਨੰ. 141, ਖਤੌਨੀ ਨੰ. 156, ਖਸਰਾ ਨੰ. 9 ਐੱਮ//17 (8-0), 18 (8-0), 20 (7-04), 21 (7-04), 22 (6-04), 23 (8-0), 24 (8-0), ਜਮ੍ਹਾਂਬੰਦੀ ਸਾਲ 2019-2020, ਵਾਕਿਆ ਰਕਬਾ ਮਾਹਲੇ ਵਾਲਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ। ਜਾਇਦਾਦ ਦੀਆਂ ਹੱਦਾਂ : ਪੂਰਬ : ਖੇਤੀਬਾੜੀ ਵਾਲੀ ਜ਼ਮੀਨ, ਪੱਛਮ : ਗਲੀ, ਉੱਤਰ : ਪਰਮਜੀਤ ਸਿੰਘ ਦੀ ਜਾਇਦਾਦ, ਦੱਖਣ : ਗੁਰਭੇਜ ਸਿੰਘ ਦੀ ਜ਼ਮੀਨ |
| 1. ਸ਼ਾਮ ਸਿੰਘ (ਕਰਜ਼ਦਾਰ/ਰਹਿਣਕਾਰ)<br>2. ਸ਼ਿੰਦਰਪਾਲ ਕੌਰ (ਸਹਿ-ਕਰਜ਼ਦਾਰ)<br>3. ਕਾਕਾ ਸਿੰਘ (ਸਹਿ-ਕਰਜ਼ਦਾਰ)<br>4. ਬਲਕਾਰ ਸਿੰਘ (ਗਰੰਟਰ)<br>ਕਰਜ਼ਾ ਖਾਤਾ ਨੰ. LAP-JDH-967<br>ਮਨਜ਼ੂਰ ਕਰਜਾ ਰਕਮ<br>Rs. 12,97,670/- | 15.12.2025<br>10/04/2025 | 31.10.2025 ਨੂੰ ਰੁਪਏ 15,41,878.38/- (ਪੰਦਰਾਂ ਲੱਖ ਇਕਤਾਲੀ ਹਜ਼ਾਰ ਅੱਠ ਸੌ ਅਠੱਤਰ ਰੁਪਏ ਅਤੇ ਅਠੱਤੀ ਪੈਸੇ ਕੇਵਲ) | ਖੇਵਟ/ਖਤੌਨੀ ਨੰ. 390/499, ਖਸਰਾ ਨੰ. 50//21 (7-12), ਹੱਦਬਸਤ ਨੰ. 211, ਵਾਕਿਆ ਰਕਬਾ ਪਿੰਡ ਮੰਡਲ, ਤਹਿਸੀਲ ਸ਼ਾਹਕੋਟ। ਜਾਇਦਾਦ ਦੀਆਂ ਹੱਦਾਂ : ਉੱਤਰ : ਮਹਿੰਦਰ ਸਿੰਘ, ਪੂਰਬ : ਬੂੜ ਸਿੰਘ, ਦੱਖਣ : ਗਲੀ, ਪੱਛਮ : ਬਲਕਾਰ ਸਿੰਘ |
| 1. ਸੁਰਜੀਤ ਸਿੰਘ (ਕਰਜ਼ਦਾਰ)<br>2. ਭਜਨ ਕੌਰ (ਸਹਿ-ਕਰਜ਼ਦਾਰ/ਰਹਿਣਕਾਰ)<br>3. ਬਲਿਹਾਰ ਸਿੰਘ (ਗਰੰਟਰ)<br>ਕਰਜ਼ਾ ਖਾਤਾ ਨੰ. Lap-Jdh-1090<br>ਮਨਜ਼ੂਰ ਕਰਜਾ ਰਕਮ<br>Rs. 12,05,195/- | 15.12.2025<br>10/04/2025 | 31.10.2025 ਨੂੰ ਰੁਪਏ 14,59,591.31/- (ਚੌਦਾਂ ਲੱਖ ਉਨਾਹਠ ਹਜ਼ਾਰ ਪੰਜ ਸੌ ਇਕਾਨਵੇਂ ਰੁਪਏ ਅਤੇ ਇਕੱਤੀ ਪੈਸੇ ਕੇਵਲ) | ਖੇਵਟ ਨੰ. 302, ਖਤੌਨੀ ਨੰ. 353, ਖਸਰਾ ਨੰ. 19 ਐੱਮ/2/1 (4-0), ਜਮ੍ਹਾਂਬੰਦੀ ਸਾਲ 2019-2020, ਵਾਕਿਆ ਰਕਬਾ ਮਾਹਲੇਵਾਲਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਰਕਬਾ 13 ਮਰਲੇ। ਜਾਇਦਾਦ ਦੀਆਂ ਹੱਦਾਂ : ਪੂਰਬ : ਗਲੀ, ਪੱਛਮ : ਹਰਬੰਸ ਸਿੰਘ ਦੀ ਜ਼ਮੀਨ, ਉੱਤਰ : ਗਲੀ, ਦੱਖਣ : ਜੋਗਾ ਸਿੰਘ ਦਾ ਮਕਾਨ। |
| 1. ਵਿਜੇ ਕੁਮਾਰ (ਕਰਜ਼ਦਾਰ)<br>2. ਨਿਲਮ (ਸਹਿ-ਕਰਜ਼ਦਾਰ/ਰਹਿਣਕਾਰ)<br>3. ਗੁਰਦੀਪ (ਸਹਿ-ਕਰਜ਼ਦਾਰ)<br>4. ਅਰਸ਼ਦੀਪ (ਸਹਿ-ਕਰਜ਼ਦਾਰ)<br>5. ਰਾਹੁਲ (ਸਹਿ-ਕਰਜ਼ਦਾਰ)<br>6. ਪੂਜਾ (ਗਰੰਟਰ)<br>ਕਰਜ਼ਾ ਖਾਤਾ ਨੰ. Lap-Jdh-1204<br>ਮਨਜ਼ੂਰ ਕਰਜਾ ਰਕਮ<br>Rs. 7,16,000/- | 18.12.2025<br>10/02/2025 | 31.10.2025 ਨੂੰ ਰੁਪਏ 8,03,193.86/- (ਅੱਠ ਲੱਖ ਤਿੰਨ ਹਜ਼ਾਰ ਇੱਕ ਸੌ ਤਿਰਾਨਵੇਂ ਰੁਪਏ ਅਤੇ ਛਿਆਸੀ ਪੈਸੇ ਕੇਵਲ) | ਜਾਇਦਾਦ ਵਾਕਿਆ ਰਕਬਾ ਸ਼ਾਲ੍ਹਾ ਨਗਰ, ਹੱਦਬਸਤ ਨੰ. 271, ਡਾਕਖਾਨਾ ਮਲਸੀਆਂ, ਤਹਿਸੀਲ ਸ਼ਾਹਕੋਟ, ਖੱਤਾ ਨੰ. ਐੱਕਸ 45 ਈ ਏ 241169 ਐੱਕਸ, ਜ਼ਿਲ੍ਹਾ ਜਲੰਧਰ, ਪੰਜਾਬ-144701, ਰਕਬਾ 4 ਮਰਲੇ, ਜਾਇਦਾਦ ਦੀਆਂ ਹੱਦਾਂ : ਪੂਰਬ : ਗਲੀ, ਪੱਛਮ : ਪ੍ਰਕਾਸ਼ ਦੀ ਜਾਇਦਾਦ, ਉੱਤਰ : ਜੰਗ ਦਾ ਮਕਾਨ, ਦੱਖਣ : ਸੋਢੀ ਲਾਲ। |
| 1. ਗੁਰਸੇਵਕ ਸਿੰਘ (ਕਰਜ਼ਦਾਰ/ਰਹਿਣਕਾਰ)<br>2. ਜਸਵੀਰ ਕੌਰ (ਸਹਿ-ਕਰਜ਼ਦਾਰ)<br>3. ਸ੍ਰੀ ਪਲਵਿੰਦਰ ਸਿੰਘ (ਸਹਿ-ਕਰਜ਼ਦਾਰ)<br>4. ਦੀਪਕ (ਗਰੰਟਰ)<br>ਕਰਜ਼ਾ ਖਾਤਾ ਨੰ. MSME-99-KARR<br>ਮਨਜ਼ੂਰ ਕਰਜਾ ਰਕਮ<br>Rs. 10,36,824/- | 15.12.2025<br>10.10.2024 | 31.10.2025 ਨੂੰ ਰੁਪਏ 13,33,505.98/- (ਤੇਰਾਂ ਲੱਖ ਤੇਤੀ ਹਜ਼ਾਰ ਪੰਜ ਸੌ ਪੰਜ ਰੁਪਏ ਅਤੇ ਅਠਾਨਵੇਂ ਪੈਸੇ ਕੇਵਲ) | ਜਾਇਦਾਦ ਦਾ ਉਚਿਤ ਗਿਰਵੀਨਾਮਾ/ਲੀਅਨ-1 ਕਨਾਲ, ਹੱਦਬਸਤ ਨੰ. 353, ਖਸਰਾ ਨੰ. 7 Aar 24 (8-0), 7 (8-0), 8/1 (6-0), 9 Aar 2/2 (4-13), 3/2(1-15), 10 Aar 20/2(6-0), 19 Aar 6 Min (7-0), 15/1(5- 1), 20 Aar 11/1(5-11), 12/1(2-17), 43 (2-16), 97(0-3), 27 Aar 22(2- 13), 23(8-0), 9 Aar 10(8-0), 16/2(2-13), 14 Aar 5/2(1-8), 60(0-15), 19 Aar 5/2(3-2), 6 Min (1-0), 20 Aar 1(4-8), 10 Min (2-0), 9 Aar 25(7-8), 10 Aar 21 Min (2-6), 20 Aar 9(2-0), 10 Min (5-13), 98 Min (1-11), 10 Aar 21 Min (5-10), 13 Aar 1(6-15), 10(3-12), 98 Min (0- 8), 8 Aar 4(8-0), 5(8-0), 9 Aar 1/2(4-13), 8 Aar 3(8-0), 9 Aar 9(8- 18), 8 Aar 2(8-8), 9/1(6-4), 86/3(1-4) ਅਤੇ ਖਤੌਨੀ ਨੰ. 87-94, ਖੱਤਾ ਨੰ. 56, ਜਮ੍ਹਾਂਬੰਦੀ ਸਾਲ 2018-2019, ਪਿੰਡ ਵਡਾਲਾ ਗ੍ਰੰਥੀਆਂ ਵਿਖੇ ਸਥਿਤ, ਤਹਿਸੀਲ ਗੁਰਦਾਸਪੁਰ, ਪੰਜਾਬ। ਜਾਇਦਾਦ ਦੀਆਂ ਹੱਦਾਂ : ਉੱਤਰ : ਗਲੀ 13' ਚੌੜੀ, ਪੂਰਬ : ਜਾਇਦਾਦ ਦਾ ਮਾਲਕ, ਦੱਖਣ : ਜਾਇਦਾਦ ਦਾ ਮਾਲਕ, ਪੱਛਮ : ਸੜਕ। |

ਉਪਰੋਕਤ ਦਰਸਾਈਆਂ ਹਾਲਤਾਂ ਦੇ ਤਹਿਤ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਜਾਇਦਾਦ ਧਾਰਕਾਂ ਨੂੰ ਇਸ ਦੁਆਰਾ ਇੱਕ ਵਾਰ ਨੋਟਿਸ ਦਿੱਤਾ ਜਾਂਦਾ ਹੈ ਕਿ ਉਹ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਇੱਥੇ ਦਰਸਾਈ ਰਕਮ ਸਮੇਤ ਠੇਕਾ ਦਰ 'ਤੇ ਹੋਰ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤਾਂ, ਚਾਰਜਿਜ਼ ਆਦਿ ਦਾ ਭੁਗਤਾਨ ਕਰ ਦੇਣ। ਜੇਕਰ ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ ਸੀ ਐੱਫ ਐੱਮ-ਏ ਆਰ ਸੀ ਦੀ ਉਕਤ ਅਦਾਇਗੀ 'ਚ ਅਸਫਲ ਰਹਿੰਦੇ ਹਨ ਤਾਂ ਸੀ ਐੱਫ ਐੱਮ-ਏ ਆਰ ਸੀ ਉਕਤ ਦਰਸਾਏ ਸਕਿਉਰਡ ਐੱਸਟਸ ਵਿਰੁੱਧ ਐਕਟ ਦੀ ਧਾਰਾ 13 (4) ਅਤੇ ਲਾਗੂ ਨਿਯਮਾਂ ਦੇ ਤਹਿਤ ਅਗਲੀ ਕਾਰਵਾਈ ਕਰੇਗਾ, ਜੋ ਕਿ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਦੇ ਲਾਗਤਾਂ ਅਤੇ ਸਿੱਟਿਆਂ 'ਤੇ ਜੋਖਮ ਹੋਵੇਗਾ। ਸਰਫੇਸੀ ਐਕਟ 2002 ਦੀ ਧਾਰਾ 13 (13) ਤਹਿਤ ਉਕਤ ਐੱਸਟਸ ਨੂੰ ਤਬਦੀਲ ਕਰਨ ਭਾਵੇਂ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਨੂੰ ਤਬਦੀਲ ਕਰਨ ਦੀ ਮਨਾਹੀ ਹੈ।

ਮਿਤੀ : 19.02.2026 — ਅਧਿਕਾਰਤ ਅਫਸਰ
ਸਥਾਨ : ਪੰਜਾਬ — ਵਾਸਤੇ ਸੀ ਐੱਫ ਐੱਮ-ਐੱਸਟ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ

# ਈ ਟੀ ਓ ਵੱਲੋਂ ਚੱਲ ਰਹੇ ਸੜਕੀ ਪ੍ਰੋਜੈਕਟਾਂ ਦਾ ਜਾਇਜ਼ਾ



**ਚੰਡੀਗੜ੍ਹ** : ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਪੰਜਾਬ ਭਵਨ, ਚੰਡੀਗੜ੍ਹ ਵਿਖੇ ਹੋਈ ਉੱਚ-ਪੱਧਰੀ ਮੀਟਿੰਗ ਦੌਰਾਨ ਸੂਬੇ ਭਰ ਵਿੱਚ ਚੱਲ ਰਹੇ ਸੜਕੀ ਬੁਨਿਆਦੀ ਢਾਂਚੇ ਨਾਲ ਸੰਬੰਧਤ ਕੰਮਾਂ ਦੀ ਵਿਆਪਕ ਸਮੀਖਿਆ ਕੀਤੀ।

ਲੋਕ ਨਿਰਮਾਣ ਵਿਭਾਗ ਦੇ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਕੈਬਨਿਟ ਮੰਤਰੀ ਨੇ ਬਰਸਾਤ ਦੇ ਮੌਸਮ ਤੋਂ ਪਹਿਲਾਂ ਸਾਰੇ ਕੰਮਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾ ਅਧਿਕਾਰੀਆਂ ਨੂੰ ਬਿਟੂਮਿਨ ਕੰਮਾਂ ਵਿੱਚ ਤੇਜ਼ੀ ਲਿਆਉਣ ਲਈ ਹਫਤਾਵਾਰੀ ਟੀਚੇ ਮਿੱਥਣ ਅਤੇ ਉਨ੍ਹਾਂ ਨੂੰ ਜਲਦ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।ਈ ਟੀ ਓ ਨੇ ਇਨ੍ਹਾਂ ਹਫਤਾਵਾਰੀ ਟੀਚਿਆਂ ਦੀ ਰੋਜ਼ਾਨਾ ਸਬੰਧਤ ਮੁੱਖ ਇੰਜੀਨੀਅਰਾਂ ਵੱਲੋਂ ਨਿਗਰਾਨੀ ਕਰਨ ਅਤੇ ਜਵਾਬਦੇਹੀ ਤੇ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਸਮੇਂ-ਸਮੇਂ 'ਤੇ ਸਮੀਖਿਆ ਕਰਨ ਦੀ ਹਦਾਇਤ ਕੀਤੀ। ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਬਿਨਾਂ ਕਿਸੇ ਦੇਰੀ ਦੇ ਟਿਕਾਊ ਅਤੇ ਉੱਚ-ਗੁਣਵੱਤਾ ਵਾਲਾ ਸੜਕੀ ਢਾਂਚਾ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ।

ਇਸ ਦੌਰਾਨ ਕੈਬਨਿਟ ਮੰਤਰੀ ਨੇ ਪੇਵਿੰਗ ਸਬੰਧੀ ਕੰਮਾਂ ਨੂੰ ਤਰੁੰਤ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ, ਕਿਉਂਕਿ ਇਸ ਸਮੇਂ ਪ੍ਰੀ-ਮਿਕਸ ਅਤੇ ਕਾਰਪੇਟਿੰਗ ਦੇ ਕੰਮਾਂ ਲਈ ਵਾਤਾਵਰਨ ਅਨੁਕੂਲ ਹੈ। ਉਨ੍ਹਾ ਕਿਹਾ ਕਿ ਨਿਰਧਾਰਤ ਇੰਜੀਨੀਅਰਿੰਗ ਮਾਪਦੰਡਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਕਾਰਜਸ਼ੀਲਤਾ ਵਿੱਚ ਪਾਰਦਰਸ਼ਤਾ ਬਰਕਰਾਰ ਰੱਖਣ ਲਈ ਅਚਨਚੇਤ ਨਿਰੀਖਣ ਕੀਤੇ ਜਾਣਗੇ। ਮੀਟਿੰਗ ਵਿੱਚ ਪ੍ਰਬੰਧਕੀ ਸਕੱਤਰ ਰਵੀ ਭਗਤ, ਇੰਜੀਨੀਅਰ-ਇਨ-ਚੀਫ਼ ਗਗਨਦੀਪ ਸਿੰਘ, ਚੀਫ ਇੰਜੀਨੀਅਰ ਅਨਿਲ ਗੁਪਤਾ ਅਤੇ ਲੋਕ ਨਿਰਮਾਣ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਸਨ।

# ਜ਼ਿਲ੍ਹੇ 'ਚ ਨਵੇਂ ਬਣ ਰਹੇ 16 ਆਮ ਆਦਮੀ ਕਲੀਨਿਕ ਦੇ ਕੰਮ ਦਾ ਡੀ ਸੀ ਵੱਲੋਂ ਜਾਇਜ਼ਾ



**ਸੰਗਰੂਰ** (ਪ੍ਰਵੀਨ ਸਿੰਘ) ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਨੇ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ਦੌਰਾਨ ਸਿਹਤ ਵਿਭਾਗ ਦੇ ਕੰਮ ਕਾਜ ਦੀ ਸਮੀਖਿਆ ਕਰਦਿਆਂ ਜ਼ਿਲ੍ਹੇ ਵਿੱਚ ਨਵੇਂ ਬਣੇ ਰਹੇ 16 ਆਮ ਆਦਮੀ ਕਲੀਨਿਕਾਂ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ।ਮੀਟਿੰਗ ਦੌਰਾਨ ਸ੍ਰੀ ਰਾਹੁਲ ਚਾਬਾ ਨੇ ਲੋਕ ਨਿਰਮਾਣ ਵਿਭਾਗ ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਨਵੇਂ ਬਣ ਰਹੇ ਆਮ ਆਦਮੀ ਕਲੀਨਿਕਾਂ ਦਾ ਕੰਮ ਸਮੇਂ ਸਿਰ ਮੁਕੰਮਲ ਕਰਨ ਦੀ ਹਦਾਇਤ ਕਰਦਿਆਂ ਕਿਹਾ ਕਿ ਜ਼ਿਲ੍ਹਾ ਵਾਸੀਆਂ ਨੂੰ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਜ਼ਰੂਰੀ ਹੈ ਕਿ ਕੰਮ ਨੂੰ ਸਮਾਂਬੱਧ ਤਰੀਕੇ ਨਾਲ ਮੁਕੰਮਲ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਵਿੱਚ ਬਣ ਰਹੇ 16 ਆਮ ਆਦਮੀ ਕਲੀਨਿਕਾਂ ਵਿੱਚੋਂ 8 ਸ਼ਹਿਰੀ ਖੇਤਰ ਵਿੱਚ ਤੇ 8 ਪੇਂਡੂ ਖੇਤਰ ਵਿੱਚ ਬਣਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਪਿੰਡ ਦੀਦਾਰਗੜ੍ਹ, ਨਵਾਂ ਗਾਓਂ, ਉੱਪਲੀ, ਦੁਗਨੀ, ਖੇੜੀ ਜੱਟਾਂ, ਰਜਿੰਦਰਾ ਪੁਰੀ, ਬਾਮਲ ਤੇ ਧੂਰਾ ਵਿਖੇ ਆਮ ਆਦਮੀ ਕਲੀਨਿਕ ਬਣ ਰਹੇ ਹਨ। ਇਸੇ ਤਰ੍ਹਾਂ ਸ਼ਹਿਰੀ ਖੇਤਰ ਵਿੱਚ ਬਾਬਾ ਮਸਤ ਰਾਮ ਜੀ ਸਮਾਧ ਲਹਿਰਾ, ਡੀਈਓ ਪ੍ਰਾਇਮਰੀ ਦਫ਼ਤਰ ਸੰਗਰੂਰ, ਵਾਰਡ ਨੰਬਰ 4 ਝਾੜ ਵਾਲਾ ਪੁਲ ਸੜਕ 'ਤੇ ਚੀਮਾ, ਮੁੱਖ ਮੰਤਰੀ ਸਹਾਇਤਾ ਕੇਂਦਰ ਧੂਰੀ, ਸ੍ਰੀ ਗੁਰੂ ਰਵਿਦਾਸ ਦਰਬਾਰ ਹਾਲ ਮੂਨਕ, ਬੱਸ ਸਟੈਂਡ ਭਵਾਨੀਗੜ੍ਹ ਤੇ ਐਸ.ਐਸ.ਐਸ.ਜੀ. ਲੌਂਗੋਵਾਲ ਵਿਖੇ ਆਮ ਆਦਮੀ ਕਲੀਨਿਕ ਬਣਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਹ ਕਲੀਨਿਕ ਜ਼ਿਲ੍ਹੇ ਦੇ ਲੋਕਾਂ ਲਈ ਵੱਡੀ ਸਹੂਲਤ ਸਾਬਿਤ ਹੋਣਗੇ ਤੇ ਉਨ੍ਹਾਂ ਨੂੰ ਆਪਣੇ ਨੇੜੇ ਮੁਫ਼ਤ ਸਿਹਤ ਜਾਂਚ ਤੇ ਦਵਾਈਆਂ ਦੀ ਸਹੂਲਤ ਪ੍ਰਦਾਨ ਕਰਨਗੇ।ਮੀਟਿੰਗ ਦੌਰਾਨ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਕਲੀਨਿਕਾਂ ਦੇ ਸਾਜ਼ੋ-ਸਾਮਾਨ ਤੇ ਸਟਾਫ਼ ਦੀ ਤਾਇਨਾਤੀ ਸਬੰਧੀ ਪ੍ਰਕਿਰਿਆ ਵੀ ਸਮੇਂ ਸਿਰ ਪੂਰੀ ਕੀਤੀ ਜਾਵੇ ਤਾਂ ਜੋ ਇਹ ਸਹੂਲਤਾਂ ਜਲਦੀ ਤੋਂ ਜਲਦੀ ਲੋਕਾਂ ਨੂੰ ਸਮਰਪਤ ਕੀਤੀਆਂ ਜਾ ਸਕਣ।ਮੀਟਿੰਗ ਵਿੱਚ ਜ਼ਿਲ੍ਹੇ ਦੇ ਸਮੂਹ ਐੱਸ.ਡੀ.ਐਮਜ਼, ਐੱਸ.ਐੱਮ.ਓਜ਼ ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਉਦਯੋਗਪਤੀ ਯੋਗੇਸ਼ ਬਾਂਸਲ ਨੂੰ ਕੀਤਾ ਸਨਮਾਨਤ



**ਸੁਨਾਮ** (ਅਸ਼ੋਕ ਬਾਂਸਲ, ਹਾਕਮ ਭੱਟੀ) ਨੌਜਵਾਨ ਉਦਯੋਗਪਤੀ ਯੋਗੇਸ਼ ਬਾਂਸਲ ਸਪੁੱਤਰ ਸ੍ਰੀ ਜਨਕ ਰਾਜ ਫੀਡ ਵਾਲੇ ਨੂੰ ਉਨ੍ਹਾਂ ਵੱਲੋਂ ਡੇਅਰੀ ਤੇ ਪਸ਼ੂ ਪਾਲਣ ਦੇ ਖੇਤਰ 'ਚ ਪਾਏ ਯੋਗਦਾਨ ਲਈ ਪੰਜਾਬ ਦੇ ਡੇਅਰੀ ਤੇ ਪਸ਼ੂ ਪਾਲਣ ਵਿਭਾਗ ਦੀ ਸਿਫ਼ਾਰਸ਼ 'ਤੇ ਕੇਂਦਰੀ ਡੇਅਰੀ ਵਿਕਾਸ ਤੇ ਪਸ਼ੂ ਪਾਲਣ ਵਿਭਾਗ ਵੱਲੋਂ ਸੁਤੰਤਰਤਾ ਦਿਵਸ ਮੌਕੇ 26 ਜਨਵਰੀ ਨੂੰ ਦਿੱਲੀ ਵਿਖੇ ਮੰਤਰਾਲੇ ਦੇ ਕੇਂਦਰੀ ਮੰਤਰੀ ਸ੍ਰੀ ਰਾਜੀਵ ਰੰਜਨ ਨੇ ਵਧੀਆ ਸੇਵਾਵਾਂ ਦਾ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਹੈ। ਸ੍ਰੀ ਯੋਗੇਸ਼ ਬਾਂਸਲ ਵੱਲੋਂ ਹਾਲ ਹੀ 'ਚ ਇੱਕ ਬਹੁਤ ਹੀ ਆਧੁਨਿਕ ਫੀਡ ਪਲਾਂਟ ਲਾ ਕੇ ਉੱਚ ਕੁਆਲਟੀ ਦੀ ਫੀਡ ਤਿਆਰ ਕਰਨ ਦੀ ਵਧੀਆ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਸਨਮਾਨ ਲਈ ਚੁਣਿਆ ਗਿਆ ਸੀ।ਇਸ ਸਨਮਾਨ ਨੂੰ ਪ੍ਰਾਪਤ ਕਰਨ ਲਈ ਭਾਰਤ ਦੇ ਮਹਿਕਮੇ ਵੱਲੋਂ ਯੋਗੇਸ਼ ਬਾਂਸਲ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਪੱਤਰ ਭੇਜਿਆ ਗਿਆ ਸੀ।ਇਸ ਮੌਕੇ ਤੇ ਉਨ੍ਹਾਂ ਦਾ ਨਾਮ ਪੰਜਾਬ ਸਰਕਾਰ ਦੇ ਇਸ ਮਹਿਕਮੇ ਦੇ ਉੱਘੇ ਉਦਯੋਗ ਪਤੀਆਂ ਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ। ਸ੍ਰੀ ਯੋਗੇਸ਼ ਬਾਂਸਲ ਸ਼ਹਿਰ ਦੀ ਨਾਮੀ ਧਾਰਮਿਕ ਸੰਸਥਾ ਸ੍ਰੀ ਬਾਂਕੇ ਬਿਹਾਰੀ ਮੰਦਰ ਕਮੇਟੀ ਬਿਗੜਵਾਲ ਰੋਡ ਦੇ ਵੀ ਟਰੱਸਟੀ ਹਨ।ਉਨ੍ਹਾਂ ਨੂੰ ਸਨਮਾਨਤ ਕਰਨ ਤੇ ਅਗਰਵਾਲ ਸਭਾ ਦੇ ਪ੍ਰਧਾਨ ਵਿਕਰਮ ਗਰਗ ਵਿੱਕੀ ਤੇ ਸੀਤਾ ਸਰ ਮੰਦਰ ਕਮੇਟੀ ਵੱਲੋਂ ਹਰੀ ਦੇਵ ਗੋਇਲ ਨੇ ਵਧਾਈ ਦਿੱਤੀ ਤੇ ਬਾਂਸਲ ਪਰਵਾਰ ਦੀ ਤਰੱਕੀ ਤੇ ਚੜ੍ਹਦੀ ਕਲਾ ਦੀ ਕਾਮਨਾ ਕੀਤੀ ਹੈ।


## MGN PUBLIC SCHOOL ADARSH NAGAR JALANDHAR

0181-2254463,64

Invites Sealed Tender for the following items :-

1. Desktops Dell i5 8 GB 256 GB SSD with 24" LED, K/B and Mouse. (18)
2. Server for Tally. (1)
3. Dell Desktops I 7 16 GB 1tb SSD (without LED). (02)
4. Dell Laptops i5 8 GB 512 GB SSD ( 10),
5. Dell Laptops i7 16 GB 1tb SSD. (02)
6. CP Plus CCTV IP Bullet, IP Dome, NVR 16ch, HDD.
50 Dome 7 NVR, 30 Bullet 7 HDD 2TB
18 Very Focal 1 ANPR
7. CP Plus POE 8 port and 16 port Giga.
15 POE 8 Port 06 POE 16 Port
8. TP Link Wi-Fi router outdoor. (35) 9. HP Printer LaserJet Pro MFP M126nw (4)
10. SSD 256 GB WD/Seagate (10)

**Authorized Dealer need to supply the item.**

Qty. may change at the time of actual purchase. Principal


# ਪੰਜਾਬ ਸਰਕਾਰ ਸਿੱਖਿਆ ਦੇ ਮੌਲਿਕ ਅਧਿਕਾਰ ਨੂੰ ਲਾਗੂ ਨਹੀਂ ਕਰ ਸਕੀ : ਬੁਜ਼ਰਕ



**ਪਾਤੜਾਂ**, (ਨਿਸ਼ਾਨ ਸਿੰਘ ਬਣਵਾਲਾ) ਪੰਜਾਬ ਸਰਕਾਰ ਆਰ ਟੀ ਈ ਐਕਟ ਸਿੱਖਿਆ ਦੇ ਮੌਲਿਕ ਅਧਿਕਾਰ ਨੂੰ ਲਾਗੂ ਕਰਨ ਵਿੱਚ ਅਸਫਲ ਰਹੀ ਹੈ, ਜਦੋਂ ਕਿ ਨਿੱਜੀ ਸਕੂਲਾਂ ਉੱਤੇ 25 ਵੀਂ ਸਦੀ ਰਾਖਵਾਂਕਰਨ ਦੇਣ ਲਈ ਦਬਾਅ ਪਾਇਆ ਜਾ ਰਿਹਾ ਹੈ ਦੂਸਰੇ ਪਾਸੇ ਬਣਦੇ ਨਿਯਮਾਂ ਦੇ ਮੁਤਾਬਿਕ ਪੰਜਾਬ ਸਰਕਾਰ ਵੱਲੋਂ ਨਿੱਜੀ ਸਕੂਲਾਂ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਖਰਚਾ ਨਹੀਂ ਦਿੱਤਾ ਜਾ ਰਿਹਾ ਜਦੋਂ ਕਿ ਡੇਢ ਲੱਖ ਤੋਂ ਵੱਧ ਬੱਚੇ ਮੁਢਲੀ ਸਿੱਖਿਆ ਤੋਂ ਵਾਂਝੇ ਘੁੰਮ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਆਰਟੀਆਈ ਮਾਹਰ ਅਤੇ ਸਮਾਜ ਸੇਵੀ ਬ੍ਰਿਸ਼ ਭਾਨ ਬੁਜਰਕ ਨੇ ਕਿਹਾ ਕਿ ਸਿੱਖਿਆ ਦੇ ਮੌਲਿਕ ਅਧਿਕਾਰ ਆਰ ਟੀ ਈ ਨੂੰ ਪੰਜਾਬ ਸਰਕਾਰ ਲਾਗੂ ਕਰਨ ਵਿੱਚ ਅਸਫਲ ਰਹੀ ਹੈ ਕਿਉਂਕਿ ਪ੍ਰਤੀ ਵਿਦਿਆਰਥੀ ਦਾ ਪ੍ਰਤੀ ਸਾਲ ਦੇ ਹਿਸਾਬ ਨਾਲ ਤਕਰੀਬਨ 25 ਹਜਾਰ ਰੁਪਏ ਆਰਟੀ ਈ ਦੇ ਤਹਿਤ ਨਿੱਜੀ ਸਕੂਲਾਂ ਨੂੰ ਦੇਣਾ ਹੁੰਦਾ ਹੈ ਪਰ ਪੰਜਾਬ ਸਰਕਾਰ ਅਤੇ ਇਸ ਦੀ ਅਫਸਰ ਸ਼ਾਹੀ ਵੱਲੋਂ ਸਿਰਫ ਖਾਨਾ ਪੂਰਤੀ ਹੀ ਕੀਤੀ ਜਾ ਰਹੀ ਹੈ ਕਿਉਂਕਿ ਪੇਂਡੂ ਖੇਤਰਾਂ ਵਿੱਚ ਚੱਲ ਰਹੇ ਨਿੱਜੀ ਸਕੂਲ ਮਾਲਕਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਉਹਨਾਂ ਨੂੰ 25000 ਰੁਪਏ ਪ੍ਰਤੀ ਬੱਚੇ ਦੇ ਹਿਸਾਬ ਨਾਲ ਖਰਚਾ ਦੇਵੇ ਤਾਂ ਉਹ 25 ਪ੍ਰਤੀਸ਼ਤ ਦੀ ਬਜਾਏ 100 ਪ੍ਰਤੀਸ਼ਤ ਬੱਚਿਆਂ ਨੂੰ ਫਰੀ ਚ ਪੜ੍ਹਾਉਣ ਲਈ ਤਿਆਰ ਹਨ ਕਿਉਂਕਿ ਉਹਨਾਂ ਨੂੰ ਪੇਂਡੂ ਖੇਤਰਾਂ ਵਿੱਚੋਂ 10- 12 ਹਜਾਰ ਰੁਪਏ ਤੋਂ ਵੱਧ ਦਾ ਖਰਚ ਨਹੀਂ ਮਿਲਦਾ ਜਦੋਂ ਕਿ ਨਿਯਮਾਂ ਦੇ ਮੁਤਾਬਿਕ ਆਰਟੀਈ ਦੇ ਤਹਿਤ 25 ਹਜਾਰ ਰੁਪਏ ਪ੍ਰਤੀ ਬੱਚੇ ਦਾ ਖਰਚਾ ਸਰਕਾਰ ਨੂੰ ਦੇਣਾ ਪੈਣਾ ਹੈ। ਜਿਸ ਕਰਕੇ ਪੰਜਾਬ ਹਰਿਆਣਾ ਹਾਈ ਕੋਰਟ ਨੂੰ ਦਿਖਾਉਣ ਲਈ ਸਿੱਖਿਆ ਵਿਭਾਗ ਤੇ ਸਰਕਾਰ ਵੱਲੋਂ ਇੱਕ ਪੋਰਟਲ ਤਿਆਰ ਕਰਕੇ ਉਸ ਉੱਤੇ ਬੱਚਿਆਂ ਦੀ ਜਾਅਲੀ ਸੂਚੀ ਪਾਈ ਜਾ ਰਹੀ ਹੈ। ਜਿਸ ਦਾ ਅਸਲ ਚ ਸਿੱਖਿਆ ਦੇ ਮੌਲਿਕ ਅਧਿਕਾਰ ਨਾਲ ਕੋਈ ਸਬੰਧ ਨਹੀਂ ਹੈ। ਬੁਜਰਕ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਅਧਿਕਾਰ ਨੂੰ ਲਾਗੂ ਕਰਨ ਵਿੱਚ ਅਸਫਲ ਰਹੀ ਹੈ। ਸਿੱਖਿਆ ਵਿਭਾਗ ਦੇ ਅਫਸਰਾਂ ਅਤੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਮੌਲਿਕ ਅਧਿਕਾਰ ਦੇ ਨਾਂ ਤੇ ਸਿਰਫ ਇੱਕ ਖਾਨਾ ਪੂਰਤੀ ਹੀ ਕੀਤੀ ਜਾ ਰਹੀ ਹੈ, ਕਿਉਂਕਿ ਸਰਕਾਰ ਇਸ ਐਕਟ ਦੇ ਤਹਿਤ ਪ੍ਰਤੀ ਬੱਚੇ ਦਾ ਨਿਰਧਾਰਤ ਕੀਤਾ ਖਰਚਾ ਨਹੀਂ ਦੇ ਸਕਦੀ।

# ਕਲਾਸੀਫਾਈਡ ਇਸ਼ਤਿਹਾਰ


## Change of Name

I Inderpal Kaur alias Kawaljit Kaur W/O Sawinder Singh R/O H.No. 15/461, Gali Mast Khoo, Amritsar hereby inform that I have adopted my name now Kawaljit Kaur for ever. Concerned please note.

I, Jatinder Kaur W/o Baljit Singh R/o Village & Post Office Beas Pind, Tehsil & District Jalandhar, Punjab (India)have changed my name from Jatinder Kaur to Kaur Jatinder. Kaur is my surname. Please note.

I, Ginni Arora S/o Paramjit Singh R/o H. No. 16, Shiv Vihar, Model Town, P.O. Basti, Distt. Jalandhar declare that I am Known by these names :- Ginni Arora and as Ginny Arora. Ginni Arora and Ginny Arora both names are mine, and belong to one and the same person .

I, Gurdeep Singh S/o Baldev Raj, R/o VPO Tanda Mohalla Roshni Peer, Distt. Hoshiarpur, Punjab declare my given name is Gurdeep and my Surname is Singh.

I, Sunil Kumar S/o Sh. Ratan Lal R/o H.No. 733/28, New Santokhpura Jalandhar, have Changed my name to Kumar Sunil. All Concerned please note.

I, Pawanpreet Kaur Dhillon D/o Tarsem Singh Vpo Saidpur Tehsil Patti District Tarn Taran Have Changed My Name From Pawanpreet Kaur Dhillon to Pawanpreet Kaur pl note it.

I, Major Singh S/o Jagtar Singh R/o Village Mahadipura, PO Kotla Gujjran, Distt. Amritsar, Punjab-143606 have changed my name from Major Singh to Singh is my surname and Major is my given name.

I , Ravinder Kaur W/O Gurdial Singh R/O Village Narket, PO. Bhandal Bet District Kapurthala, declares that I have changed my name from Ravinder Kaur to Mukhwinder Kaur.

I, Gagandeep Kaur Saroya C/o Satvinder Singh R/o VPO Kalra, Distt. Jalandhar have changed my name from Gagandeep Kaur Saroya to Gagandeep Kaur. All Please Note.

I, Kirti Gupta alias Prem Lata W/o Sushil Kumar Gupta R/o 1, Robin Avenue, Mall Road, Amritsar have changed my name from Kirti Gupta to Kirti Gupta.

I, Urmil Khosla W/o Ashok Khosla R/o 71-R White Avenue Amritsar have changed my name to Urmila Khosla

I, Upkar Singh Josan S/o Baldev Singh R/o VPO Manawala, Tehsil Baba Bakala District Amritsar have changed my name from Upkar Singh Josan to Upkar Singh.

I, Shivani Bhagat W/o Vaneet Bhagat, R/o H.No. 4/4, Deol Nagar, Jalandhar, Punjab have changed the name of my Minor Daughter from Kavya to Kavya Bhagat. All concerned may note.

I, Shivani Bhagat W/o Vaneet Bhagat, R/o H.No. 4/4, Deol Nagar, Jalandhar, Punjab have changed the name of my Minor Daughter from Rachel to Rachel Bhagat. All concerned may note.

I, Rahul S/o Krishan Kumar R/o H.No. ES 371,3 Abadpura, Jalandhar have changed my name from Rahul to Rahul Kaul in which given name is Rahul and Kaul is surname.

I Punnu Salem S/o Rafiq Ahmed, R/o H.no. 1438, Moga Patti,Jandu Singha, Jalandhar have changed my name from Punnu Salem to Punnu Salim.

I Kuldeep Singh S/o Dilbagh Singh R/o C-149, Vill Kangniwal, PO Hazara, Jalandhar have changed my name to Kuldeep as first name and Singh as surname.

I hitherto known as Uma Karla W/o Deepak Kalra R/o B8/51, Moti Bazar, Mashakia Mohalla, Phagwara have changed my name and shall hereafter be known as Pooja Kalra.

I, Gurpreet Singh S/o Dheer Singh R/o Village Daddian, PO Ludhar, Amritsar Punjab-143502 have changed my name from Gurpreet Singh to Singh is my surname and Gurpreet is my given name.

I, Karanpreet Singh S/o Harwail Simgh R/o Village Kairon Nangal, PO Chawinda Devi, Distt Amritsar, Punjab-143504 have changed my name from Karanpreet Singh to Singh is my surname and Karanpreet is my given name.

I, Kuldip Kaur W/o Balwinder Singh R/o Village Waryah, PO. Hayat Nagar, Tehsil/ Distt. Gurdaspur, Punjab-143521, India. Have changed my name from Kuldip Kaur to Kuldeep Kaur.

I Shreshta Devi W/o Subash Chandar R/o Ward No.3 Ahluwalia Mohalla Dasuya District Hoshiarpur 144205 Punjab, India have changed my name from Shreshta Devi To Sharasta Devi .

I, Rakesh Singh S/o Varinder Singh R/o House No. 909, Back Side Saini Building Material, Guru Nanak Pura West, Jalandhar, Punjab-144009 have changed my name from Rakesh Singh to Rakesh Singh Gusain. All concerned please note.

## Change of Name

I, Reena Rani W/o Sh. Surinder singh Rio village Nahal, P.O. Pandori Nijjran, Jalandhar, declare that I have changed my minor daughter name from Palak to Palak Kaur.

I, hitherto known as Parveen W/o Pawan Kumar residing at Near Anand Public School, Bachint Nagar, Village Reru, Distt. Jalandhar, Punjab-144012, India have changed my name and shall hereafter be known as Asha Rani.

I, Jasveer Singh S/o Late Ajit Raj R/o H.No. 35, New Guru Sant Nagar, Basti Danishmanda, Jalandhar, Punjab declare that my father name Ajit Raj as well as Ajit Lal is one and the same person. All concerned please note.

I, Sushil Gupta S/o Banarsi Dass R/o 1, Robin Avenue, Mall Road, Amritsar have changed my name from Sushil Gupta to Sushil Kumar Gupta.

I, Harmander Kaur w/o Parmjit Singh r/o H.No. 532, Urban Estate, Kapurthala Pb. declare that Harminder Kaur & Harmander Kaur both are my names & one and the the same person.

I, Sunil s/o Jagdish Kumar r/o Vill. Sandhwal, Po. Hajipur, Distt.Hoshiarpur have added my surname Sunil to Sunil Kumar (Kumar as Surname) All Please Note.

I, Sukhwinder Kaur w/o Chanan Singh r/o VPO. Jaura Chhittran, Distt.Gurdaspur, Punjab-143520 have changed my name as Jaswinder Kaur. All Please Note.

I, Harminder Kaur w/o Harjinder Singh r/o Vill. Gidder Pindi, PO. Zahura, Teh.Tanda, Distt. Hoshiarpur, Punjab have changed my name to Kaur Harminder. All Please Note.

I, Ishmeet Singh s/o Amrik Singh r/o Vill. Khun Khun Khurd, Po. Khudda, Tehsil Dasuya, Distt. Hoshiarpur, Punjab have changed my name to Singh Ishmeet. All Please Note.

I, Sarabjit Kaur W/o Manpreet Singh R/o H.No 60, Veer Enclave, Near Golden Gate, G.T Road Amritsar, Punjab have changed my name from Sarbjeet Kaur to Sarabjit Kaur.

I, Jaswinder Singh S/o Balwant singh R/o Vill. Ucha bet, Po. Saiflabad, Distt. Kapurthala, Punjab have changed my name from Jaswinder Singh to Singh Jaswinder (Surname as Singh) All Please Note.

I, Simarjit Kaur W/o Jaswinder Singh R/o Vill. Ucha bet, Po. Saiflabad, Distt. Kapurthala, Punjab have changed my name from Simarjit Kaur to Kaur Simarjit (Surname as Kaur) All Please Note.

I, Muskan Sachdeva W/o Chetan Comar R/o H.No. 491, New Jawahar Nagar, Jalandhar have changed my name from Muskan Sachdeva to Muskan Comar, after marriage. All Please Note.

## ਆਮ ਸੂਚਨਾ

ਜਿਉਨਾ ਰਾਮ ਪੁੱਤਰ ਰਾਮ ਨਿਵਾਜ ਮਕੋਰੜ ਸਾਹਿਬ ਐਮ-648 ਦੇ ਨਾਮ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਸੰਦੀਪ ਸਿੰਘ ਪੁੱਤਰ ਅਜਮੇਰ ਸਿੰਘ ਮਕੋਰੜ ਸਾਹਿਬ ਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ 7 ਦਿਨਾ ਵਿੱਚ ਕਰ ਸਕਦਾ ਹੈ ਵੱਲੋਂ:- ਐਸ.ਡੀ.ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮੂਨਕ

ਰਾਮ ਨਿਵਾਜ ਪੁੱਤਰ ਮੋਤੀ ਰਾਮ ਮਕੋਰੜ ਸਾਹਿਬ ਏਪੀ15-0953 ਦੇ ਨਾਮ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਸੰਦੀਪ ਸਿੰਘ ਪੁੱਤਰ ਅਜਮੇਰ ਸਿੰਘ ਮਕੋਰੜ ਸਾਹਿਬ ਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ 7 ਦਿਨਾ ਵਿੱਚ ਕਰ ਸਕਦਾ ਹੈ। ਵੱਲੋਂ:- ਐਸ.ਡੀ.ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮੂਨਕ

ਰਾਮ ਨਿਵਾਜ ਪੁੱਤਰ ਮਾਤੂ ਰਾਮ ਮਕੋਰੜ ਸਾਹਿਬ ਐਮ-756 ਦੇ ਨਾਮ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਅਜਮੇਰ ਸਿੰਘ ਪੁੱਤਰ ਰਾਮ ਨਿਵਾਜ ਸਿੰਘ ਮਕੋਰੜ ਸਾਹਿਬ ਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ 7 ਦਿਨਾ ਵਿੱਚ ਕਰ ਸਕਦਾ ਹੈ ਵੱਲੋਂ:- ਐਸ.ਡੀ.ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮੂਨਕ

ਅਸੀਂ ਰਾਕੇਸ਼ ਕੁਮਾਰ ਪੁੱਤਰ ਸ੍ਰੀ ਇੰਦਰਜੀਤ ਅਤੇ ਰੀਚਾ ਪਤਨੀ ਸ੍ਰੀ ਰਾਕੇਸ਼ ਕੁਮਾਰ ਵਾਸੀਆਨ 16/19, ਕਾਦੀ ਹੱਟੀ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਸਾਹਿਲ ਵਧਾਵਣ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਮਿਤੀ 18-01-2025 ਨੂੰ ਇੱਕ ਇਸ਼ਤਿਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਸਾਡਾ ਲੜਕਾ ਸਾਡੇ ਕਹਿਣੇ ਵਿੱਚ ਹੈ। ਇਸ ਲਈ ਅਸੀਂ ਆਪਣੀ ਬੇਦਖਲੀ ਵਾਪਸ ਲੈਂਦੇ ਹਾਂ ਅਤੇ ਹੁਣ ਸਾਡਾ ਲੜਕਾ ਸਾਡੀ ਚੱਲ ਵਾ ਅਚੱਲ ਜਾਇਦਾਦ ਦਾ ਹੱਕਦਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸਤਪਾਲ ਪੁੱਤਰ ਲੇਟ ਸਾਗਰ, ਵਾਸੀ ਪਿੰਡ ਤੇ ਡਾਕਖਾਨਾ ਚੂਹੇਕੀ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਰਾਕੇਸ਼ ਕੁਮਾਰ ਅਤੇ ਉਸ ਦੀ ਪਤਨੀ ਰਜਨੀ ਨੂੰ ਮੇਰੇ ਕਹਿਣੇਕਾਰ ਨਾ ਹੋਣ ਕਰਕੇ ਮਿਤੀ 30.07.2021 ਨੂੰ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਰਾਕੇਸ਼ ਕੁਮਾਰ ਅਤੇ ਉਸ ਦੀ ਪਤਨੀ ਰਜਨੀ ਮੇਰੇ ਕਹਿਣੇ ਵਿਚ ਹਨ ਅਤੇ ਮੇਰੀ ਹਰ ਗੱਲ ਨਾਲ ਸਹਿਮਤ ਹਨ। ਇਸ ਲਈ ਮੈਂ ਆਪਣੇ ਲੜਕੇ ਰਾਕੇਸ਼ ਕੁਮਾਰ ਅਤੇ ਉਸ ਦੀ ਪਤਨੀ ਰਜਨੀ ਦੀ ਦਿੱਤੀ ਹੋਈ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੇ ਹਿੱਸੇਦਾਰ ਹੋਣਗੇ।

ਮੈਂ, ਬਲਜਿੰਦਰ ਸਿੰਘ ਪੁੱਤਰ ਵਰਿਆਮ ਸਿੰਘ ਵਾਸੀ ਅਕਾਲਗੜ੍ਹ ਢੂਪਈਆਂ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਪ੍ਰਿੰਸਪਾਲ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਮਿਤੀ 20.01.2025 ਨੂੰ ਹਲਫੀਆ ਬਿਆਨ ਦੇ ਕੇ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਪ੍ਰਿੰਸਪਾਲ ਸਿੰਘ ਮੇਰੇ ਕਹਿਣੇ ਵਿਚ ਹਨ ਅਤੇ ਮੇਰੀ ਹਰ ਗੱਲ ਨਾਲ ਸਹਿਮਤ ਹੈ। ਇਸ ਲਈ ਮੈਂ ਉਸ ਨੂੰ ਦਿੱਤੀ ਹੋਈ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ ਵਾ ਅਚੱਲ ਜਾਇਦਾਦ ਦਾ ਵਾਰਸ ਹੋਵੇਗਾ।

ਮੈਂ, ਬਿੱਕਰ ਸਿੰਘ ਪੁੱਤਰ ਜੱਗਰ ਸਿੰਘ ਵਾਸੀ ਬੱਲਰਾਂ, ਤਹਿਸੀਲ ਮੂਨਕ, ਜ਼ਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਗੋਬਿੰਦ ਸਿੰਘ, ਜਿਸ ਦੀ ਤਕਰੀਬਨ 4 ਸਾਲ ਪਹਿਲਾਂ ਮੌਤ ਹੋ ਗਈ ਸੀ ਅਤੇ ਉਸ ਦੀ ਪਤਨੀ (ਮੇਰੀ ਭਰਜਾਈ) ਕਿਰਨਪਾਲ ਕੌਰ ਪਤਨੀ ਗੋਬਿੰਦ ਸਿੰਘ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ ਅਤੇ ਸਾਡਾ ਇਸ ਨਾਲ ਕੋਈ ਸੰਬੰਧ ਨਹੀਂ। ਉਹ 20 ਸਾਲ ਤੋਂ ਅਲੱਗ ਰਹਿ ਰਹੀ ਹੈ। ਮੇਰੀ ਭਰਜਾਈ ਕਿਰਨਪਾਲ ਕੌਰ ਦਾ ਜ਼ਮੀਨ ਨਾਲ ਰੌਲਾ ਪਿੰਡ ਵਿਚ ਜਸਵੀਰ ਕੌਰ ਪਤਨੀ ਸੁਖਦੇਵ ਸਿੰਘ ਨਾਲ ਚੱਲਦਾ ਹੈ। ਇਸ ਦੇ ਕਿਸੇ ਵੀ ਕੰਮ ਦੀ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਇਹ ਖੁਦ ਜ਼ਿੰਮੇਵਾਰ ਹੋਵੇਗੀ।

## ਬੇਦਖਲੀ ਨੋਟਿਸ

ਮੈਂ ਅਮਰਜੀਤ ਕੌਰ ਪਤਨੀ ਲੇਟ ਅਜੀਤ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਅਜਨੋਹਾ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰੀ ਨੂੰਹ ਬਲਵਿੰਦਰ ਕੌਰ ਪਤਨੀ ਲੇਟ ਜਸਪਾਲ ਸਿੰਘ ਅਤੇ ਮੇਰੀ ਪੋਤਰੀ ਜਸਪ੍ਰੀਤ ਕੌਰ ਪੁੱਤਰੀ ਲੇਟ ਜਸਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦੇ ਖੁਦ ਜੁੰਮੇਵਾਰ ਹੋਣਗੇ।

ਮੈਂ ਪਰਮਜੀਤ ਕੌਰ ਪਤਨੀ ਲੇਟ ਵੀਰ ਸਿੰਘ ਵਾਸੀ ਬਾਲੇਵਾਲ ਧਰਮਕੋਟ ਬੱਗਾ, ਤਹਿਸੀਲ ਬਟਾਲਾ, ਜ਼ਿਲਾ ਗੁਰਦਾਸਪੁਰ । ਮੇਰੀ ਲੜਕੀ ਕੰਵਲਜੀਤ ਕੌਰ ਅਤੇ ਰਣਜੀਤ ਕੌਰ ਜੋ ਕਿ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ । ਮੈਂ ਇਹਨਾਂ ਨੂੰ ਆਪਣੀ ਚਲ - ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ । ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ ।

ਮੈਂ, ਰਜਨੀਸ਼ ਕੁਮਾਰ ਪੁੱਤਰ ਕ੍ਰਿਸ਼ਨ ਕੁਮਾਰ, ਵਾਸੀ ਆਸਥਾ ਕਾਲੋਨੀ ਧੂਰੀ (ਸੰਗਰੂਰ) ਇਹ ਸੂਚਿਤ ਕਰਦਾ ਹਾਂ ਕਿ ਮੇਰਾ ਭਰਾ ਰੋਹਿਤ ਕੁਮਾਰ ਸ਼ਰਮਾ ਉਰਫ ਲੱਕੀ 10/12 ਸਾਲਾਂ ਤੋਂ ਮੇਰੇ ਤੋਂ ਵੱਖਰਾ ਰਹਿੰਦਾ ਹੈ ਅਤੇ ਭੈੜੀ ਸੰਗਤ ਦਾ ਸ਼ਿਕਾਰ ਹੈ। ਉਸ ਨਾਲ ਲੈਣ-ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਿੰਦਰ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਪਿੰਡ ਭਿੰਡਰ ਕਲਾਂ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਧਰਮਪਾਲ ਸਿੰਘ ਉਰਫ ਬਿੱਟੂ, ਪੁੱਤਰ ਸ੍ਰੀ ਬਿੰਦਰ ਅਤੇ ਮੇਰੀ ਨੂੰਹ ਰਮਨਦੀਪ ਕੌਰ ਪਤਨੀ ਧਰਮਪਾਲ ਸਿੰਘ ਅਤੇ ਗੁਰਮੀਤ ਸਿੰਘ ਉਰਫ ਗੋਬਿੰਦਾ ਅਤੇ ਨੂੰਹ ਕਿਰਨਦੀਪ ਕੌਰ ਪਤਨੀ ਗੁਰਮੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਪ੍ਰਿਆ ਪਤਨੀ ਸੁਨੀਲ ਕੁਮਾਰ ਵਾਸੀ ਮਕਾਨ ਨੰ: 57/3, ਭਾਰਗੋ ਨਗਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਆਰੀਅਨ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਪਰਮਜੀਤ ਕੌਰ ਪਤਨੀ ਦਰਸ਼ਨ ਸਿੰਘ ਵਾਸੀ ਪਿੰਡ ਢੁੱਡੀਕੇ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਤਕਦੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੀ ਦੇਖ-ਭਾਲ ਨਹੀਂ ਕਰਦਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਅਸੀਂ, ਵਿਜੈ ਕੁਮਾਰ ਪੁੱਤਰ ਲੇਟ ਬਾਬੂ ਲਾਲ ਅਤੇ ਬੱਬਲੀ ਰਾਣੀ ਪਤਨੀ ਵਿਜੈ ਕੁਮਾਰ, ਵਾਸੀਆਨ ਮਕਾਨ ਨੰਬਰ 186/11, ਦੀਪ ਨਗਰ, ਨੇੜੇ ਸ਼ਿਵ ਮੰਦਰ ਨੰਬਰ ਕਾਲੋਨੀ, ਜਲੰਧਰ ਕੈਂਟ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਰੇਨੂ ਅਤੇ ਉਸ ਦਾ ਪਤੀ ਸੂਰਜ ਪ੍ਰਕਾਸ਼ ਵਾਸੀ ਪਿੰਡ ਤੇ ਡਾਕਖਾਨਾ ਦਕੋਹਾ ਨੇੜੇ ਕੋਨਵੈਂਟ ਸਕੂਲ ਜਲੰਧਰ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਚੰਗਾ ਵਰਤਾਓ ਨਹੀਂ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਤੇ ਸਾਡੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਸਰਵਣ ਸਿੰਘ ਪੁੱਤਰ ਬਾਬੂ ਰਾਮ, ਵਾਸੀ ਪਿੰਡ ਤੇ ਡਾਕ. ਕੰਧਾਲਾ ਜੱਟਾਂ, ਤਹਿ. ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਵਤਾਰ ਸਿੰਘ ਅਤੇ ਇਸ ਦੀ ਪਤਨੀ ਸੁਖਵਿੰਦਰ ਕੌਰ ਜੋ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਬਾਕੀ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜੋਗਿੰਦਰ ਸਿੰਘ ਪੁੱਤਰ ਜਬਰਾ ਸਿੰਘ ਵਾਸੀ ਪਿੰਡ ਚੱਕ ਅਰਨੀ ਵਾਲਾ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਮੀਤ ਸਿੰਘ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ। ਸੰਬੰਧਤ ਨੋਟ ਕਰਨ।

ਮੈਂ, ਸ਼ਿੰਗਾਰਾ ਸਿੰਘ ਪੁੱਤਰ ਨਸੀਬ ਸਿੰਘ, ਵਾਸੀ ਰੇੜਵਾਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਤਰਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ। ਸੰਬੰਧਤ ਨੋਟ ਕਰਨ।

ਮੈਂ ਜਸਵੀਰ ਕੌਰ ਪਤਨੀ ਕਸ਼ਮੀਰ ਸਿੰਘ ਵਾਸੀ 127, ਮਹਿਤਾਬ ਗੜ੍ਹ, ਕਪੂਰਥਲਾ ਘੋਸ਼ਣਾ ਕਰਦੀ ਹਾਂ ਕਿ ਮੇਰਾ ਲੜਕਾ ਪਰਮਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜੀ ਕਰਦਾ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਹਰਜੀਤ ਸਿੰਘ ਪੁੱਤਰ ਦੇਸਾ ਸਿੰਘ ਵਾਸੀ ਪਿੰਡ ਮਾਲਾ ਕੀੜੀ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨਜਿੰਦਰਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੁੱਕ ਅਚੁੱਕ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈ ਗੁਰਦੀਪ ਸਿੰਘ ਪੁੱਤਰ ਦੀਦਾਰ ਸਿੰਘ ਵਾਸੀ ਪਿੰਡ ਭਿੰਡੀ ਔਲਖ ਖੁਰਦ ਤਹਿਸੀਲ ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ ਦਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਣਜੀਤ ਸਿੰਘ ਅਤੇ ਮੇਰੀ ਨੂੰਹ ਅਨਮੋਲਦੀਪ ਕੌਰ ਪਿੰਡ ਭਿੰਡੀ ਔਲਖ ਖੁਰਦ ਤਹਿਸੀਲ ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਇਹ ਕਿ ਮੈਂ ਆਪਣੀ ਕੁੱਲ ਚੁੱਕ ਅਤੇ ਅਚੁੱਕ ਜਾਇਦਾਦ ਤੋਂ ਆਪਣੇ ਲੜਕੇ ਰਣਜੀਤ ਸਿੰਘ ਅਤੇ ਆਪਣੀ ਨੂੰਹ ਅਨਮੋਲਦੀਪ ਕੌਰ ਨੂੰ ਬੇਦਖਲ ਕਰਦਾ ਹਾਂ ।ਇਹ ਕਿ ਅੱਜ ਤੋਂ ਬਾਅਦ ਜੋ ਵੀ ਇਹਨਾ ਨਾਲ ਲੈਣ ਦੇਣ ਕਰੇਗਾ ਉਹ ਖੁਦ ਜੁੰਮੇਵਾਰ ਹੋਵੇਗ ।

ਮੈਂ, ਸਤਨਾਮ ਕੌਰ ਪਤਨੀ ਲੇਟ ਗੁਰਵਿੰਦਰਪਾਲ ਸਿੰਘ, ਵਾਸੀ ਮਕਾਨ ਨੰ: 1517, ਗਲੀ ਨੰ: 2, ਬਾਗ ਰਾਮਾਨੰਦ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਪ੍ਰੇਰਨਾ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ, ਲੜਾਈ- ਝਗੜਾ ਕਰਦੇ ਅਤੇ ਕੋਈ ਗੱਲ ਨਹੀਂ ਸੁਣਦੇ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਕੁੱਲ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਵਾਰ ਦਾ ਉਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

## ਬੇਦਖਲੀ ਨੋਟਿਸ

ਮੈਂ, ਮਿਠਾਈ ਲਾਲ ਪੁੱਤਰ ਸ੍ਰੀ ਦਯਾ ਰਾਮ, ਵਾਸੀ ਮਕਾਨ ਨੰ: 21, ਗਲੀ ਨੰ: 3, ਨਿਊ ਪ੍ਰੀਤ ਨਗਰ, ਭਾਰਤੀ ਕੀ ਬੰਬੀ ਤੁੰਗਪਾਈ, ਬਟਾਲਾ ਰੋਡ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਅੰਜਲੀ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸਰਬਜੀਤ ਕੋਰ ਵਿਧਵਾ ਜਗੀਰ ਸਿੰਘ ਵਾਸੀ ਪਿੰਡ ਵੱਡਾ ਬਹਾਦਰ ਹੁਸੈਣ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਹਰਮਨਪ੍ਰੀਤ ਕੋਰ ਪੁੱਤਰੀ ਜਗੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਮਹਿੰਦਰ ਸਿੰਘ ਪੁੱਤਰ ਲਹੌਰਾ ਸਿੰਘ ਵਾਸੀ ਮੜ੍ਹੀਆਂਵਾਲਾ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਕੁਲਵਿੰਦਰ ਸਿੰਘ ਅਤੇ ਮੇਰੀ ਨੂੰਹ ਜ਼ੋਤੀ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਗੁਰਮੇਲ ਰਾਮ ਪੁੱਤਰ ਗੋਕਲ ਰਾਮ ਵਾਸੀ ਪਿੰਡ ਚੱਕ ਹਾਜੀਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦਿਲਦਾਰ ਸਿੰਘ ਤੇ ਉਸਦੀ ਪਤਨੀ ਬਖਸ਼ੋ ਅਤੇ ਉਸਦੇ ਬੱਚੇ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਪਰਮੋਦ ਸ਼ਰਮਾ ਪਤਨੀ ਓਮ ਪ੍ਰਕਾਸ਼, ਵਾਸੀ ਮਕਾਨ ਨੰ: 331, ਗਲੀ ਸਰਪੰਚ ਪਿਆਰਾ ਸਿੰਘ, ਮੋਹਕਮਪੁਰਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਕਰਨ ਸ਼ਰਮਾ ਤੇ ਇਸ ਦੀ ਪਤਨੀ ਪਾਇਲ ਸ਼ਰਮਾ ਅਤੇ ਲੜਕਾ ਸਾਵਨ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ ਅਤੇ ਮੈਨੂੰ ਤੰਗ-ਪ੍ਰੇਸ਼ਾਨ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਗੀਤਾ ਰਾਣੀ ਪਤਨੀ ਸ੍ਰੀ ਗੁਲਾਬ ਚੰਦ ਵਾਸੀ ਮਕਾਨ ਨੰ: ਡੀ-5/2636, ਗਲੀ ਨੰ: 5, ਦਸਮੇਸ਼ ਨਗਰ, ਕੋਟ ਖਾਲਸਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਹੁਲ ਅਤੇ ਉਸ ਦੀ ਪਤਨੀ ਅਮਨਪ੍ਰੀਤ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਉਨ੍ਹਾਂ ਦੋਵਾਂ ਨੂੰ ਅਤੇ ਉਨ੍ਹਾਂ ਦੀਆਂ ਬੇਟੀਆਂ ਨੂੰ ਆਪਣੀ ਹਰ ਕਿਸਮ ਦੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਵਾਰ ਦਾ ਉਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਸੰਜੀਵ ਸ਼ਰਮਾ ਪੁੱਤਰ ਸ੍ਰੀ ਪਿਆਰਾ ਲਾਲ ਅਤੇ ਕੋਮਲ ਪਤਨੀ ਸੰਜੀਵ ਸ਼ਰਮਾ, ਵਾਸੀ ਮਕਾਨ ਨੰ: 3, ਗਲੀ ਨੰਬਰ 1, ਨੰਗਲੀ ਕਾਲੋਨੀ, ਲੋਹਾਰਕਾ ਰੋਡ, ਗੁਮਟਾਲਾ ਸਬ-ਅਰਬਨ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਕਸ਼ਿਸ਼ ਸ਼ਰਮਾ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਉਸ ਨੇ ਸਾਡੀ ਰਜ਼ਾਮੰਦੀ ਤੋਂ ਬਿਨਾਂ ਸ਼ਾਦੀ ਕਰ ਲਈ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਤੇ ਸਾਡੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਹਰਚਰਨ ਸਿੰਘ ਪੁੱਤਰ ਗੁਰਮੇਜ ਸਿੰਘ, ਵਾਸੀ ਜੱਟਾਂਵਾਲੀ, ਤਹਿ. ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦਾ ਹਾਂ। ਮੇਰਾ ਲੜਕਾ ਗੁਰਜੋਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਮੇਰਾ ਜਾਂ ਮੇਰੇ ਕਿਸੇ ਵੀ ਪਰਵਾਰਕ ਮੈਂਬਰ ਦਾ ਕੋਈ ਸੰਬੰਧ ਨਹੀਂ ਰਿਹਾ। ਇਸ ਦੇ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਨਾਂਅ ਦੀ ਬਦਲੀ

ਮੈਂ, ਸ਼ਰਨਦੀਪ ਕੌਰ, ਪੁੱਤਰੀ ਆਸ਼ੂ, ਵਾਸੀ 91/3 ਨਿਊ ਸੰਤ ਨਗਰ, ਜਲੰਧਰ ਨੇ ਆਪਣਾ ਨਾਮ ਰੋਸ਼ਨੀ ਤੋਂ ਬਦਲ ਕੇ ਸ਼ਰਨਦੀਪ ਕੌਰ ਰੱਖ ਲਿਆ ਹੈ।

ਮੈਂ, ਸੁਨੀਤਾ ਦੇਵੀ ਪਤਨੀ ਗੁਰਦੀਪ ਕੁਮਾਰ ਵਾਸੀ ਮਕਾਨ ਨੰ: 386, ਚੁਗਿੱਟੀ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੈਂ ਆਪਣੀ ਨਾਬਾਲਗ ਲੜਕੀ ਦਾ ਨਾਮ ਪ੍ਰੀਤ ਤੋਂ ਬਦਲ ਕੇ ਪ੍ਰੀਤ ਬੰਗੜ ਰੱਖ ਲਿਆ ਹੈ।

ਮੈਂ, ਸੁਨੀਤਾ ਦੇਵੀ ਪਤਨੀ ਗੁਰਦੀਪ ਕੁਮਾਰ ਵਾਸੀ ਮਕਾਨ ਨੰ: 386, ਚੁਗਿੱਟੀ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੈਂ ਆਪਣੀ ਨਾਬਾਲਗ ਲੜਕੀ ਦਾ ਨਾਮ ਏਲੀਸ਼ਾ ਤੋਂ ਬਦਲ ਕੇ ਏਲੀਸ਼ਾ ਬੰਗੜ ਰੱਖ ਲਿਆ ਹੈ।

## PUBLIC NOTICE

I, Jugraj Singh S/o Veer Singh R/o Village Chandar Bhan, PO. Purana Shalla, Distt. Gurdaspur,Punjab, India, declare that my given name as Jugraj and my surname as Singh.

I, Anita Verma W/o Rajinder Verma R/o 45-L, B-Block, Model House, Jalandhar, Punjab declare that my son Manoj @ Mannu Verma & his wife Monika D/o Surinder Kumar are out of my control. I disinherit them from my movable and immovable properties. I and my family shall not be held responsible for any of their acts deeds and things. All please note.

I, No. 167499F, Petty Officer Harbinder Singh S/o Sh. Late Sohan Lal R/o H. No. E.S. 454, Steet No. 06, Abadpura, Jalandhar declare that the correct date of birth of 17-10-1965 (mentioned name) is. Jasvinder Kaur (Wife) (mentioned correct date of birth) whereas the date of birth of 17-10-1969 (wife), (mentioned name) as recorded in my sevice record is Jasvinder Kaur (mentioned the correct date of birth recodred in sheet Roll) Which is incorrect. (13066)


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਉੱਤਰ ਰੇਲਵੇ

### ਟੈਂਡਰ ਸੂਚਨਾ

ਉਪ ਮੁੱਖ ਇੰਜੀਨੀਅਰ/ਨਿਰਮਾਣ/ਡਬਲਿੰਗ, ਉੱਤਰੀ ਰੇਲਵੇ, ਜੰਮੂ, ਤਵੀ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੇ ਕੰਮ ਦੇ ਲਈ ਇਕ ਪੈਕੇਟ ਸਿਸਟਮ ਦੇ ਤਹਿਤ ਖੁਲੀ ਈ-ਟੈਂਡਰਾ ਮੰਗ ਕਰਦੇ ਹਨ:-

| | |
|---|---|
| 1. | ਕੰਮ ਅਤੇ ਜਗ੍ਹਾਂ ਦਾ ਨਾਮ : ਉਧਮਪੁਰ ਵਿਚ ਸਪੈਸ਼ਲ ਪ੍ਰੋਟੋਕਸ਼ਨ ਫੋਰਸ ਦੇ ਲਈ ਨਵੀ ਰੇਲਵੇ ਬਟਾਲਿਯਨ ਬਣਾਨਾ ਅਤੇ ਬਣਾਨ ਦੇ ਲਈ ਸਿਵਿਲ ਅਤੇ ਦੂਸਰੇ ਕੰਮ ਬਾਕੀ ਹੈ । |
| 2. | ਕੰਮ ਪੂਰਾ ਕਰਨ ਦਾ ਸਮਾਂ : 6 (ਛੇ) ਮਹੀਨੇ । |
| 3. | ਲਗਭਗ । ਕੰਮ ਦੀ ਲਾਗਤ : ਰੁ: 1,84,55,134.73 |
| 4. | ਅਗ੍ਰਿਮ ਧਨ ਜਮਾਂ ਕਰਨ ਦੇ ਲਈ ਘੱਟ ਤੋਂ ਘੱਟ ਧਨ : ਰੁ: 2,42,300/- |
| 5. | ਈ-ਟੈਂਡਰ ਜਮਾਂ ਕਰਨਾ ਅਤੇ ਟੈਂਡਰ ਟੈਂਡਰਾ ਖੁਲਣ ਦੇ ਲਈ ਮਿਤੀ ਅਤੇ ਸਮਾਂ : ਆਈ.ਆਰ.ਈ.ਪੀ.ਐਸ ਵੈੱਬਸਾਈਟ ਯਾਨੀ www.ireps.gov.in ਉਤੇ 17.03.2026 ਦੀ ਮਿਤੀ ਨੂੰ 11:30 ਵਜੇ ਤਕ ਟੈਂਡਰਾ ਅਪਲੋਡ ਕੀਤੀ ਜਾਂ ਸਕਦੀ ਹੈ । ਬੋਲੀ ਦਾਤਾਈਟੈਂਡਰਾ ਵਿਚ ਭਾਗ ਲੈ ਸਕਦੇ ਹਨ। ਜਿਸ ਵਿਚ ਤੋਂ, ਤਕਨੀਕੀ ਸਹਵਾਣਿਜਿਯਕ ਬੋਲੀਆਂ 17.03.2026 ਨੂੰ 11:30 ਵਜੇ ਖੋਲੀ ਜਾਵੇਗੀ । |
| 6. | ਪੂਰੀ ਟੈਂਡਰ ਸੂਚਨਾ ਅਤੇ ਟੈਂਡਰ ਦਸਤਾਵੇਜ : ਪੂਰੀ ਈ-ਟੈਂਡਰ ਸੂਚਨਾ ਉੱਤਰੀ ਰੇਲਵੇ ਵੈੱਬਸਾਈਟ i.e.www.nr.indianrail.gov.in ਉਤੇ ਉਪਲਬਧ ਹੈ ਅਤੇ ਟੈਂਡਰ ਦਸਤਾਵੇਜ www.ireps.gov.in ਉਤੇ ਉਪਬਲਧ ਹੈ । ਉਪਰ ਟੈਂਡਰ ਦਸਤਾਵੇਜ 03.03.2026 ਤੋਂ 17.03.2026 ਤਕ ਆਈਆਰਈਪੀ ਐਸ ਵੈੱਬਸਾਈਟ www.ireps.gov.in ਉਤੇ ਪ੍ਰਸਤਾਵ ਜਮਾਂ ਕਰਨ ਦੇ ਲਈ ਉਪਲਬਧ ਹੋਵੇਗਾ । ਉਪਰੋਕਤ ਟੈਂਡਰਾ ਦੇ ਸਬੰਧ ਵਿਚ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਟੈਂਡਰ ਦਸਤਾਵੇਜ ਵਿਚ ਦਿਤੀ ਗਈ ਹੈ । ਉਪਰੋਕਤ ਦਫਤਰ ਦੇ ਨੋਟਿਸ ਬੋਰਡ ਉਤੇ ਪੂਰੀ ਟੈਂਡਰ ਸੂਚਨਾ ਦੇਖੀ ਜਾਂ ਸਕਦੀ ਹੈ । |

ਨੰ: 6-WDYCECDJAT-25-26 ਮਿਤੀ : 18.02.2026 560/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਖੁਲ੍ਹੀ ਨਿਵਿਦਾ ਸੂਚਨਾ ਪੱਤਰ ਨੰ.:- OP-02-GSU-FZR-2025-26 ਤਾਰੀਕ: 15/02/2026

ਉਪ ਮੁੱਖ ਇੰਜੀਨੀਅਰ/ਜੀ.ਐਸ.ਯੂ., ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 12.03.2026 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਜਗ੍ਹਾ "ਨਿਵਿਦਾ ਸੁਰੱਖਿਆ ਘੋਸ਼ਣਾ ਪੱਤਰ" ਤੈਅ ਫਾਰਮੈਟ ਵਿਚ ਨਿਵਿਦਾ ਦੇ ਨਾਲ ਈ-ਪੋਰਟਲ 'ਤੇ ਨਥੀ ਕਰੇਗਾ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਨਿਵਿਦਾ ਪ੍ਰਣਾਲੀ |
|---|---|---|
| ਖੁਲ੍ਹੀ ਨਿਵਿਦਾ | ਗਤੀ ਸ਼ਕਤੀ ਯੂਨਿਟ | ਦੋ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਨਿਵਿਦਾ ਸ਼ੁਰੂ ਦੀ ਮਿਤੀ | ਨਿਵਿਦਾ ਸਮਾਪਨ ਦੀ ਮਿਤੀ/ਸਮਾਂ |
| 15/02/2026 | 26/02/2026 | 12.03.2026/11:30 |

| ਕ੍ਰਮ | ਨਿਵਿਦਾ ਨੰਬਰ/ਮਿਤੀ | ਨਿਵਿਦਾ ਦਾ ਵੇਰਵਾ | | |
|---|---|---|---|---|
| 1 | OP-02-GSUFZR-2025-26 Dated: 12/03/2026 | ਲੁਧਿਆਣਾ ਆਉਟਪਿਟ ਵਿਚ ਈਐਲਐਸ/ਐਲਡੀਐਚ ਆਧਾਰਿਤ ਇਲੈਕਟ੍ਰਿਕ ਲੋਕੋ ਦੇ ਨਿਰਧਾਰਿਤ/ਅਨਨਿਰਧਾਰਿਤ ਨਿਰੀਖਣ ਦੇ ਲਈ ਬੁਨਿਆਦੀ ਢਾਂਚੇ ਦੀ ਉਸਾਰੀ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਸਮਾਪਨ ਦੀ ਅਵਧੀ | ਆਫਰ ਦੀ ਵੈਲੇਡਿਟੀ |
| | 13,72,70,974.37/- | 8,36,400.00/- | 90 ਦਿਨ | 9 ਮਹੀਨੇ |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। 546/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## PUBLIC NOTICE

In the Court of Adhoc Distt. Judge-I & Addl. Sessions Judge Jalgaon, Distt. Jalgaon (Maharashtra)

M.A.C.P. No. 277/2023 Exh.

Ratnabai Lahu Kavadkar & 2 Ors. Petitioners

Vs.

1. Salvinder Singh Puran Singh & 2 Ors. Respondents

To,

2. Salvinder Singh Puran Singh
R/o. Navan Pind, P.O. Gurdas Nangal, Teh. Gurdaspur, Distt. Gurdaspur-143520

WHEREAS, the above named applicant has made petition to this Court for as per section 166 of the Motor Vehicle Act, 1988, regarding the compensation amount for motor accident damage of Rs.1,00,000/- only to be received.

You are hereby warned to appear in this Court in person or by a Pleader duly instructed on 16.04.2026 at.11.00 a.m. in the forenoon, failing wherein, to show cause/hearing against this petition failing wherein, the said petition will be heard and determined exparte.

Also take notice that in default of your filing an address for service on or before the date mentioned, you are liable to have your defence struck out.

Given under my hand and the seal of the Court this 17th February, 2026

By order,
For Sr. Clerk
Court of Adhoc District Judge - 1&
A.S.J., Jalgaon, Distt. Jalgaon
(Maharashtra)

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਉਪ ਮੁੱਖ ਬਿਜਲੀ ਇੰਜੀਨੀਅਰ/ਜੀਐਸਯੂ ਉਤਰ ਰੇਲਵੇ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ (ਰੁ.) | ਬਿਆਨਾ ਰਾਸ਼ੀ (ਰੁ.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬ ਸਾਈਟ |
|---|---|---|---|---|---|---|
| 27-ਬਿਜਲੀ/ ਜੀਐਸਯੂ-T-04-2026-27 | ਢੰਡਾਰੀ ਕਲਾਂ ਸਥਿਤ ਮਾਲ ਗੋਦਾਮ ਦੇ ਅਪਗ੍ਰੇਡੇਸ਼ਨ/ ਸੁਧਾਰ ਦੇ ਸਬੰਧ ਵਿਚ ਬਿਜਲੀ ਕੰਮ। | 31,54,998.32p | 63,100/- | 12 Months | 12.03.2026 after 15:00 Hrs. | www.ireps.gov.in |

ਖੁਲ੍ਹੀ ਨਿਵਿਦਾ ਸੂਚਨਾ ਸੰਖਿਆ: ਐਨਆਈਟੀ-04/2026-27 ਮਿਤੀ: 18.02.2026 549/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਉਪ ਮੁੱਖ ਇੰਜੀਨੀਅਰ/ਜੀ.ਐਸ.ਯੂ. ਫ਼ਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ 12.03.2026 ਵਕਤ 11:30 ਵਜੇ ਤਕ, www.ireps.gov.in ਉਤੇ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੇ ਮੂਲ / ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ । ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਐਸੇ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ । ਟੈਂਡਰਕਰਤਾ ਟੈਂਡਰ-ਪੱਤਰ ਦੀ ਬਿਆਨਾ ਰਾਸ਼ੀ ਦੀ ਜਗ੍ਹਾਂ ਟੈਂਡਰ ਸੁਰੱਖਿਆ ਘੋਸ਼ਣਾ ਪੱਤਰ ਨਿਰਧਾਰਿਤ ਪ੍ਰਾਰੂਪ ਵਿਚ ਟੈਂਡਰ ਦੇ ਨਾਲ ਈ-ਪੋਰਟਲ ਉਤੇ ਨਥੀ ਕਰੇਗਾ ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਟੈਂਡਰ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਟੈਂਡਰ ਸ਼ੁਰੂ ਹੋਣ ਦੀ ਮਿਤੀ | ਟੈਂਡਰ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
|---|---|---|---|---|---|
| ਖੁਲੀ ਟੈਂਡਰ | ਗਤੀ ਸ਼ਕਤੀ ਯੂਨਿਟ | ਦੋ ਪੈਕੇਟ ਪ੍ਰਣਾਲੀ | 14.02.2026 | 26.02.2026 | 12.03.2026/11:30 |

| ਲ.ਨੰ: | ਟੈਂਡਰ ਨੰ: ਮਿਤੀ | ਟੈਂਡਰ ਦਾ ਵੇਰਵਾ | | | |
|---|---|---|---|---|---|
| 1 | OP-01-GSU-FZR-2025-26 Dt.: 14.02.2026 | ਢੰਢਾਰੀ ਕਲਾਂ ਗੁਡਸ ਸ਼ੇਡ ਦਾ ਉਨਨਯਨ / ਸੁਧਾਰ | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਪੂਰਾ ਕਰਨ ਦਾ ਸਮਾਂ | ਆਫਰ ਦੀ ਵੈਧਤਾ |
| | | 38,32,00,363.87/- | 20,66,000.00/- | 90 ਦਿਨ | 12 ਮਹੀਨੇ |

ਨੋਟ: 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਟੈਂਡਰ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਨਗੇ ।
2. ਹਿੰਦੀ ਵਿਚ ਕਿਸੀ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੇ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗਾ ।

ਟੈਂਡਰ ਸੂਚਨਾ ਪੱਤਰ ਨੰ: OP-01-GSU-FZR-2025-26 Date: 14.02.2026 547/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਸ੍ਰੀ ਰੋਹਿਤ ਭੰਡਾਰੀ, ਸਪੁੱਤਰ ਸ੍ਰੀ ਨਰਿੰਦਰ ਭੰਡਾਰੀ, ਨਿਵਾਸੀ B-7/415, ਗਲੀ ਸੂਰੀਆ ਸਿੰਘ ਵਾਲੀ, ਮੁਹੱਲਾ ਗੁਰੂ ਕਾ ਖੂਹ, ਤਰਨ ਤਾਰਨ ਨੇ ਹਾਊਸਿੰਗ ਲੋਨ ਲਈ ਪੰਜਾਬ ਐਂਡ ਸਿੰਧ ਬੈਂਕ, ਜੀ.ਆਰ.ਡੀ ਮਾਰਗ, ਤਰਨ ਤਾਰਨ ਤੱਕ ਪਹੁੰਚ ਕੀਤੀ ਹੈ। ਉਨ੍ਹਾਂ ਨੇ ਬੈਂਕ ਨੂੰ ਸੂਚਿਤ ਕੀਤਾ ਹੈ ਕਿ ਮਿਤੀ 15-01-2026 ਨੂੰ, ਆਪਣੇ ਘਰ ਤੋਂ ਤਹਿਸੀਲ ਚੌਕ, ਤਰਨ ਤਾਰਨ ਵੱਲ ਜਾਂਦੇ ਸਮੇਂ, ਉਨ੍ਹਾਂ ਦਾ ਪੈਸਿਆਂ ਵਾਲਾ ਬੈਗ ਗੁੰਮ ਹੋ ਗਿਆ ਸੀ, ਜਿਸ ਵਿੱਚ ਇੱਕ ਪਲਾਟ ਦੀ ਅਸਲ ਸੇਲ-ਡੀਡ (ਰਜਿਸਟਰੀ) ਸੀ। ਇਹ ਸੇਲ-ਡੀਡ ਕਰਤਾਰ ਸਿੰਘ ਸਪੁੱਤਰ ਸਾਮੁੰਡ ਸਿੰਘ, ਨਿਵਾਸੀ ਗੁਮਾਨਪੁਰਾ, ਅੰਮ੍ਰਿਤਸਰ ਵੱਲੋਂ ਰਾਜਿੰਦਰ ਸਿੰਘ ਸਪੁੱਤਰ ਸ੍ਰੀ ਕਰਤਾਰ ਸਿੰਘ ਅਤੇ ਸਾਹਿਬ ਸਿੰਘ ਸਪੁੱਤਰ ਸ੍ਰੀ ਪਾਲ ਸਿੰਘ, ਨਿਵਾਸੀ ਤਰਨ ਤਾਰਨ ਦੇ ਹੱਕ ਵਿੱਚ ਕਰਵਾਈ ਗਈ ਸੀ, ਜਿਸਦਾ ਦਸਤਾਵੇਜ਼ ਨੰਬਰ 2018-19/168/1/2235 ਅਤੇ ਮਿਤੀ 27-03-2019 ਹੈ। ਉਕਤ ਸੇਲ-ਡੀਡ ਦੇ ਗੁੰਮ ਹੋਣ ਬਾਰੇ ਰਿਪੋਰਟ ਪਹਿਲਾਂ ਹੀ ਪੁਲਿਸ ਸਟੇਸ਼ਨ ਤਰਨ ਤਾਰਨ ਵਿਖੇ ਜੀ.ਡੀ. ਨੰਬਰ 038 ਮਿਤੀ 13-02-2026 ਰਾਹੀਂ ਦਰਜ ਕਰਵਾਈ ਜਾ ਚੁੱਕੀ ਹੈ। ਹੁਣ, ਇਸ ਜਾਇਦਾਦ ਨੂੰ ਪੰਜਾਬ ਐਂਡ ਸਿੰਧ ਬੈਂਕ, ਜੀ.ਆਰ.ਡੀ ਮਾਰਗ, ਤਰਨ ਤਾਰਨ, ਪੰਜਾਬ ਕੋਲ ਰਹਿਣ (ਗਿਰਵੀ) ਰੱਖਿਆ ਜਾਣਾ ਹੈ। ਜੇਕਰ ਕਿਸੇ ਵੀ ਵਿਅਕਤੀ ਨੂੰ ਉਪਰੋਕਤ ਜਾਇਦਾਦ ਨੂੰ ਰਹਿਣ ਰੱਖਣ ਬਾਰੇ ਕੋਈ ਇਤਰਾਜ਼ ਜਾਂ ਹਿੱਤ ਹੈ, ਜਾਂ ਗੁੰਮ ਹੋਏ ਦੱਸੇ ਗਏ ਉਕਤ ਦਸਤਾਵੇਜ਼ ਬਾਰੇ ਕੋਈ ਦਾਅਵਾ/ਜਾਣਕਾਰੀ ਹੈ, ਤਾਂ ਉਹ 15 ਦਿਨਾਂ ਦੇ ਅੰਦਰ ਹੇਠਾਂ ਦਸਤਖਤ ਕਰਨ ਵਾਲੇ ਅਧਿਕਾਰੀ ਕੋਲ ਪਹੁੰਚ ਕਰ ਸਕਦਾ ਹੈ ਅਤੇ ਆਪਣਾ ਇਤਰਾਜ਼ ਦਰਜ ਕਰਵਾ ਸਕਦਾ ਹੈ।

ਸਹੀ/- ਚੀਫ ਮੈਨੇਜਰ, ਪੰਜਾਬ ਐਂਡ ਸਿੰਧ ਬੈਂਕ,
ਜੀ.ਆਰ.ਡੀ ਮਾਰਗ, ਤਰਨ ਤਾਰਨ

## ਸਟਾਲਾਂ ਦੀ ਬੋਲੀ

ਮਾਤਾ ਸ਼ੀਤਲਾ ਦੇਵੀ ਦੇ ਮੇਲੇ ਦੌਰਾਨ ਪਿੰਡ ਕੁਲਾਣਾ (ਮਾਨਸਾ ) ਵਿਖੇ ਲੱਗਣ ਵਾਲੀਆਂ ਸਟਾਲਾਂ ਦੀ ਖੁੱਲ੍ਹੀ ਬੋਲੀ ਮਿਤੀ 20 ਫਰਵਰੀ 2026 ਦਿਨ ਸ਼ੁੱਕਰਵਾਰ ਨੂੰ ਦੁਪਹਿਰ 10 ਵਜੇ ਡੇਰੇ ਵਾਲੇ ਸ਼ੈੱਡ ਵਿੱਚ ਰੱਖੀ ਗਈ ਹੈ। ਚਾਹਵਾਨ ਸੰਪਰਕ ਕਰਨ। ਬਾਕੀ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਬੀ.ਡੀ.ਪੀ.ਓ. ਬੁਢਲਾਡਾ ਮਨਪ੍ਰੀਤ ਸਿੰਘ ਮੋ. 964668008
ਸਰਪੰਚ ਪੰਮੀ ਕੌਰ, ਗ੍ਰਾਮ ਪੰਚਾਇਤ ਕੁਲਾਣਾ, ਬੁਢਲਾਡਾ (ਮਾਨਸਾ), ਮੋ. 8427248072

## ਈ-ਨਿਲਾਮੀ ਸੂਚਨਾ

ਅੱਗ ਪ੍ਰਭਾਵਿਤ ਲੱਗਭੱਗ 5,824 ਸਪਲਿਟ ਏ ਸੀਜ਼, ਡੀਪ ਫ੍ਰੀਜ਼ਰਜ਼ ਅਤੇ ਚੈਸਟ ਫ੍ਰੀਜ਼ਰਜ਼ (ਐੱਮ ਐੱਸ, ਐਲੂਮੀਨੀਅਮ ਕਾਪਰ) ਜੋ ਕਿ ਮੈਸ. ਗੋਦਰੇਜ ਐਂਡ ਬਾਇਸ ਮੈਨੂੰਫੈਕਚਰਿੰਗ ਕੰਪਨੀ ਲਿਮਟਿਡ ਨਾਲ ਸੰਬੰਧਤ ਹਨ, ਜੋ ਕਿ ਮਾਰਫਤ ਬਿੰਨੀ ਵੇਅਰ ਹਾਊਸਿੰਗ, ਪਿੰਡ ਮਹਿਤਾਬਗੜ੍ਹ, ਰਾਜਪੁਰਾ, ਜ਼ਿਲ੍ਹਾ ਪਟਿਆਲਾ ਕੋਲ ਪਏ ਹਨ, ਨੂੰ ਪ੍ਰਤੀ ਐੱਮ ਟੀ ਅਧਾਰ 'ਤੇ 'ਜਿਵੇਂ ਹੈ ਜਿੱਥੇ ਹੈ' ਦੇ ਆਧਾਰ 'ਤੇ ਵੇਚਿਆ ਜਾਵੇਗਾ, ਦੇ ਨਿਪਟਾਰੇ ਲਈ ਈ ਨਿਲਾਮੀ ਫਾਰਮ ਮੰਗੇ ਜਾਂਦੇ ਹਨ। ਸੰਪਰਕ ਵਿਅਕਤੀ : ਸ੍ਰੀ ਰਾਹੁਲ ਕਪਾਨੀ, ਮੋਬਾਈਲ : 98554-45577. ਉਕਤ ਸਮਾਨ ਦਾ ਅਗਾਊਂ ਆਗਿਆ ਲੈ ਕੇ 26.02.2026 ਨੂੰ ਨਿਰੀਖਣ ਕੀਤਾ ਜਾ ਸਕਦਾ ਹੈ। ਈ-ਨਿਲਾਮੀ ਦੀ ਮਿਤੀ 27.02.2026 ਨੂੰ 02 ਵਜੇ ਤੋਂ ਹੈ। ਈ-ਨਿਲਾਮੀ ਫਾਰਮ ਸਮੇਤ ਰਕਮ ਬਿਆਨਾ ਜਮ੍ਹਾਂ (ਈ ਐੱਮ ਡੀ) 26.02.2026 ਸ਼ਾਮ ਦੇ 6 ਵਜੇ ਤੱਕ ਨਿਲਾਮੀ ਦੇ ਪਤੇ 'ਤੇ ਜਮ੍ਹਾਂ ਕਰਵਾਉਣੀ ਹੋਵੇਗੀ। ਈ-ਨਿਲਾਮੀ ਪੋਰਟਲ www.thesalvagebids.com 'ਤੇ ਆਪਣੇ-ਆਪ ਨੂੰ ਰਜਿਸਟਰ ਕਰਵਾਉਣ। ਹੋਰ ਕਿਸੇ ਪੁੱਛਗਿੱਛ ਲਈ ਕਿਰਪਾ ਸੰਪਰਕ ਕਰੋ :- ਸ੍ਰੀ ਸੰਦੀਪ ਸ਼ਰਮਾ : 98119-90540, ਸ੍ਰੀ ਵਿਸ਼ਾਲ ਸਿੰਘ : 98119-90213

ਦਾ ਸਾਲਵੇਜ ਬਿਡਜ਼
ਐੱਚ 2, ਦਫ਼ਤਰ ਨੰ: 303, ਤੀਜੀ ਮੰਜ਼ਲ, ਅੱਪਰਾ ਨਾਰਥੈਕਸ ਪਲਾਜ਼ਾ, ਨੇਤਾ ਜੀ ਸੁਭਾਸ਼ ਪਲੇਸ, ਦਿੱਲੀ-34

## NOTICE

(U/o 5 Rule 20 CPC)
In The Court Of
Parminder Kaur Bains
Civil Judge (Senior Division), Amritsar
CNR No. PBAS02-001283-2025
Next Date: 23-04-2026

State Bank of India Having its Corporate Centre at Madam Cama Road, Nariman Point, Mumbai, Oine Of its Local Head Office at Chandigarh and Having branches at different places including one situated at AMCC Town Hall, Amritsar, Through its Manager Sh. Raman Kumar

Vs

Pooja D/o Jasbir Singh, R/o New Abadi, Gali No. 5, Beas District Amritsar

Suit For Recovery Of Rs. 72,840.97

Publication Issued To:
Pooja
Father : - Jasbir Singh, New Abadi, Gali No. 3, Beas District, Amritsar

In above titled case, the defendant(s)/respondent(s) could not be served. It is ordered that defendant(s) respondent (s) should appear in person or through counsel on 23-04-2026 at 10:00 am

For details logon to https://highcourtchd.gov.in/?trs=district_notice&district=Amritsar

Civil Judge (Senior Division)
Amritsar
Dated, this day of 17-02-2026

## CPURT NOTICE

(U/o 5 Rule 20 CPC)
In The Court of Ms. Khyati Goyal
Civil Judge Jr. Divn-2, Amloh (P)
CS/507/2025
CNR No. PBFGA0-000688-2025
Next Date:- 25-3-26

SARABJIT SINGH
Vs.
SHINGARA SINGH

Publication Issued To:
Urmila Rani
W/o Tonny R/o Bhadson, Sandhu Colony, Near Purana Patwarkhana, Teh. Nabha, Distt. Patiala

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 25-3-2026 at 10:00 a.m.

For details logon to https://highcourtchd.gov.in/?mod=district_notice&district=mogacourt

Civil Judge Jr Divn-2 Amloh (P)
Dated, this day of 12-02-2026

## NOTICE

(U/o 5 Rule 20 CPC)
In The Court of Sh. Sumit Bhalla
Additional Principal Judge Family Court, Camp Court Batala
CNR No. PBGDF2-000562-2024
Next Date: 20-05-2026
MNT125/102/2024

Baljit Kaur Wife of Vikramjeet Singh Daughter of Late Ajit Singh R/O Bauli Inderjit, Gurdwara Wali Gali, Batala

Vs

Vikramjit Singh Son Of Gurmeet Singh Son of S. Balkar Singh R/o H.No. 519, 66 Feet Road, Vpo Mithapur, Jalandhar II Jalandhar, Having Whatsapp No. 62390-05740

Publication Issued To:
Vikramjit Singh Son of Gurmeet Singh Son of S. Balkar Singh R/O H.No.519, 66 Feet Road, VPO Mithapur, Jalandhar II Jalandhar, Having Whatsapp No. 62390-05740

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel 20-05-2026 at 10:00 a.m.

For details logon to https://highcourtchd.gov.in/?trs=district_notice&district=Gurdaspur

Additional Principal Judge Family Court, Batala, Gurdaspur
Dated, this day of 11-02-2026

# ਨਕਲੀ ਪੁਲਸ ਬਣ ਕੇ ਲੁੱਟ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਕਾਬੂ, 3 ਬਾਇਕ ਤੇ 8 ਫ਼ੋਨ ਬਰਾਮਦ

**ਜਲੰਧਰ, (ਸੁਰਿੰਦਰ ਕੁਮਾਰ)**

ਜਲੰਧਰ ਵਿੱਚ ਅਪਰਾਧ ਇਸ ਕਦਰ ਵਧ ਗਿਆ ਹੈ ਕਿ ਅਪਰਾਧੀ ਹੁਣ ਨਕਲੀ ਪੁਲਿਸ ਬਣ ਕੇ ਲੁੱਟ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਇਸ ਮਾਮਲੇ ਵਿੱਚ ਨਵੀਂ ਬਾਰਾਦਰੀ ਪੁਲਸ ਨੇ ਫਰਜ਼ੀ ਪੁਲਸ ਗੈਂਗ ਦੇ 4 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਕੋਲੋਂ 8 ਫੋਨ, 3 ਬਾਈਕ ਤੇ ਇੱਕ ਤੇਜ਼ਧਾਰ ਹਥਿਆਰ (ਦਾਤਰ) ਬਰਾਮਦ ਕੀਤਾ ਗਿਆ ਹੈ। ਮੁਲਜ਼ਮਾਂ ਦੀ ਪਛਾਣ ਕਰਨਵੀਰ ਸਿੰਘ ਉਰਫ਼ ਕਰਨ, ਸਬਰਜੀਤ ਸਿੰਘ ਉਰਫ਼ ਸ਼ੈਂਟੀ, ਅਮਨਪਾਲ ਸਿੰਘ ਉਰਫ਼ ਰਿੰਕੂ ਅਤੇ ਮਨਪ੍ਰੀਤ ਸਿੰਘ ਉਰਫ਼ ਮੰਤਰ ਵਜੋਂ ਹੋਈ ਹੈ।ਮਾਮਲੇ ਦੀ ਜਾਂਚ ਕਰ ਰਹੇ ਪੁਲਿਸ ਅਧਿਕਾਰੀ ਨੇ ਦੱਸਿਆ ਕਿ 13 ਜਨਵਰੀ ਦੀ ਰਾਤ ਨੂੰ ਪੌਣੇ ਇੱਕ ਵਜੇ ਰਾਜ ਕੁਮਾਰ ਸ਼ਰਮਾ ਤੇ ਉਸ ਦਾ ਦੋਸਤ ਮਨਪ੍ਰੀਤ ਦਿੱਲੀ ਤੋਂ ਰੇਲ ਗੱਡੀ ਰਾਹੀਂ ਸਿਟੀ ਰੇਲਵੇ ਸਟੇਸ਼ਨ ਆਏ ਸਨ। ਸਟੇਸ਼ਨ ਤੋਂ ਉਹ ਬੱਸ ਸਟੈਂਡ ਲਈ ਪੈਦਲ ਚੱਲ ਪਏ। ਜਦੋਂ ਉਹ ਲਾਡੋਵਾਲੀ ਰੋਡ ’ਤੇ ਪਹੁੰਚੇ ਤਾਂ ਬਾਈਕ ਸਵਾਰ ਤਿੰਨ ਨੌਜਵਾਨ ਆਏ, ਜਿਨ੍ਹਾਂ ਵਿੱਚੋਂ 2 ਨੇ ਖਾਕੀ ਪੱਗ ਬੰਨ੍ਹੀ ਹੋਈ ਸੀ ਤੇ ਪੁਲਿਸ ਵਾਲੇ ਬੂਟ ਪਾਏ ਹੋਏ ਸਨ।ਇਨ੍ਹਾਂ ਤਿੰਨਾਂ ਨੇ ਪੁਲਿਸ ਵਾਲੇ ਬਣ ਕੇ ਦੋਵਾਂ ਕੋਲੋਂ ਦੇਰ ਰਾਤ ਘੁੰਮਣ ਦਾ ਕਾਰਨ ਪੁੱਛਿਆ। ਇਸ ਤੋਂ ਬਾਅਦ ਉਨ੍ਹਾਂ ਨੇ ਖੁਦ ਨੂੰ ਪੁਲਸ ਮੁਲਾਜ਼ਮ ਦੱਸ ਕੇ ਰੋਅਬ ਝਾੜਿਆ ਅਤੇ ਡਰਾ-ਧਮਕਾ ਕੇ 9660 ਰੁਪਏ ਤੇ ਆਈਫੋਨ ਲੈ ਕੇ ਫਰਾਰ ਹੋ ਗਏ।ਪੀੜਤ ਦੀ ਸ਼ਿਕਾਇਤ ’ਤੇ ਪੁਲਿਸ ਨੇ ਇਲਾਕੇ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਕੀਤੀ ਤਾਂ ਮੁਲਜ਼ਮ ਨਜ਼ਰ ਆ ਗਏ। ਉਨ੍ਹਾਂ ਦੇ ਬਾਈਕ ’ਤੇ ਨੰਬਰ ਪਲੇਟ ਨਹੀਂ ਸੀ। ਪੁਲਸ ਇਨ੍ਹਾਂ ਦੀ ਤਲਾਸ਼ ਵਿੱਚ ਮੁਸਤੈਦ ਸੀ ਕਿ ਮੁਲਜ਼ਮ ਮੁੜ ਵਾਰਦਾਤ ਕਰਨ ਦੀ ਫਿਰਾਕ ਵਿੱਚ ਆਏ, ਪਰ ਇਸ ਵਾਰ ਅਸਲੀ ਪੁਲਸ ਦੇ ਹੱਥੇ ਚੜ੍ਹ ਗਏ।ਪੁਲਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਕਰਨ ਅਤੇ ਅਮਨਪਾਲ ਥਾਣੇਦਾਰਾਂ ਵਾਲੇ ਬੂਟ ਤੇ ਪੱਗ ਬੰਨ੍ਹ ਕੇ ਉੱਪਰੋਂ ਜੈਕਟ ਪਾ ਲੈਂਦੇ ਸਨ ਤੇ ਸਰਬਜੀਤ ਸਾਦੇ ਕੱਪੜਿਆਂ ਵਿੱਚ ਹੁੰਦਾ ਸੀ। ਮੁਲਜ਼ਮ ਪਹਿਲਾਂ ਘੁੰਮ-ਫਿਰ ਕੇ ਐਨਕਾਂ ਵੇਚਦੇ ਸਨ, ਪਰ ਬਾਅਦ ਵਿੱਚ ਨਸ਼ੇ ਦੇ ਆਦੀ ਹੋ ਗਏ। ਨਸ਼ੇ ਲਈ ਪੈਸੇ ਨਾ ਹੋਣ ਕਾਰਨ ਉਨ੍ਹਾਂ ਨੇ 2 ਮਹੀਨੇ ਪਹਿਲਾਂ ਇਹ ਗੈਂਗ ਬਣਾ ਲਿਆ ਸੀ।ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਮੰਨਿਆ ਕਿ ਉਹ ਪਿਛਲੇ ਦੋ ਮਹੀਨਿਆਂ ਤੋਂ ਵਾਰਦਾਤਾਂ ਕਰ ਰਹੇ ਸਨ। ਉਨ੍ਹਾਂ ਨੇ ਇੱਕ ਮਜ਼ਦੂਰ ਨੂੰ ਡਰਾ ਕੇ ਉਸ ਦਾ ਬਾਈਕ ਵੀ ਖੋਹ ਲਿਆ ਸੀ। ਫਿਲਹਾਲ ਪੁਲਸ ਇਨ੍ਹਾਂ ਦੇ ਹੋਰ ਸੰਪਰਕਾਂ ਦੀ ਜਾਂਚ ਕਰ ਰਹੀ ਹੈ ਤੇ ਨਸ਼ੇ ਦੇ ਮਾਮਲੇ ਵਿੱਚ ਵੀ ਕਾਰਵਾਈ ਕੀਤੀ ਜਾ ਰਹੀ ਹੈ।

# ਨਿੱਜੀਕਰਨ ਤੇ ਜੀ ਰਾਮ ਜੀ ਕਾਨੂੰਨ ਖਿਲਾਫ 22 ਦੇ ਸਾਂਝੇ ਧਰਨਿਆਂ ਲਈ ਖੇਤ ਮਜ਼ਦੂਰਾਂ ਮੁਹਿੰਮ ਵਿੱਢੀ

**ਚੰਡੀਗੜ੍ਹ (ਗਿਆਨ ਸੈਦਪੁਰੀ)**

ਪੰਜਾਬ ਦੀਆਂ ਦਰਜਨਾਂ ਮਜ਼ਦੂਰ ਕਿਸਾਨ ਮੁਲਾਜ਼ਮ ਤੇ ਠੇਕਾ ਕਾਮਿਆਂ ਦੀਆਂ ਜਥੇਬੰਦੀਆਂ ਵੱਲੋਂ 22 ਫਰਵਰੀ ਨੂੰ ਪੰਜਾਬ ਭਰ ’ਚ ਭਾਜਪਾ ਤੇ ਆਪ ਆਗੂਆਂ ਦੇ ਘਰਾਂ ਅੱਗੇ ਦਿੱਤੇ ਜਾ ਰਹੇ ਧਰਨਿਆਂ ’ਚ ਖੇਤ ਮਜ਼ਦੂਰਾਂ ਦੀ ਭਰਵੀਂ ਸ਼ਮੂਲੀਅਤ ਕਰਾਉਣ ਲਈ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ , ਮੋਗਾ , ਬਠਿੰਡਾ, ਸੰਗਰੂਰ, ਜਲੰਧਰ ਤੇ ਬਰਨਾਲਾ ਦੇ ਪਿੰਡਾਂ ’ਚ ਕੀਤੀਆਂ ਜਾ ਰਹੀਆਂ ਜਨਤਕ ਮੀਟਿੰਗਾਂ ਨੂੰ ਮਜ਼ਦੂਰ ਵਰਗ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਹ ਜਾਣਕਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ, ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਤੇ ਵਿੱਤ ਸਕੱਤਰ ਹਰਮੇਸ਼ ਮਾਲੜੀ ਵੱਲੋਂ ਜਾਰੀ ਕੀਤੇ ਬਿਆਨ ਰਾਹੀਂ ਦਿੱਤੀ ਗਈ। ਉਹਨਾਂ ਦੱਸਿਆ ਕਿ 22 ਫਰਵਰੀ ਦੇ ਧਰਨੇ ਕੇਂਦਰ ਦੀ ਮੋਦੀ ਹਕੂਮਤ ਤੇ ਪੰਜਾਬ ਦੀ ਆਪ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਨਿੱਜੀਕਰਨ,ਪੰਚਾਇਤੀਕਰਨ ਦੀਆਂ ਨੀਤੀਆਂ ਰੱਦ ਕਰਨ, ਮਨਰੇਗਾ ਦੀ ਥਾਂ ਲਿਆਂਦੇ ਜੀ ਰਾਮ ਜੀ ਕਾਨੂੰਨ ਨੂੰ ਰੱਦ ਕਰਕੇ ਮਨਰੇਗਾ ਨੂੰ ਬਹਾਲ ਕਰਨ , ਬਿਜਲੀ ਸੋਧ ਬਿੱਲ 2025 , ਮਜ਼ਦੂਰ ਵਿਰੋਧੀ ਲੇਬਰ ਕੋਡ ਅਤੇ ਦੇਸ਼ ਵਿਰੋਧੀ ਭਾਰਤ ਅਮਰੀਕਾ ਮੁਕਤ ਵਪਾਰ ਸਮਝੌਤਾ ਰੱਦ ਕਰਨ ਵਰਗੀਆਂ ਮੰਗਾਂ ਨੂੰ ਲੈ ਕੇ ਦਿੱਤੇ ਜਾਣਗੇ । ਵੱਖ ਵੱਖ ਥਾਵਾਂ ’ਤੇ ਜੁੜੇ ਇਕੱਠਾਂ ਨੂੰ ਮਜ਼ਦੂਰ ਆਗੂ ਮੇਜਰ ਸਿੰਘ ਕਾਲੇਕੇ, ਗੁਰਪਾਲ ਸਿੰਘ ਨੰਗਲ ਤੇ ਹਰਭਗਵਾਨ ਸਿੰਘ ਮੂਣਕ ਤੋਂ ਇਲਾਵਾ ਸਥਾਨਕ ਆਗੂਆਂ ਨੇ ਸੰਬੋਧਨ ਕੀਤਾ। ਖੇਤ ਮਜ਼ਦੂਰ ਆਗੂਆਂ ਨੇ ਦੋਸ਼ ਲਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਲਗਾਤਾਰ ਮਜ਼ਦੂਰ ਕਿਸਾਨ ਤੇ ਮੁਲਾਜ਼ਮ ਵਿਰੋਧੀ ਨੀਤੀਆਂ ਲਾਗੂ ਕਰ ਰਹੀਆਂ ਹਨ ਅਤੇ ਇਹਨਾਂ ਨੀਤੀਆਂ ਦਾ ਵਿਰੋਧ ਕਰਦੇ ਕਿਰਤੀ ਲੋਕਾਂ ’ਤੇ ਜ਼ੁਲਮ ਢਾਹ ਰਹੀਆਂ ਹਨ। ਉਹਨਾਂ ਆਖਿਆ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਜੀ ਰਾਮ ਜੀ ਕਾਨੂੰਨ ਤਹਿਤ ਮਜ਼ਦੂਰਾਂ ਨੂੰ 125 ਦਿਨ ਕੰਮ ਦੇਣ ਦੇ ਫਰੇਬੀ ਐਲਾਨਾਂ ਰਾਹੀਂ ਮਜ਼ਦੂਰਾਂ ਨੂੰ ਮਨਰੇਗਾ ’ਚ ਮਿਲਦਾ ਨਾਂਮਾਤਰ ਰੁਜ਼ਗਾਰ ਵੀ ਖੋਹਣ ’ਤੇ ਉਤਰ ਆਈ ਹੈ ਤੇ ਬਿਜਲੀ ਦੇ ਮੁਕੰਮਲ ਨਿੱਜੀਕਰਨ ਰਾਹੀਂ ਕਿਰਤੀ ਲੋਕਾਂ ਤੋਂ ਬਿਜਲੀ ਖੋਹ ਕੇ ਉਹਨਾਂ ਦੇ ਘਰਾਂ ’ਚ ਹਨੇਰਾ ਕਰਨ ਦੀ ਸਾਜ਼ਿਸ਼ ਕਰ ਰਹੀ ਹੈ। ਬੁਲਾਰਿਆਂ ਨੇ ਭਾਜਪਾ ਦੇ ਰਾਜ ’ਚ ਦਲਿਤ ਵਰਗ ਉੱਤੇ ਜ਼ਬਰ ਦੀਆਂ ਘਟਨਾਵਾਂ ’ਚ ਤੇਜ਼ੀ ਨਾਲ ਵਧਣ ਦੇ ਦੋਸ਼ ਲਾਉਂਦਿਆਂ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਉਹ ਭਾਜਪਾ ਤੇ ਆਪ ਸਮੇਤ ਸਭਨਾਂ ਮੌਕਾਪ੍ਰਸਤ ਸਿਆਸੀ ਪਾਰਟੀਆਂ ਤੋਂ ਭਲੇ ਦੀ ਝਾਕ ਛੱਡ ਕੇ ਆਪਣੀ ਜਥੇਬੰਦਕ ਤਾਕਤ ਨੂੰ ਮਜ਼ਬੂਤ ਕਰਨ ਤੇ ਹਕੂਮਤੀ ਨੀਤੀਆਂ ਦੀ ਮਾਰ ਸਹਿੰਦੇ ਸਭਨਾਂ ਕਿਰਤੀ ਕਮਾਊ ਲੋਕਾਂ ਨਾਲ ਸੰਘਰਸ਼ੀ ਸਾਂਝ ਵਿਕਸਤ ਕਰਦੇ ਹੋਏ 22 ਫਰਵਰੀ ਦੇ ਧਰਨਿਆਂ ’ਚ ਪਰਵਾਰਾਂ ਸਮੇਤ ਸ਼ਾਮਲ ਹੋਣ।

# ਫੁੱਟਬਾਲ ਟੂਰਨਾਮੈਂਟ ’ਚ ਹੁਸ਼ਿਆਰਪੁਰ ਨੇ ਜਿੱਤਿਆ ਸੋਨੇ ਦਾ ਤਮਗਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਲੁਧਿਆਣਾ ਵਿੱਚ ਆਯੋਜਿਤ 45ਵੇਂ ਅੰਤਰ ਜ਼ਿਲ੍ਹਾ ਪ੍ਰਾਇਮਰੀ ਫੁੱਟਬਾਲ ਟੂਰਨਾਮੈਂਟ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੀ ਕੁੜੀਆਂ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ ਜਿੱਤ ਕੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ। ਇਸ ਮਹਾਨ ਉਪਲਬਧੀ ’ਤੇ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਖਿਡਾਰੀਆਂ ਨੂੰ ਆਪਣੇ ਨਿਵਾਸ ਸਥਾਨ ’ਤੇ ਸੱਦਾ ਦੇ ਕੇ ਗਰਮਜੋਸ਼ੀ ਨਾਲ ਸਵਾਗਤ ਕੀਤਾ, ਸਨਮਾਨਤ ਕੀਤਾ ਤੇ ਉਨ੍ਹਾਂ ਨੂੰ ਚਮਕਦਾਰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਆਪਣੀ ਪੂਰੀ ਸਵੇਰ ਇਹਨਾਂ ਚੈਂਪੀਅਨ ਬੱਚਿਆਂ ਨਾਲ ਬਿਤਾਈ। ਜਿੱਤ ਦੀ ਖੁਸ਼ੀ ਮਨਾਉਂਦਿਆਂ ਉਨ੍ਹਾਂ ਵੱਲੋਂ ਬੱਚਿਆਂ ਨੂੰ ਵਿਸ਼ੇਸ਼ ਬ੍ਰੇਕਫਾਸਟ ਟ੍ਰੀਟ ਦਿੱਤੀ ਗਈ। ਉਨ੍ਹਾਂ ਬੱਚਿਆਂ ਨੂੰ ਮਿਹਨਤ, ਅਨੁਸ਼ਾਸਨ ਤੇ ਖੇਡ ਭਾਵਨਾ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ। ਖਿਡਾਰੀਆਂ ਨੇ ਵੀ ਵਿਧਾਇਕ ਨਾਲ ਸਮਾਂ ਬਿਤਾ ਕੇ ਨਵਾਂ ਉਤਸ਼ਾਹ ਤੇ ਜੋਸ਼ ਮਹਿਸੂਸ ਕੀਤਾ। ਵਿਧਾਇਕ ਨੇ ਕਿਹਾ ਕਿ ਬੱਚਿਆਂ ਨਾਲ ਸਮਾਂ ਬਿਤਾ ਕੇ ਉਨ੍ਹਾਂ ਨੂੰ ਵੀ ਸਕਾਰਾਤਮਕ ਊਰਜਾ ਪ੍ਰਾਪਤ ਹੋਈ। ਉਨ੍ਹਾਂ ਕਿਹਾ ਕਿ ਰਾਜ ਪੱਧਰੀ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤਣਾ ਪੂਰੇ ਜ਼ਿਲ੍ਹੇ ਲਈ ਮਾਣ ਦੀ ਗੱਲ ਹੈ। ਇਸ ਉਪਲਬਧੀ ਲਈ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ, ਖੇਡ ਵਿਭਾਗ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਵਧਾਈ ਦਿੱਤੀ।ਵਿਧਾਇਕ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਯਤਨਾਂ ਨਾਲ ਪੰਜਾਬ ਵਿੱਚ ਖੇਡ ਗਤੀਵਿਧੀਆਂ ਨੂੰ ਨਵੀਂ ਰਫ਼ਤਾਰ ਮਿਲੀ ਹੈ, ਖਾਸ ਕਰਕੇ ਕੁੜੀਆਂ ਦੀ ਭਾਗੀਦਾਰੀ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ। ਉਨ੍ਹਾਂ ਜਾਣਕਾਰੀ ਦਿੱਤੀ



ਕਿ ਹਲਕਾ ਚੱਬੇਵਾਲ ਦੇ ਵੱਖ-ਵੱਖ ਪਿੰਡਾਂ ਵਿੱਚ 9 ਕਰੋੜ ਰੁਪਏ ਤੋਂ ਵੱਧ ਦੀ ਗ੍ਰਾਂਟ ਖੇਡ ਮੈਦਾਨਾਂ ਅਤੇ ਸਟੇਡੀਅਮਾਂ ਲਈ ਜਾਰੀ ਕੀਤੀ ਗਈ ਹੈ। ਜ਼ਿਲ੍ਹਾ ਸਿੱਖਿਆ ਅਫਸਰ ਹਰਜਿੰਦਰ ਕੌਰ ਨੇ ਵੀ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਉਨ੍ਹਾਂ ਦੀ ਮਿਹਨਤ, ਕੋਚਾਂ ਦੇ ਮਾਰਗਦਰਸ਼ਨ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ। ਇਸ ਮੌਕੇ ’ਤੇ ਜ਼ਿਲ੍ਹਾ ਕੋਆਰਡੀਨੇਟਰ ਸਤੀਸ਼ ਕੁਮਾਰ, ਜ਼ਿਲ੍ਹਾ ਕੋਆਰਡੀਨੇਟਰ ਰਜਨੀਸ਼ ਕੁਮਾਰ ਗੁਲਿਆਨੀ, ਸੈਂਟਰ ਹੈੱਡ ਟੀਚਰ ਸੰਗੀਤਾ, ਪ੍ਰਵੀਨ ਕੁਮਾਰ, ਮੁਨੀਤ ਖੰਨਾ, ਕਰਨੈਲ ਸਿੰਘ, ਰਜਨੀ ਤੇ ਹੋਰ ਪਤਵੰਤੇ ਵਿਅਕਤੀ ਮੌਜੂਦ ਸਨ।

# ਅਧਿਆਪਕ ਜਥੇਬੰਦੀਆਂ ਵੱਲੋਂ 22 ਦੇ ਟੈੱਟ ਵਿਰੋਧੀ ਰੋਸ ਪ੍ਰਦਰਸ਼ਨ ਦੀ ਤਿਆਰੀ ਮੀਟਿੰਗ



**ਜਲੰਧਰ (ਰਾਜੇਸ਼ ਥਾਪਾ)**

ਜ਼ਿਲ੍ਹਾ ਜਲੰਧਰ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਜ਼ਿਲ੍ਹਾ ਕਨਵੀਨਰ ਸੁਰਿੰਦਰ ਕੁਮਾਰ ਪੁਆਰੀ, ਨਵਪ੍ਰੀਤ ਸਿੰਘ ਬੱਲੀ, ਕਰਨੈਲ ਫਿਲੌਰ ਤੇ ਤਰਸੇਮ ਲਾਲ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਸਮੂਹ ਜਥੇਬੰਦੀਆਂ ਦੇ ਆਗੂਆਂ ਨੇ ਸਰਕਾਰ ਵੱਲੋਂ ਸੁਪਰੀਮ ਕੋਰਟ ਦੇ ਫੈਸਲੇ ਦੀ ਆੜ ਹੇਠ ਸਰਕਾਰੀ ਸੇਵਾ ਵਿੱਚ ਰਹਿਣ ਅਤੇ ਪ੍ਰਮੋਸ਼ਨਾਂ ਲਈ ਜਬਰੀ ਲੈ ਜਾ ਰਹੇ ਟੈੱਟ ਦੇ ਫੈਸਲੇ ਨੂੰ ਅਧਿਆਪਕ ਤੇ ਲੋਕ ਮਾਰੂ ਫੈਸਲਾ ਦੱਸਿਆ।ਇਸ ਮੀਟਿੰਗ ਵਿੱਚ ਉਪਰੋਤਕ ਆਗੂਆਂ ਤੋਂ ਇਲਾਵਾ ਸੁਖਵਿੰਦਰ ਸਿੰਘ ਮੱਕੜ, ਗੁਰਦੀਪ ਸਿੰਘ, ਬਲਵੰਤ ਸਿੰਘ, ਸੁਖਚਰਨ ਕੁਮਾਰ, ਗੌਰਵ ਕੁਮਾਰ, ਸੰਦੀਪ ਕੰਬੋਜ, ਵਿਜੇ ਕੁਮਾਰ, ਰਿਸ਼ੀ ਕੁਮਾਰ, ਵਿਨੋਦ ਭੱਟੀ, ਜਸਪਾਲ, ਕਮਲਦੀਪ ਸਿੰਘ, ਮੰਗਲ ਸਿੰਘ, ਵਿਜੇ ਚੌਲਾਂਗ ਮੁਲਖਰਾਜ, ਗੁਰਪ੍ਰੀਤ ਸਿੰਘ ਪਰਮਾਰ ਜੈ ਪ੍ਰਕਾਸ਼ ਸਿੰਘ ਆਦਿ ਆਗੂਆਂ ਨੇ ਅਧਿਆਪਕ ਵਰਗ ਤੇ ਜਬਰੀ ਥੋਪੇ ਜਾ ਰਹੇ ਟੈੱਟ ਦਾ ਹਿੱਸਾ ਬਣਨ ਦੀ ਬਜਾਏ, ਟੈੱਟ ਨੂੰ ਰੋਕਣ ਲਈ 22 ਫਰਵਰੀ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤੇ ਜਾ ਰਹੇ ਮਹਾਂ ਰੋਸ ਪ੍ਰਦਰਸ਼ਨ ਵਿੱਚ ਸ਼ਾਮਿਲ ਹੋ ਕੇ ਸੰਘਰਸ਼ ਦਾ ਹਿੱਸਾ ਬਣਨ ਦੀ ਅਪੀਲ ਕੀਤੀ।

# ਵਿਦਿਆਰਥੀਆਂ ਨੇ ਜੇ ਈ ਈ ਮੇਨਜ਼-1 ਪ੍ਰੀਖਿਆ ’ਚ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)**

ਤਨਿਸ਼ ਸ਼ਰਮਾ ਦਾ ਐੱਨ ਟੀ ਏ ਸਕੋਰ 99.865ਇਨੋਸੈਂਟ ਹਾਰਟਸ, ਗ੍ਰੀਨ ਮਾਡਲ ਟਾਊਨ ਦੇ ਵਿਦਿਆਰਥੀਆਂ ਨੇ ਨੈਸ਼ਨਲ ਟੈਸਟਿੰਗ ਏਜੰਸੀ ਦੁਆਰਾ ਆਯੋਜਿਤ ਜੇ ਈ ਈ ਮੇਨਜ਼-1 2026 ਪ੍ਰੀਖਿਆ ਵਿੱਚ ਸ਼ਾਨਦਾਰ ਐਨਟੀਏ ਸਕੋਰ ਪ੍ਰਾਪਤ ਕੀਤੇ। ਤਨਿਸ਼ ਸ਼ਰਮਾ ਨੇ 99.865, ਭਾਵਿਕ ਜੈਨ ਨੇ 99.63, ਤੇ ਹਰਗਮ ਸਿੰਘ ਪਸਰੀਚਾ ਨੇ 99.4 ਦਾ ਐਨਟੀਏ ਸਕੋਰ ਪ੍ਰਾਪਤ ਕੀਤਾ, ਜਿਸ ਨਾਲ ਸਕੂਲ ਦਾ ਮਾਣ ਵਧਿਆ। ਨਮਿਸ਼ ਅਰੋੜਾ ਨੇ 98.90, ਸਾਨਿਆ 98.04, ਮਾਨਿਆ 97.7, ਇਕਬਾਲ ਸਿੰਘ ਕੰਗ 95.4 ਤੇ ਪ੍ਰਣਵ ਜੈਨ 95.2 ਅੰਕ ਪ੍ਰਾਪਤ ਕਰਕੇ ਜੇ ਈ ਈ ਫਾਈਨਲ ਵਿੱਚ ਆਪਣਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ’ਤੇ ਇਨੋਸੈਂਟ ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੂੰ ਉਨ੍ਹਾਂ ਦੀ ਸ਼ਾਨਦਾਰ ਸਫਲਤਾ ’ਤੇ ਵਧਾਈ ਦਿੱਤੀ। ਪ੍ਰਿੰਸੀਪਲ ਰਾਜੀਵ ਪਾਲੀਵਾਲ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ




# ਡੇਰਾ ਰਾਮ ਝਾੜੀ ਵਿਖੇ ਸੰਤ ਸਮਾਗਮ ਕਰਵਾਇਆ



**ਪੋਜੇਵਾਲ (ਰਾਮ ਲਾਲ)**-ਜ਼ਿਲ੍ਹਾ ਸ਼ਹੀਦ ਭਗਤ ਸਿੰਘ ਦੀ ਸਬ ਬਲਾਚੌਰ ਅਧੀਨ ਪੈਂਦੇ ਪਿੰਡ ਪੈਲੀ ਵਿਖੇ ਡੇਰਾ ਰਾਮ ਝਾੜੀ ਵਿਖੇ ਸੰਤ ਸਮਾਗਮ ਕਰਵਾਇਆ ਗਿਆ। ਇਸ ਮੌਕੇ ਡੇਰੇ ਦੇ ਮੁਖੀ ਬਾਬਾ ਸਹਿਜ ਦਾਸ ਨੇ ਦੱਸਿਆ ਕਿ ਇਹ ਸਲਾਨਾ ਸਮਾਗਮ ਫੱਗਣ ਮਹੀਨੇ ਦੇ ਜੇਠੇ ਐਤਵਾਰ ਨੂੰ ਕਰਾਇਆ ਜਾਂਦਾ ਹੈ। ਇਸ ਸੰਤ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਤ ਮਹਾਂਪੁਰਸ਼ਾਂ ਨੇ ਹਾਜ਼ਰੀ ਲਵਾਈ। ਭਾਈ ਹਰਜਿੰਦਰ ਸਿੰਘ ਖੰਡੂਰ ਸਾਹਿਬ ਵਾਲਿਆਂ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਗੁਰਦੁਆਰਾ ਟਾਹਲੀ ਸਾਹਿਬ ਨਵਾਂਸ਼ਹਿਰ ਦੀ ਪ੍ਰਬੰਧਕ ਕਮੇਟੀ, ਸੰਤ ਦਿਆਲ ਦਾਸ ਬੋਹਲੀ ਸਾਹਿਬ ਵਾਲੇ ਕਾਠਗੜ੍ਹ, ਚਰਨਦਾਸ ਰਾਮਪੁਰ ਬਿਲੜੋ, ਜਮੁਨਾ ਦਾਸ ਅਟਾਲ ਮਜਾਰਾ, ਸੁਰਜੀਤ ਦੀਦ ਫਾਨੇਵਾਲ, ਗਿਰਧਾਰੀ ਲਾਲ ਕਾਹਮਾ, ਜੋਗਾ ਸਿੰਘ ਕਾਹਮਾ, ਸੰਤ ਹਰੀ ਦਾਸ ਮਾਹਿਲਪੁਰ, ਪੰਡਿਤ ਨੀਲਕੰਠ, ਸੰਤ ਕਿਰਪਾਲ ਦਾਸ ਖਾਨਪੁਰ, ਦਰਸ਼ਨ ਸਿੰਘ ਨੌਰਾ ਨਾਨਕ ਦਰਬਾਰ, ਅਮਰੀਕ ਸਿੰਘ ਝੁੱਗੀਆਂ ਅਤੇ ਪਿੰਡ ਦੀ ਸਮੂਹ ਸੰਗਤ ਅਤੇ ਇਲਾਕੇ ਦੇ ਲੋਕ ਹਾਜ਼ਰ ਰਹੇ।ਸਟੇਜ ਦੀ ਸੇਵਾ ਬਹਾਦਰ ਸਿੰਘ ਬਿਰਲ ਪੈਲੀ ਨੇ ਨਿਭਾਈ।

# ਐਡਵੋਕੇਟ ਜਨਰਲ, ਹਰਿਆਣਾ ਤੇ ਹਾਈ ਕੋਰਟ ਦਫ਼ਤਰ ’ਚ ਦਾਖਲੇ ਲਈ ਆਨਲਾਇਨ ਵਿਜ਼ਿਟਿੰਗ ਪਾਸ ਜਰੂਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਐਡਵੋਕੇਟ ਜਨਰਲ ਅਤੇ ਹਾਈ ਕੋਰਟ ਦਫ਼ਤਰ ਵਿੱਚ ਪ੍ਰਵੇਸ਼ ਨੂੰ ਸੁਵਿਵਸਥਿਤ, ਸੁਰੱਖਿਅਤ ਅਤੇ ਪਾਰਦਰਸ਼ੀ ਬਨਾਉਣ ਦੇ ਉਦੇਸ਼ ਨਾਲ ਆਨਲਾਇਨ ਵਿਜ਼ਿਟਿੰਗ ਪਾਸ ਪ੍ਰਣਾਲੀ ਲਾਗੂ ਕੀਤੀ ਜਾ ਰਹੀ ਹੈ।ਇੱਕ ਸਰਕਾਰੀ ਬੁਲਾਰੇ ਨੇ ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਣ ਹਰਿਆਣਾ ਦੇ ਐਡਵੋਕੇਟ ਜਨਰਲ ਅਤੇ ਹਾਈ ਕੋਰਟ ਦਫ਼ਤਰ ਵਿੱਚ ਦਫ਼ਤਰਾਂ ਨਾਲ ਸਬੰਧਿਤ ਕਿਸੇ ਵੀ ਅਧਿਕਾਰਿਕ ਕੰਮ ਜਾਂ ਕਿਸੇ ਕੇਸ ਜਾਂ ਸੁਣਵਾਈ ਲਈ ਆਉਣ ਵਾਲੇ ਅਧਿਕਾਰਿਆਂ/ ਕਰਮਚਾਰਿਆਂ ਅਤੇ ਸਬੰਧਿਤ ਵਿਅਕਤੀਆਂ ਨੂੰ ਐੱਲ ਐੱਮ ਐੱਸ ਪੋਰਟਲ ਰਾਹੀਂ ਪਹਿਲਾਂ ਹੀ ਆਨਲਾਇਨ ਵਿਜ਼ਿਟਿੰਗ ਪਾਸ ਬਨਾਉਣਾ ਜ਼ਰੂਰੀ ਹੋਵੇਗਾ। ਇਹ ਵਿਵਸਥਾ 9 ਫਰਵਰੀ, 2026 ਤੋਂ ਪ੍ਰਭਾਵੀ ਹੋ ਚੁੱਕੀ ਹੈ।

## ਅਧਿਆਪਕ ਮੇਲੇ ’ਚ 8 ਹਜ਼ਾਰ ਤੋਂ ਵੱਧ ਅਧਿਆਪਕ ਹੋਏ ਸ਼ਾਮਲ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਸੂਬੇ ਦੇ ਵਿਦਿਅਕ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ



ਇੰਜੀਨੀਅਰਿੰਗ ਕਾਲਜ, ਫਤਿਹਗੜ੍ਹ ਸਾਹਿਬ ਵਿਖੇ ਦੋ-ਰੋਜ਼ਾ ‘ਅਧਿਆਪਕ ਮੇਲਾ 2025-26’ ਕਰਵਾਇਆ ਗਿਆ। ਇਸ ਮੈਗਾ ਈਵੈਂਟ ਵਿੱਚ 8,000 ਤੋਂ ਵੱਧ ਅਧਿਆਪਕਾਂ ਨੇ ਹਿੱਸਾ ਲਿਆ, ਜਿਸ ਦਾ ਉਦੇਸ਼ ਸਰਕਾਰੀ ਸਕੂਲਾਂ ਨੂੰ ਸਿਰਜਣਾਤਮਕਤਾ, ਤਕਨਾਲੋਜੀ ਅਤੇ ਸਿੱਖਿਆ ਸ਼ਾਸਤਰੀ ਉੱਤਮਤਾ ਦੇ ਇੱਕ ਜੀਵੰਤ ਕੇਂਦਰ ਵਿੱਚ ਬਦਲਣਾ ਸੀ।

# ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ’ਤੇ ਸੈਮੀਨਾਰ



**ਆਦਮਪੁਰ (ਪਰਮਜੀਤ ਸਿੰਘ)**

ਸਤਿਕਾਰ ਯੋਗ ਸੰਤ ਬਾਬਾ ਮਲਕੀਤ ਸਿੰਘ ਜੀ (ਬਾਨੀ ਚਾਂਸਲਰ) ਤੇ ਸੰਤ ਬਾਬਾ ਦਿਲਾਵਰ ਸਿੰਘ ਜੀ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਜੀ ਦੀ ਪ੍ਰੇਰਨਾ ਨਾਲ ਅਤੇ ਉਪ-ਕੁਲਪਤੀ ਡਾ.ਵਿਜੈ ਧੀਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿੱਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ ਅੰਤਰਰਾਸਟੀ ਮਾਤ ਭਾਸ਼ਾ ਦਿਵਸ ਉੱਤੇ ਰੂ-ਬ-ਰੂ ਸੈਮੀਨਾਰ ਕਰਵਾਇਆ ਗਿਆ।ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੇ ਮੌਕੇ ਯੂਨੀਵਰਸਿਟੀ ਵਿੱਚ ‘ਪੰਜਾਬੀ ਕਵਿਤਾ: ਸੁਹਜ ਅਤੇ ਸੰਵੇਦਨਾ’ ਵਿਸ਼ੇ ਉੱਤੇ ਇਕ ਵਿਸ਼ੇਸ਼ ਬੌਧਿਕ ਸੰਵਾਦ ਆਯੋਜਿਤ ਕੀਤਾ ਗਿਆ। ਇਸ ਮੌਕੇ ਪ੍ਰਸਿੱਧ ਸਾਹਿਤਕਾਰ ਅਤੇ ਵਿਦਵਾਨ ਪ੍ਰੋ. ਡਾ. ਸੁਹਿੰਦਰਬੀਰ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਪੰਜਾਬੀ ਕਵਿਤਾ ਦੀ ਸੁੰਦਰਤਾ ਅਤੇ ਮਨੁੱਖੀ ਸੰਵੇਦਨਾ ਨਾਲ ਉਸਦੇ ਡੂੰਘੇ ਸੰਬੰਧਾਂ ਉੱਤੇ ਰੌਸ਼ਨੀ ਪਾਈ।ਉਨ੍ਹਾਂ ਨੇ ਕਿਹਾ ਕਿ ਪੰਜਾਬੀ ਕਵਿਤਾ ਸਿਰਫ਼ ਸ਼ਬਦਾਂ ਦੀ ਰਚਨਾ ਨਹੀਂ, ਸਗੋਂ ਇਹ ਸਮਾਜਕ ਚੇਤਨਾ, ਦੁੱਖ-ਸੁੱਖ ਅਤੇ ਮਨੁੱਖੀ ਅਹਿਸਾਸਾਂ ਦੀ ਪ੍ਰਗਟਾਵਾ ਹੈ।ਉਨ੍ਹਾਂ ਆਪਣੇ ਸੰਬੋਧਨ ਵਿੱਚ ਇਹ ਵੀ ਕਿਹਾ ਕਿ ਮਾਤ ਭਾਸ਼ਾ ਵਿੱਚ ਰਚੀ ਗਈ ਕਵਿਤਾ ਮਨੁੱਖ ਦੇ ਮਨ ਨਾਲ ਸਿੱਧਾ ਸੰਬੰਧ ਜੋੜਦੀ ਹੈ ਤੇ ਨਵੀਂ ਪੀੜ੍ਹੀ ਨੂੰ ਆਪਣੀ ਸੱਭਿਆਚਾਰਕ ਜੜ੍ਹਾਂ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਪੰਜਾਬੀ ਕਵਿਤਾ ਵਿੱਚ ਲੋਕ-ਜੀਵਨ, ਪ੍ਰਕ੍ਰਿਤੀ, ਪ੍ਰੇਮ ਅਤੇ ਸੰਘਰਸ਼ ਦੀ ਪ੍ਰਤੀਬਿੰਬਤਾ ਉਸ ਨੂੰ ਵਿਸ਼ਵ ਪੱਧਰ ’ਤੇ ਵਿਸ਼ੇਸ਼ ਬਣਾਉਂਦੀ ਹੈ।ਇਸ ਸਮਾਗਮ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ । ਅਖੀਰ ਵਿੱਚ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਪ੍ਰੋ. ਡਾ. ਸੁਹਿੰਦਰਬੀਰ ਸਿੰਘ ਦਾ ਧੰਨਵਾਦ ਕੀਤਾ ਗਿਆ ਅਤੇ ਮਾਤ ਭਾਸ਼ਾ ਦੇ ਸਨਮਾਨ ਨੂੰ ਕਾਇਮ ਰੱਖਣ ਦਾ ਸੰਦੇਸ਼ ਦਿੱਤਾ ਗਿਆ। ਸਮਾਪਤੀ ਸਮੇਂ ਕੋਆਰਡੀਨੇਟਰ ਡਾ.ਮਨਦੀਪ ਸਿੰਘ ,ਡੀਨ(ਯੂ.ਆਈ.ਐਚ) ਸਹਾਇਕ ਪ੍ਰੋ. ਪੰਜਾਬੀ ਵੱਲੋਂ ਧੰਨਵਾਦੀ ਸ਼ਬਦ ਕਹੇ ਗਏ ਅਤੇ ਮੁੱਖ ਵਕਤਾ, ਪ੍ਰਬੰਧਕਾਂ ਅਤੇ ਸਾਰੇ ਭਾਗੀਦਾਰਾਂ ਦਾ ਆਭਾਰ ਪ੍ਰਗਟ ਕੀਤਾ ਗਿਆ।ਇਸ ਮੌਕੇ ਰਜਿੰਦਰ ਕੁਮਾਰ (ਰਜਿਸਟਰਾਰ),ਕਨਵੀਨਰ ਡਾ. ਸੁਰਿੰਦਰ ਕੁਮਾਰ (ਸਹਾਇਕ ਪ੍ਰੋ. ਪੰਜਾਬੀ) ਤੇ ਵੱਖ ਵੱਖ ਵਿਭਾਗਾਂ ਦੇ ਪ੍ਰੋ. ਸਾਹਿਬਾਨ ਵੀ ਹਾਜ਼ਰ ਸਨ।ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਕੋਆਰਡੀਨੇਟਰ ਡਾ.ਅਨੀਤਾ ਰਾਣੀ (ਸਹਾਇਕ ਪ੍ਰੋ. ਪੰਜਾਬੀ) ਨੇ ਬਖੂਬੀ ਨਿਭਾਈ ।

# ਖੇਡਾਂ ਦੇ ਸਮਾਨ ਲਈ ਦਿੱਤੀ ਡੇਢ ਲੱਖ ਰੁਪਏ ਦੀ ਗ੍ਰਾਂਟ

**ਬਲਾਚੌਰ (ਜਸਵਿੰਦਰ ਬੈਂਸ)**

ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅਤੇ ਜ਼ਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ ਵੱਲੋਂ ਆਪਣੇ ਅਖਤਿਆਰੀ ਕੋਟੇ ਵਿੱਚੋਂ ਪਿੰਡ ਖੁਰਦਾਂ ਟੱਪਰੀਆਂ ਨੂੰ ਖੇਡਾਂ ਦੇ ਸਮਾਨ ਲਈ ਡੇਢ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ। ਇਸ ਮੌਕੇ ਤੇ ਸਤਨਾਮ ਜਲਾਲਪੁਰ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵੱਖ ਵੱਖ ਉਪਰਾਲੇ ਕਰ ਰਹੀ ਹੈ। ਨੌਜਵਾਨਾਂ ਨੂੰ ਪਿੰਡ ਪੱਧਰ ਤੇ ਖੇਡਾਂ ਨਾਲ ਜੋੜਨ ਲਈ ਵੱਖ ਵੱਖ



ਪਿੰਡਾਂ ਵਿੱਚ ਸਰਕਾਰ ਵੱਲੋਂ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ।ਜਿਸ ਦਾ ਮੁੱਖ ਮਕਸਦ ਪਿੰਡ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਵੱਧ ਤੋਂ ਵੱਧ ਸਮਾਂ ਖੇਡ ਮੈਦਾਨਾਂ ਵਿੱਚ ਬਿਤਾਉਣਾ ਹੈ। ਇਸ ਮੌਕੇ ਤੇ ਉਹਨਾਂ ਨੇ ਸਰਕਾਰ ਵੱਲੋਂ ਚਲਾਈ ਜਾ ਰਹੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਦਾ ਹਿੱਸਾ ਬਣਨ ਲਈ ਪਿੰਡ ਦੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ। ਉਹਨਾਂ ਨੇ ਕਿਹਾ ਕਿ ਜੇਕਰ ਪਿੰਡ ਦੇ ਵਿੱਚ ਕੋਈ ਵੀ ਵਿਅਕਤੀ ਨਸ਼ਾ ਵੇਚਦਾ ਹੈ ਤਾਂ ਉਸਦੀ ਸੂਚਨਾ ਤੁਰੰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਟੋਲ ਫਰੀ ਨੰਬਰ ਤੇ ਦਿੱਤੀ ਜਾਵੇ ਜਾਂ ਉਹਨਾਂ ਨਾਲ ਰਾਬਤਾ ਕੀਤਾ ਜਾਵੇ। ਉਹਨਾਂ ਨੇ ਪਿੰਡ ਦੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰੀ ਬਣਾਈ ਰੱਖਣ ਲਈ ਕਿਹਾ। ਇਸ ਮੌਕੇ ਤੇ ਸਮੂਹ ਪੰਚਾਇਤ ਵੱਲੋਂ ਸਤਨਾਮ ਜਲਾਲਪੁਰ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ।ਪਿੰਡ ਦੇ ਸਰਪੰਚ,ਸੂਬੇਦਾਰ ਮੇਜਰ ਤੀਰਥ ਰਾਮ ਭੂੰਬਲਾ, ਲੱਕੀ ਚੌਧਰੀ ਦੁਬਈ,ਰਣਜੀਤ ਸਿੰਘ, ਯਸ਼ਪਾਲ ਭੂੰਬਲਾ, ਪ੍ਰੇਮ ਚੰਦ ਬੱਗਾ, ਮੋਹਣ ਲਾਲ ਪੰਚਾਇਤ ਮੈਂਬਰ, ਗੁਰਮੀਤ ਭੂੰਬਲਾ, ਓਂਕਾਰ ਬਿੱਟੂ, ਸਤੀਸ਼ ਟੋਨੀ, ਦੇਸ ਰਾਜ, ਦੀਪਕ ਕਟਾਰੀਆ ਦੁਬਈ, ਸੁਭਾਸ਼ ਭੂੰਬਲਾ, ਮਨੀ ਕਟਾਰੀਆ, ਵਾਸਦੇਵ ਭੂੰਬਲਾਂ, ਦਲਜੀਤ ਸੋਨੂੰ ਆਦਿ ਹਾਜ਼ਰ ਸਨ।

# ਮਾਮੂਲੀ ਖਰਚ ’ਤੇ ਉਪਲੱਬਧ ਹੈ ਏਅਰ-ਕੰਡੀਸ਼ਨਡ ਸ਼ਵ-ਵਾਹਨ : ਕਾਲੜਾ/ਵਾਲੀਆ

**ਫਗਵਾੜਾ (ਡਾ. ਰਮਨ)**-ਜ਼ਿੰਦਗੀ ਦਾ ਸਭ ਤੋਂ ਕੌੜਾ ਸੱਚ ਅੰਤਮ ਵਿਦਾਈ ਦਾ ਪਲ ਹੁੰਦਾ ਹੈ। ਜਦੋਂ ਕੋਈ ਆਪਣਾ ਇਸ ਦੁਨੀਆਂ ਨੂੰ ਅਲਵਿਦਾ ਆਖਦਾ ਹੈ, ਤਾਂ ਸੋਗ ਦਾ ਪਹਾੜ ਉਸਦੇ ਪਰਵਾਰ ’ਤੇ ਡਿੱਗ ਪੈਂਦਾ ਹੈ। ਅਜਿਹੇ ਸੰਵੇਦਨਸ਼ੀਲ ਸਮੇਂ ਵਿੱਚ, ਜੇਕਰ ਸਮਾਜ ਦਾ ਸਹਾਰਾ ਮਿਲ ਜਾਵੇ ਤਾਂ ਦਰਦ ਥੋੜ੍ਹਾ ਘੱਟ ਜ਼ਰੂਰ ਜਾਂਦਾ ਹੈ। ਨਿਰਸਵਾਰਥ ਸੇਵਾ ਦੀ ਇਸ ਭਾਵਨਾ ਨੂੰ ਮੂਰਤੀਮਾਨ ਕਰਦੇ ਹੋਏ ਰੋਟਰੀ ਕਲੱਬ ਆਫ਼ ਫਗਵਾੜਾ ਜੈਮਸ ਨੇ ਲਗਭਗ ਇੱਕ ਸਾਲ ਪਹਿਲਾਂ ਫਗਵਾੜਾ ਦੇ ਵਸਨੀਕਾਂ ਦੀ ਸਹੂਲਤ ਲਈ ਇੱਕ ਅਤਿ-ਆਧੁਨਿਕ ਮੁਰਦਾ-ਵਾਹਨ ਦਾ ਲੋਕਅਰਪਣ ਕੀਤਾ ਸੀ। ਲਗਭਗ 17 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਇਆ ਇਹ ਸ਼ਵ-ਵਾਹਨ ਪੂਰੀ ਤਰ੍ਹਾਂ ਏਅਰ-ਕੰਡੀਸ਼ਨਡ ਅਤੇ ਵਾਟਰਪਰੂਫ਼ ਹੈ, ਤਾਂ ਕਿ ਦੁਖੀ ਪਰਵਾਰ ਨੂੰ ਅੰਤਿਮ ਯਾਤਰਾ ਦੌਰਾਨ ਗਰਮੀ, ਠੰਡ ਜਾਂ ਬਰਸਾਤ ਦੀ ਮਾਰ ਨਾ ਝੱਲਣੀ ਪਵੇ। ਪ੍ਰੋਜੈਕਟ ਦੇ ਸਥਾਈ ਪ੍ਰੋਜੈਕਟ ਡਾਇਰੈਕਟਰ, ਪਵਨ ਕੁਮਾਰ ਕਾਲੜਾ (ਚੇਅਰਮੈਨ, ਕਾਲੜਾ ਫੂਡ ਇੰਡਸਟਰੀਜ਼) ਅਤੇ ਰੋਟੇਰੀਅਨ ਤਰਨਜੀਤ ਸਿੰਘ ਬੰਟੀ ਵਾਲੀਆ (ਕੌਂਸਲਰ) ਨੇ ਦੱਸਿਆ ਕਿ ਇਹ ਸੇਵਾ ਸਿਰਫ਼ ਜਨਤਕ ਭਲਾਈ ਲਈ ਤੇ ਨਿਰਸਵਾਰਥ ਭਾਵਨਾ ਨਾਲ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਿਸੇ ਵਿਅਕਤੀ ਦੇ ਜੀਵਨ ਦਾ ਅੰਤਮ ਪੜਾਅ ਇੱਕ ਬਹੁਤ ਹੀ ਸੰਵੇਦਨਸ਼ੀਲ ਸਮਾਂ ਹੁੰਦਾ ਹੈ। ਕਲੱਬ ਵਲੋਂ ਇਹ ਯਕੀਨੀ ਬਣਾਉਣ ਦਾ ਯਤਨ ਕੀਤਾ ਗਿਆ ਹੈ ਕਿ ਕਿਸੇ ਪਰਵਾਰ ਨੂੰ ਇਸ ਬਹੁਤ ਹੀ ਮੁਸ਼ਕਲ ਅਤੇ ਸੋਗ ਦੇ ਸਮੇਂ ਦੌਰਾਨ ਪ੍ਰਬੰਧਾਂ ਬਾਰੇ ਚਿੰਤਾ ਨਾ ਕਰਨੀ ਪਵੇ ਤੇ ਉਹ ਆਪਣੇ ਅਜ਼ੀਜ਼ਾਂ ਨੂੰ ਸਤਿਕਾਰ ਤੇ ਮਾਣ ਨਾਲ ਅੰਤਮ ਵਿਦਾਈ ਦੇ ਸਕਣ। ਉਨ੍ਹਾਂ ਕਿਹਾ ਕਿ ਇਸ ਸੇਵਾ ਦੇ ਬਦਲੇ ਸਿਰਫ਼ ਵਾਹਨ ਦੇ ਰੱਖ-ਰਖਾਵ ਤੇ ਪੈਟਰੋਲ-ਡੀਜਲ ਲਈ ਹੀ ਮਾਮੂਲੀ ਖਰਚ ਵਸੂਲ ਕੀਤਾ ਜਾਂਦਾ ਹੈ ਤਾਂ ਜੋ ਇਹ ਸੇਵਾ ਨਿਰੰਤਰ ਚੱਲਦੀ ਰਹੇ ਤੇ ਜਿਆਦਾ ਤੋਂ ਜਿਆਦਾ ਲੋੜਵੰਦ ਪਰਵਾਰਾਂ ਤੱਕ ਇਸ ਦੀ ਪਹੁੰਚ ਹੋ ਸਕੇ। ਇਸ ਦੌਰਾਨ ਗੱਲਬਾਤ ਕਰਦਿਆਂ ਰੋਟਰੀ ਕਲੱਬ ਆਫ਼ ਫਗਵਾੜਾ ਜੈਮਸ ਦੇ ਪ੍ਰਧਾਨ ਸੀ ਏ ਰਾਕੇਸ਼ ਚਾਵਲਾ ਤੇ ਆਨਰੇਰੀ ਸਕੱਤਰ ਰਾਕੇਸ਼ ਸੂਦ ਨੇ ਕਿਹਾ ਕਿ ਰੋਟਰੀ ਕਲੱਬ ਦੀ ਇਹ ਪਹਿਲਕਦਮੀ ਸਿਰਫ਼ ਇੱਕ ਸਹੂਲਤ ਨਹੀਂ ਹੈ, ਸਗੋਂ ਹਮਦਰਦੀ, ਸਮਾਜਿਕ ਜ਼ਿੰਮੇਵਾਰੀ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਇੱਕ ਜਿਉਂਦੀ ਜਾਗਦੀ ਮਿਸਾਲ ਹੈ ਜੋ ਅੰਤਿਮ ਯਾਤਰਾ ਨੂੰ ਵੀ ਮਾਣ ਤੇ ਹਮਦਰਦੀ ਨਾਲ ਪੂਰਾ ਕਰਨ ਦੇ ਯੋਗ ਬਣਾਉਂਦੀ ਹੈ।

# ਆਰ ਬੀ ਯੂ ’ਚ ‘ਕਾਰਪੋਰੇਟ ਕਲੋਜ਼ੇਟ 2026’ ਕਰਵਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਵਿਦਿਆਰਥੀਆਂ ਨੂੰ ਪੇਸ਼ੇਵਰ ਸ਼ਖ਼ਸੀਅਤ ਅਤੇ ਕਾਰਪੋਰੇਟ ਅਨੁਸ਼ਾਸਨ ਬਾਰੇ ਜਾਗਰੂਕ ਕਰਨ ਲਈ ‘ਕਾਰਪੋਰੇਟ ਕਲੋਜ਼ੇਟ 2026’ ਦਾ ਸਫਲਤਾਪੂਰਵਕ ਆਯੋਜਨ ਕੀਤਾ। ਇਹ ਪ੍ਰੋਗਰਾਮ ਵਾਈਸ ਚਾਂਸਲਰ ਅਤੇ ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਦੀ ਅਗਵਾਈ ਹੇਠ ਤੇ ਡਾ. ਜਸਦੀਪ ਕੌਰ ਧਾਮੀ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ ਸੀ। ਇਸ ਸੰਬੰਧ ਵਿਚ ਜਾਣਕਾਰੀ ਦਿੰਦੇ ਹੋਏ, ਪ੍ਰੋ. ਡਾ. ਸ਼ੈਲੀ ਖੋਸਲਾ ਅਤੇ ਪ੍ਰੋ. ਤੇਜਸਵੀ ਚੌਧਰੀ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੌਰਾਨ 11 ਰਾਊਂਡ ਆਯੋਜਿਤ ਕੀਤੇ ਗਏ, ਜਿਸ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਭਾਗੀਦਾਰਾਂ ਨੇ ਪੇਸ਼ੇਵਰ ਪਹਿਰਾਵੇ ਦੀ ਮਹੱਤਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਕਾਰਪੋਰੇਟ ਡਰੈਸਿੰਗ ਸਿਰਫ਼ ਦਿੱਖ ਤੱਕ ਸੀਮਤ ਨਹੀਂ ਹੈ, ਇਹ ਆਤਮਵਿਸ਼ਵਾਸ, ਅਨੁਸ਼ਾਸਨ ਅਤੇ ਪੇਸ਼ੇਵਰ ਯੋਗਤਾ ਦਾ ਪ੍ਰਤੀਕ ਹੈ।ਡਾ. ਜਯੋਤਸਨਾ ਅਤੇ ਡਾ. ਪ੍ਰਿਯੰਕਾ ਪੁਰੀ ਨੇ ਇਸ ਮੌਕੇ ਜੱਜ ਵਜੋਂ ਸੇਵਾ ਨਿਭਾਈ। ਮੁਕਾਬਲੇ ਦੌਰਾਨ, ਬੈਸਟ ਡਰੈੱਸ, ਬੈਸਟ ਲੁੱਕਸ, ਮਿਸਟਰ ਐਂਡ ਮਿਸ ਪਰਸਨੈਲਿਟੀ, ਮਿਸਟਰ ਐਂਡ ਮਿਸ ਕਨਫਿਡੈਂਟ, ਅਤੇ ਬੈਸਟ ਰੈਂਪ ਵਾਕ (ਮੁੰਡੇ ਤੇ ਕੁੜੀਆਂ) ਦੇ ਖਿਤਾਬਾਂ ਦਾ ਐਲਾਨ ਕੀਤਾ ਗਿਆ। ਇਸ ਮੌਕੇ ਜੇਤੂਆਂ ਨੂੰ ਸਨਮਾਨਤ ਕੀਤਾ ਗਿਆ।ਸਮਾਗਮ ਵਿੱਚ ਸਾਰੇ ਅਧਿਆਪਕ ਅਤੇ ਸਟਾਫ਼ ਮੌਜੂਦ ਸਨ।

# ਅਮਰੀਕਾ ਨਾਲ ਵਪਾਰਕ ਸਮਝੌਤਿਆਂ ਬਾਰੇ ਵਿਰੋਧੀਆਂ ਵੱਲੋਂ ਫੈਲਾਇਆ ਜਾ ਰਿਹਾ ਕੂੜ ਪ੍ਰਚਾਰ : ਸੰਡਰੇਵਾਲ

**ਬਲਾਚੌਰ (ਜਸਵਿੰਦਰ ਬੈਂਸ)**-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਵਿਜੈ ਭਾਟੀਆ ਸੰਡਰੇਵਾਲ ਨੇ ਵਿਰੋਧੀ ਪਾਰਟੀਆਂ ਵੱਲੋਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਹੈ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਨਾਲ ਪੰਜਾਬ ਦੇ ਕਿਸਾਨਾਂ ਅਤੇ ਨੌਜਵਾਨਾਂ ਨੂੰ ਵੱਡਾ ਲਾਭ ਹੋਣ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਦੇਸ਼ ਦੀ ਤਰੱਕੀ ਉਦੋਂ ਹੀ ਹੁੰਦੀ ਹੈ ਜਦੋਂ ਉਸ ਦਾ ਤਿਆਰ ਮਾਲ ਅਤੇ ਕੱਚਾ ਮਾਲ ਵਿਦੇਸ਼ੀ ਮੰਡੀਆਂ ਵਿੱਚ



ਵਿਕਦਾ ਹੈ।ਭਾਟੀਆ ਨੇ ਕਿਹਾ ਕਿ ਵਿਰੋਧੀ ਧਿਰਾਂ ਵੱਲੋਂ ਇਹ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਭਾਰਤ ਨੇ ਅਮਰੀਕੀ ਖੇਤੀ ਉਤਪਾਦਾਂ ਲਈ ਵੱਡੀ ਛੋਟ ਦਿੱਤੀ ਹੈ। ਉਨ੍ਹਾਂ ਤੱਥ ਪੇਸ਼ ਕਰਦੇ ਹੋਏ ਦੱਸਿਆ ਕਿ ਕਣਕ, ਚਾਵਲ, ਜੌਂ, ਮੱਕੀ, ਕਪਾਹ, ਕਾਬਲੀ ਛੋਲੇ ਅਤੇ ਮੂੰਗੀ ਵਰਗੀਆਂ ਫ਼ਸਲਾਂ ’ਤੇ ਅਮਰੀਕਾ ਨੂੰ ਕੋਈ ਵਿਸ਼ੇਸ਼ ਛੋਟ ਨਹੀਂ ਦਿੱਤੀ ਗਈ।ਡੇਅਰੀ ਅਤੇ ਸਬਜ਼ੀਆਂ ਸੁਰੱਖਿਅਤ ਦੁੱਧ, ਪਨੀਰ, ਮੱਖਣ, ਘਿਉ ਅਤੇ ਰੋਜ਼ਾਨਾ ਵਰਤੋਂ ਦੀਆਂ ਸਬਜ਼ੀਆਂ ਆਲੂ, ਪਿਆਜ਼, ਮਟਰ, ਭਿੰਡੀ ਆਦਿ ਨੂੰ ਭਾਰਤ ਵਿੱਚ ਇੰਝ ਹੀ ਭੇਜਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਰੋਜ਼ਾਨਾ ਵਰਤੋਂ ਵਾਲੇ ਮਸਾਲਿਆਂ ਅਤੇ ਫ਼ਲਾਂ ’ਤੇ ਵੀ ਕੋਈ ਛੋਟ ਨਹੀਂ ਦਿੱਤੀ ਗਈ ਹੈ।

# ਸ੍ਰੀ ਗੁਰੂ ਰਵਿਦਾਸ ਜੈਯੰਤੀ ਮਨਾਈ

**ਫਗਵਾੜਾ (ਡਾ. ਰਮਨ)**

ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ ਫਗਵਾੜਾ ਵਿਖੇ ਭਗਤੀ ਲਹਿਰ ਦੇ ਪ੍ਰਚਾਰਕ, ਸਮਾਜ ਸੁਧਾਰਕ, ਮਹਾਨ ਦਾਰਸ਼ਨਿਕ,ਰਹੱਸਵਾਦੀ ਕਵੀ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ।ਇਸ ਮੌਕੇ ’ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਾਇਆ ਗਿਆ।ਪਾਠ ਉਪਰੰਤ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੇ ਪ੍ਰਵਚਨਾਂ ਨਾਲ ਇੱਕ ਰੂਹਾਨੀ ਮਾਹੌਲ ਸਿਰਜਿਆ ਜਿਸ ਵਿੱਚ ਸਦਭਾਵਨਾ, ਮਨੁੱਖਤਾ ਲਈ ਪਿਆਰ, ਦਇਆ, ਸਹਿਣਸ਼ੀਲਤਾ, ਵਿਸ਼ਵਵਿਆਪੀ ਭਾਈਚਾਰੇ ਅਤੇ ਇਕਜੁੱਟਤਾ ਦੇ ਉਹਨਾਂ ਦੇ ਸੰਦੇਸ਼ ’ਤੇ ਜ਼ੋਰ ਦਿੱਤਾ ਗਿਆ।ਨਿਰਸਵਾਰਥ ਸੇਵਾ ਤੇ ਏਕਤਾ ਦੀ ਭਾਵਨਾ ਨੂੰ ਬਰਕਰਾਰ ਰੱਖਣ ਲਈ ਕਾਲਜ ਵਲੋਂ ਸੰਗਤਾਂ ਲਈ ਚਾਹ ਦੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ।ਪ੍ਰਿੰਸੀਪਲ ਡਾ. ਸੁਰਿੰਦਰਜੀਤ ਕੌਰ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦੇ ਖਿਲਾਫ ਆਵਾਜ਼ ਉਠਾਈ।ਉਹ ਏਕਤਾ ਅਤੇ ਮਾਨਵੀ ਕਦਰਾਂ ਕੀਮਤਾਂ ਦੇ ਮਹਾਨ ਪ੍ਰਚਾਰਕ ਹੋਏ।ਉਹਨਾਂ ਨੇ ਕਿਹਾ ਕਿ ਇਹ ਅੱਜ ਦੇ ਸਮੇਂ ਦੀ ਲੋੜ ਹੈ ਕਿ ਮਾਨਵੀ ਕਦਰਾਂ ਕੀਮਤਾਂ ਅਧਿਆਪਕਾਂ ਤੇ ਵਿਦਿਆਰਥੀਆਂ ਵਿੱਚ ਪੈਦਾ ਕੀਤੀਆ ਜਾਣ ਤਾਂ ਜੋ ਸਭਨਾਂ ਲਈ ਇੱਕ ਨਿਆਂਪੂਰਨ ਅਤੇ ਸਮਾਨਤਾ ਵਾਲੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਮਨਪ੍ਰੀਤ ਕੌਰ ਭੋਗਲ, ਚੇਅਰਪਰਸਨ, ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਨੇ ਕਾਲਜ ਦੇ ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ, ਸਟਾਫ ਮੈਂਬਰ ਅਤੇ ਵਿਦਿਆਰਥੀਆਂ ਨੂੰ ਗੁਰਪੁਰਬ ਮਨਾਉਣ ਲਈ ਵਧਾਈ ਦਿੱਤੀ।ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਉੱਪਰ ਅਮਲ ਕਰਕੇ ਆਪਣੇ ਜੀਵਨ ਨੂੰ ਸਹੀ ਸੇਧ ਦੇਣੀ ਚਾਹੀਦੀ ਹੈ।ਉਹਨਾਂ ਦੀਆਂ ਸਿੱਖਿਆਵਾਂ ਸਮੁੱਚੀ ਮਾਨਵਤਾ ਲਈ ਮਾਰਗ ਦਰਸ਼ਕ ਹਨ।ਉਹਨਾਂ ਇਹ ਵੀ ਕਿਹਾ ਕਿ ਇਸ ਤਰ੍ਹਾਂ ਗੁਰਪੁਰਬ ਮਨਾਉਣ ਨਾਲ ਸਮਾਜਿਕ ਇਕਜੁੱਟਤਾ ਤੇ ਮਾਨਵਤਾ ਦਾ ਵਿਕਾਸ ਹੁੰਦਾ ਹੈ।ਉਹਨਾਂ ਉਮੀਦ ਕੀਤੀ ਕਿ ਕਾਲਜ ਭਵਿੱਖ ਵਿੱਚ ਵੀ ਅਜਿਹੇ ਅਣਮੁੱਲੇ ਯਤਨ ਜਾਰੀ ਰੱਖੇਗਾ।



# ਸੰਤ ਟਹਿਲ ਦਾਸ ਦੇ ਬਰਸੀ ਸਮਾਗਮ 22 ਨੂੰ ਮਨਾਏ ਜਾਣਗੇ : ਸੰਤ ਸਰਵਣ ਦਾਸ



**ਹੁਸ਼ਿਆਰਪੁਰ (ਓ ਪੀ ਰਾਣਾ)**-ਬ੍ਰਹਮਲੀਨ 108 ਸੰਤ ਬਾਬਾ ਟਹਿਲ ਦਾਸ ਜੀ ਦੇ 36ਵੇਂ ਸਲਾਨਾ ਬਰਸੀ ਸਮਾਗਮ 22 ਫਰਵਰੀ ਨੂੰ ਉਦਾਸੀਨ ਡੇਰਾ ਸੰਤ ਟਹਿਲ ਦਾਸ ਜੀ, ਸੰਤ ਟਹਿਲ ਦਾਸ ਨਗਰ, ਸਲੇਮਟਾਬਰੀ ਲੁਧਿਆਣਾ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਜਾਣਗੇ। ਸਮਾਗਮਾਂ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੰਤ ਸਰਵਣ ਦਾਸ ਸੀਨੀ. ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਨੇ ਦੱਸਿਆ ਕਿ 20 ਫਰਵਰੀ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਤੇ 22 ਫਰਵਰੀ ਨੂੰ ਭੋਗ ਤੋਂ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਮਹਾਨ ਸੰਤ ਮਹਾਂਪੁਰਸ਼ ਅਤੇ ਕੀਰਤਨੀ ਜੱਥੇ ਆਪਣੇ ਕੀਰਤਨ ਪ੍ਰਵਚਨਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

# ਪੰਜਾਬੀ ਸਾਹਿਤ ਸਭਾ ਬਲਾਚੌਰ ਦੀ ਮਾਸਿਕ ਇਕੱਤਰਤਾ

**ਪੋਜੇਵਾਲ (ਰਾਮ ਲਾਲ)**-ਪੰਜਾਬੀ ਸਾਹਿਤ ਸਭਾ ਬਲਾਚੌਰ ਰਜਿ ਦੀ ਮਾਸਿਕ ਇਕੱਤਰਤਾ ਭਗਵੰਤ ਕਰਮ ਸਿੰਘ ਸ਼ੇਤਰਾ ਸਹਿਕਾਰੀ ਖੇਤੀਬਾੜੀ ਫ਼ਾਰਮ ਕੌਲਗੜ੍ਹ ਦੇ ਬੀ ਕੇ ਫ਼ਾਰਮ ਹਾਊਸ ਵਿਖੇ ਹੋਈ। ਮੀਟਿੰਗ ਵਿੱਚ ਪਿਛਲੇ ਸਾਲ ਦੇ ਪ੍ਰੋਗਰਾਮਾਂ ਦੀ ਪੜਚੋਲ ਉਪਰੰਤ ਨਵੇਂ ਵਰ੍ਹੇ ਲਈ ਪ੍ਰੋਗਰਾਮ ਉਲੀਕੇ ਗਏ। ਜਿਨ੍ਹਾਂ ਵਿੱਚ ਸਭਾ ਦੀ ਪੰਜਾਹਵੀਂ ਵਰ੍ਹੇਗੰਢ ਮੌਕੇ ਸਭਾ ਦੇ ਪੁਰਾਣੇ ਅਤੇ ਨਵੇਂ ਮੈਂਬਰਾਂ ਦੀਆਂ ਰਚਨਾਵਾਂ ਦਾ ਗੁਲਦਸਤਾ ਪੁਸਤਕ ਰੂਪ ਵਿੱਚ ਭੇਟ ਕੀਤਾ ਜਾਵੇ, ਸਾਲ ਵਿੱਚ ਦੋ ਰੂਬਰੂ ਪ੍ਰੋਗਰਾਮ, ਕਵੀ ਦਰਬਾਰ, ਕਹਾਣੀ ਦਰਬਾਰ ਕਰਵਾਉਣ ਸਬੰਧੀ ਵਿਚਾਰਾਂ ਹੋਈਆਂ। ਨਵੇਂ ਵਰ੍ਹੇ ਲਈ ਅਹੁਦੇਦਾਰਾਂ ਦੀ ਹੋਈ ਚੋਣ ਵਿੱਚ ਦੀਦਾਰ ਸਿੰਘ ਸ਼ੇਤਰਾ ਨੂੰ ਪ੍ਰਧਾਨ, ਹਰਜਿੰਦਰ ਗੁਲਪੁਰ, ਪਰਮਜੀਤ ਦੇਹਲ ਅਤੇ ਗੁਰਨੇਕ ਸਿੰਘ ਸ਼ੇਰ ਨੂੰ ਮੀਤ ਪ੍ਰਧਾਨ, ਅਨੀ ਕਾਠਗੜ੍ਹ ਨੂੰ ਜਨਰਲ ਸਕੱਤਰ, ਹਰਦੀਪ ਸਿੰਘ ਕਲਮ ਗਹੂੰਣ, ਅਮਿਤ ਆਦੋਆਣਾ ਅਤੇ ਬਿਕਰਮ ਸਿੰਘ ਕੰਵਲ ਨੂੰ ਸਕੱਤਰ, ਗੁਰਜਿੰਦਰ ਸਿੰਘ ਸਾਹਦੜਾ ਨੂੰ ਵਿੱਤ ਸਕੱਤਰ, ਹਰਕੰਵਲ ਸਿੰਘ ਕੌਲਗੜ੍ਹ, ਨਰੇਸ਼ ਧੌਲ, ਹਰਭਜਨ ਸਿੰਘ ਹੀਰ ਪ੍ਰੈਸ ਸਕੱਤਰ, ਅਜੀਤ ਸਿੰਘ ਗੁਲਪੁਰ, ਚੰਦਰ ਸ਼ੇਖਰ ਦਫ਼ਤਰ ਸਕੱਤਰ ਅਤੇ ਡਾਕਟਰ ਕੇਵਲ ਰਾਮ ਨਵਾਂਸ਼ਹਿਰ, ਭਾਗ ਸਿੰਘ ਰੱਕੜ, ਮਾਸਟਰ ਬਨਾਰਸੀ ਦਾਸ ਰੱਤੇਵਾਲ, ਕੇਵਲ ਕਿਸ਼ਨਪੁਰੀ, ਬਲਵੰਤ ਸਿੰਘ ਬੈਂਸ, ਪ੍ਰੇਮ ਰੱਕੜ, ਗੁਰਪ੍ਰੀਤ ਸਿੰਘ ਸ਼ੇਤਰਾ ਅਤੇ ਬਗੀਚਾ ਸਿੰਘ ਰੱਕੜ ਨੂੰ ਮੈਂਬਰ ਐਗਜ਼ੈਗਟਿਵ ਕਮੇਟੀ ਅਤੇ ਮਨਮੋਹਨ ਸਿੰਘ ਖੇਲਾ ਸਿਡਨੀ, ਬਲਵੀਰ ਸਿੰਘ ਚੰਗਿਆੜਾ ਕੈਨੇਡਾ, ਪ੍ਰੋ ਸ਼ਾਮ ਸਿੰਘ ਸਿਡਨੀ, ਬਾਬਾ ਦਲਜੀਤ ਸਿੰਘ ਸ਼ਿਕਾਗੋ ਵਾਲੇ ਅਤੇ ਮਹਿੰਦਰ ਸਿੰਘ ਦੁਸਾਂਝ ਨੂੰ ਸਰਪ੍ਰਸਤ ਚੁਣਿਆ ਗਿਆ।

# ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ



**ਫਗਵਾੜਾ (ਜਸਵਿੰਦਰ ਢੱਡਾ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਪਿੰਡ ਵਿਖੇ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ (ਸਟੇਟ ਅਵਾਰਡੀ) ਦੀ ਅਗਵਾਈ ਵਿੱਚ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਧਨੀ ਪਿੰਡ ਤੇ ਲਖਨਪਾਲ ਦੇ ਸਮੂਹ ਐੱਨ ਆਰ ਆਈ ਤੇ ਦਾਨੀ ਸੱਜਣਾਂ ਨੇ ਬਤੌਰ ਮੁੱਖ ਮਹਿਮਾਨ ਹਾਜ਼ਰ ਹੋ ਕੇ ਪੜ੍ਹਾਈ ਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਅਰਥੀਆਂ ਨੂੰ ਇਨਾਮਾਂ ਦੀ ਵੰਡ ਕੀਤੀ। ਇਸ ਮੌਕੇ ਸਕੂਲ ਵਿੱਚ ਚੱਲ ਰਹੇ ਰੰਗ-ਰੋਗਨ ਤੇ ਵਿਕਾਸ ਕਾਰਜਾਂ ਵਾਸਤੇ ਐੱਨ ਆਰ ਆਈ ਤੇ ਸੱਜਣਾਂ ਨੇ ਦਿਲ ਖੋਲ੍ਹ ਕੇ ਦਾਨ ਕੀਤਾ।ਸਮਾਗਮ ਦੌਰਾਨ ਪ੍ਰਵਾਸੀ ਭਾਰਤੀ ਗੁਰਮੀਤ ਸਿੰਘ ਸੋਢੀ ਯੂ ਕੇ ਵੱਲੋਂ 1 ਲੱਖ, ਬਲਕਾਰ ਸਿੰਘ ਕੂੰਨਰ ਸਰਪੰਚ ਧਨੀ ਪਿੰਡ ਵਲੋਂ 51 ਹਜ਼ਾਰ, ਰਛਪਾਲ ਸਿੰਘ ਕੂੰਨਰ ਕੈਨੇਡਾ ਵੱਲੋਂ 50 ਹਜ਼ਾਰ, ਸ਼ਿਵ ਕੁਮਾਰ ਲਾਡੀ ਲਖਨਪਾਲ ਯੂ.ਕੇ. ਵਲੋਂ 51 ਹਜ਼ਾਰ, ਚੰਦਰ ਕਾਂਤ ਭੰਬੀ ਯੂ. ਐੱਸ. ਏ. ਯੂ. ਐੱਸ. ਏ. ਲਖਨਪਾਲ ਵਲੋਂ 50 ਹਜ਼ਾਰ, ਗੁਰਮੁਖ ਸਿੰਘ ਕੂੰਨਰ ਤੇ ਹਰਪਾਲ ਸਿੰਘ ਕੂੰਨਰ ਭਰਾਵਾਂ ਵੱਲੋਂ 25 ਹਜ਼ਾਰ, ਪ੍ਰਿੰਸੀਪਲ ਮਲੂਕ ਚੰਦ ਕਲੇਰ ਕੈਨੇਡਾ ਵੱਲੋਂ 21 ਹਜ਼ਾਰ, ਬਲਵਿੰਦਰ ਸਿੰਘ ਕੂੰਨਰ ਯੂ. ਕੇ. ਵਲੋਂ 11 ਹਜ਼ਾਰ, ਸਤਿੰਦਰ ਸਿੰਘ ਕੂੰਨਰ ਯੂ. ਐੱਸ. ਏ. ਵਲੋਂ 11 ਹਜ਼ਾਰ, ਦੇਸ ਰਾਜ ਆਸਟਰੀਆ ਵਲੋਂ 11 ਹਜ਼ਾਰ, ਹਰਪਾਲ ਸਿੰਘ ਕੂੰਨਰ (ਪਾਲ) ਆਸਟਰੇਲੀਆ ਵਲੋਂ 11 ਹਜ਼ਾਰ, ਵਤਨ ਸਿੰਘ ਮੱਲ ਪਰਿਵਾਰ ਵੱਲੋਂ ਬਲਿਹਾਰ ਸਿੰਘ ਨੇ 10 ਹਜ਼ਾਰ, ਰਾਜੇਸ਼ ਕੁਮਾਰ ਮਹਿਰਾ ਯੂ. ਐੱਸ. ਏ. ਵਲੋਂ 10 ਹਜ਼ਾਰ ਰੁਪਏ ਸਕੂਲ ਨੂੰ ਦਾਨ ਕੀਤੇ ਗਏ ਅਤੇ ਜਸਵਿੰਦਰ ਸਿੰਘ ਕੈਂਥ ਯੂ. ਏ.ਈ. ਵਲੋਂ ਸਕੂਲ ਨੂੰ 45 ਹਜ਼ਾਰ ਰੁਪਏ ਦਾ ਵਾਟਰ ਕੂਲਰ ਕੀਤਾ ਗਿਆ। ਸਕੂਲ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਦਾਨ ਦੇਣ ਵਾਲੇ ਐੱਨ ਆਰ ਆਈ ਦਾਨੀ ਸੱਜਣਾਂ ਨੂੰ ਮੋਮੈਂਟੋ ਤੇ ਸ਼ਾਲ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਚੇਅਰਪਰਸਨ ਮਨਜੀਤ ਕੌਰ, ਗੁਰਮੀਤ ਰਾਮ ਸਾਬਕਾ ਸਰਪੰਚ, ਰਾਮ ਗੋਪਾਲ ਸਾਬਕਾ ਸਰਪੰਚ, ਤਰਸੇਮ ਲਾਲ ਮੈਂਬਰ ਪੰਚਾਇਤ, ਰੇਸ਼ਮ ਲਾਲ ਮੈਂਬਰ ਪੰਚਾਇਤ, ਕਮਲਦੀਪ ਸਿੰਘ ਦੀਪਾ (ਭੱਠੇ ਵਾਲੇ), ਜਸਬੀਰ ਸਿੰਘ ਸੰਧੂ ਜਮਸ਼ੇਰ, ਮਾਸਟਰ ਹੀਰਾ ਲਾਲ , ਰਮਨ ਕੁਮਾਰ ਸਾਬਕਾ ਸਰਪੰਚ, ਸੂਬੇਦਾਰ ਜਤਿੰਦਰ ਕੁਮਾਰ, ਇੰਦਰਪਾਲ ਸਿੰਘ ਪ੍ਰਧਾਨ, ਅਮਰਜੀਤ ਕੁਮਾਰ ਸਾਬਕਾ ਪੰਚ, ਤਰੁਣ ਕੁਮਾਰ ਭੰਬੀ, ਪ੍ਰਿੰਸੀਪਲ ਗਿਆਨ ਸਿੰਘ, ਦਵਿੰਦਰ ਕੁਮਾਰ, ਪੁਸ਼ਪਾ ਦੇਵੀ ਪੰਚ, ਸੀਮਾ ਦੇਵੀ ਪੰਚ,ਬਲਵਿੰਦਰ ਕੌਰ, ਵਾਇਸ ਪ੍ਰਿੰਸੀਪਲ ਰਿਸ਼ੀ ਕੁਮਾਰ, ਪਤਵੰਤੇ ਸੱਜਣ, ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ ਸਜਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਠੱਕਰਵਾਲ ਵਿਖੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ, ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਠੱਕਰਵਾਲ ਤੇ ਇਲਾਕੇ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ ਸ਼ਰਧਾ ਭਾਵਨਾ ਨਾਲ ਸਜਾਏ ਗਏ।ਇਸ ਮੌਕੇ ਪ੍ਰਧਾਨ ਅਮਰਜੀਤ ਸਿੰਘ, ਬੇਅੰਤ ਸਿੰਘ ਪੰਚ ਖਜਾਨਚੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ



ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਸ਼ਰਧਾ ਭਾਵਨਾ ਨਾਲ ਕੀਰਤਨ ਸਜਾਏ ਗਏ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਇਹ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਸਾਹਿਬ ਜੀ ਤੋਂ ਆਰੰਭ ਹੋ ਕੇ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਸਮਾਪਤੀ ਹੋਈ। ਉਨ੍ਹਾਂ ਦੱਸਿਆ ਕਿ ਇਹ ਵਿਸ਼ਾਲ ਨਗਰ ਕੀਰਤਨ ਪਿੰਡ ਠੱਕਰਵਾਲ, ਮੌਜੋਮਜਾਰਾ ਅਤੇ ਖੇੜਾ ਤੋਂ ਹੁੰਦਾ ਹੋਇਆ ਸ਼ਾਮ ਨੂੰ ਸਮਾਪਤੀ ਹੋਈ।ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਵਿਸ਼ਾਲ ਨਗਰ ਕੀਰਤਨ ਦੌਰਾਨ ਵੱਖ ਵੱਖ ਮੁਹੱਲਿਆਂ ਵਿੱਚ ਸਵਾਗਤੀ ਗੇਟ ਲਗਾ ਕੇ ਫੁੱਲਾਂ ਦੀ ਵਰਖਾ ਕਰਕੇ ਸੰਗਤਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਵਿਸ਼ਾਲ ਨਗਰ ਕੀਰਤਨ ਦੌਰਾਨ ਸੰਗਤਾਂ ਵੱਲੋਂ ਵੱਖ ਵੱਖ ਪ੍ਰਕਾਰ ਦੇ ਲੰਗਰ ਲਗਾਏ ਗਏ। ਉਨ੍ਹਾਂ ਦੱਸਿਆ ਕਿ ਵਿਸ਼ਾਲ ਨਗਰ ਕੀਰਤਨ ਦੌਰਾਨ ਭਾਈ ਅਵਤਾਰ ਸਿੰਘ ਫਗਵਾੜਾ ਭੁੰਗਰਨੀ ਵਾਲੇ,ਪ੍ਰਭਾਤ ਫੇਰੀ ਜੱਥਾ ਆਦਿ ਨੇ ਗੁਰਬਾਣੀ, ਗੁਰਇਤਿਹਾਸ, ਕਥਾ ਕੀਰਤਨ, ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਵਿਸ਼ਾਲ ਨਗਰ ਕੀਰਤਨ ਦੌਰਾਨ ਪ੍ਰਧਾਨ ਅਮਰਜੀਤ ਸਿੰਘ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਤੇ ਸੰਗਤਾਂ ਦਾ ਨਗਰ ਕੀਰਤਨ ਵਿੱਚ ਸਹਿਯੋਗ ਦੇਣ ਤੇ ਧੰਨਵਾਦ ਕੀਤਾ।ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਵਿਸ਼ਾਲ ਨਗਰ ਕੀਰਤਨ ਮੌਕੇ ਅਮਰਜੀਤ ਸਿੰਘ, ਬੇਅੰਤ ਸਿੰਘ ਪੰਚ ਖਜਾਨਚੀ, ਗੁਰਦੇਵ ਸਿੰਘ, ਜੀਵਨ ਕੁਮਾਰ, ਮਨਜੀਤ ਸਿੰਘ ਫੌਜੀ, ਬਲਵੀਰ ਸਿੰਘ ਫੌਜੀ, ਧਰਮਪਾਲ ਸਿੰਘ, ਦਰਸ਼ਨ ਸਿੰਘ ਰਾਜਾ, ਸੰਜੀਵ ਕੁਮਾਰ, ਸੁੱਚਾ ਸਿੰਘ, ਵਿਜੈ, ਮਨਜਿੰਦਰ ਸਿੰਘ, ਸਾਹਿਲ ਕੋਰੋਟਾਣਾ, ਮੋਹਿਤ ਕੁਮਾਰ, ਗੁਰਨੂਰ ਸਿੰਘ, ਜੱਸੀ, ਜਸਕਰਨ ਕੋਰੋਟਾਣਾ, ਰਾਜਵੀਰ ਸਿੰਘ, ਹਰਮਨ, ਯਸ਼, ਸੰਦੀਪ ਸਿੰਘ, ਵਿਪਨ ਕੁਮਾਰ, ਪਰਮਿੰਦਰ ਸਿੰਘ, ਸਾਹਿਲ, ਕੇਸ਼ਵ, ਜਸਪਾਲ ਸੋਨੂੰ, ਮੰਗਲ ਕਲਸੀ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਰੋਹਿਤ, ਪ੍ਰਿੰਸ, ਜਸਪਾਲ ਸਿੰਘ, ਮਾਸਟਰ ਕਮਲਜੀਤ ਸਿੰਘ, ਜੱਸੀ ਪੇਂਟਰ, ਗੁਰਪਾਲ ਸਿੰਘ, ਹਰਭਜਨ ਜੋਧਾ, ਅਮਰੀਕ ਕਲਸੀ, ਕੁਲਵਿੰਦਰ ਸਿੰਘ ਕੁਵੈਤ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਟ੍ਰੇਡ ਕਮਿਸ਼ਨ ਦੀ ਸ਼ੁਰੂਆਤ

**ਵਪਾਰੀਆਂ ਦੇ ਕੰਮਕਾਜ ਨੂੰ ਸੁਚਾਰੂ ਬਣਾਉਣ ਲਈ 10 ਜ਼ਿਲ੍ਹਿਆਂ 'ਚ ਮੀਟਿੰਗਾਂ**

**ਚੰਡੀਗੜ੍ਹ (ਗੁਰਜੀਤ ਬਿੱਲਾ)**
ਭਗਵੰਤ ਮਾਨ ਸਰਕਾਰ ਨੇ ਸੂਬੇ ਦੇ ਵਪਾਰੀ ਭਾਈਚਾਰੇ ਨੂੰ ਮਜ਼ਬੂਤ ?ਕਰਨ ਤੇ ਛੋਟੇ ਵਪਾਰੀਆਂ, ਦੁਕਾਨਦਾਰਾਂ ਤੇ ਉੱਦਮੀਆਂ ਲਈ ਕਾਰੋਬਾਰੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਦੇ ਉਦੇਸ਼ ਨਾਲ 'ਪੰਜਾਬ ਟ੍ਰੇਡ ਕਮਿਸ਼ਨ' ਦੇ ਗਠਨ ਦਾ ਐਲਾਨ ਕੀਤਾ ਹੈ। ਪੰਜਾਬ ਦੇ ਵਿੱਤ, ਆਬਕਾਰੀ ਤੇ ਕਰ ਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਦੀ ਆਰਥਿਕਤਾ ਨੂੰ ਚਲਾਉਣ ਵਾਲੇ ਲੋਕਾਂ ਲਈ ਸ਼ਾਸਨ ਨੂੰ ਵਧੇਰੇ ਪਹੁੰਚਯੋਗ ਤੇ ਜਵਾਬਦੇਹ ਬਣਾਉਣ ਦੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਵਪਾਰੀਆਂ ਨੂੰ ਰੁਟੀਨ ਦੀਆਂ ਪ੍ਰਵਾਨਗੀਆਂ, ਵਿਭਾਗੀ ਕਲੀਅਰੈਂਸ ਤੇ ਰੋਜ਼ਾਨਾ ਕਾਰੋਬਾਰੀ ਕੰਮਾਂ ਲਈ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ। ਸਾਲਾਂ ਤੋਂ ਛੋਟੇ ਵਪਾਰੀਆਂ ਅਤੇ ਦੁਕਾਨਦਾਰਾਂ ਨੂੰ ਮਾਮੂਲੀ ਮੁੱਦਿਆਂ ਲਈ ਵੀ ਕਈ ਦਫ਼ਤਰਾਂ ਵਿਚਾਲੇ ਭੱਜ-ਦੌੜ ਕਰਕੇ ਆਪਣਾ ਕੀਮਤੀ ਸਮਾਂ ਬਰਬਾਦ ਕਰਨ ਲਈ ਮਜਬੂਰ ਕੀਤਾ ਜਾਂਦਾ ਰਿਹਾ ਹੈ। ਇਹ ਬਦਲਾਅ ਚਾਹੀਦਾ ਹੈ ਤੇ ਮੌਜੂਦਾ ਸਰਕਾਰ ਇਸ ਨੂੰ ਬਦਲਣ ਲਈ ਦ੍ਰਿੜ ਹੈ।ਇਸ ਪਹਿਲਕਦਮੀ ਦੀ ਤਿਆਰੀ ਵਜੋਂ ਫ਼ਰੀਦਕੋਟ, ਫ਼ਤਹਿਗੜ੍ਹ ਸਾਹਿਬ, ਲੁਧਿਆਣਾ, ਮੋਗਾ, ਮਲੇਰਕੋਟਲਾ, ਪਟਿਆਲਾ, ਰੂਪਨਗਰ, ਸੰਗਰੂਰ, ਬਰਨਾਲਾ ਅਤੇ ਬਠਿੰਡਾ ਵਿੱਚ ਸਮੀਖਿਆ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਵਿੱਚ ਸਰਕਾਰੀ ਨੁਮਾਇੰਦਿਆਂ, ਸਥਾਨਕ ਪ੍ਰਸ਼ਾਸਨ ਅਤੇ ਸਬੰਧਤ ਟੀਮਾਂ ਨੇ ਕਮਿਸ਼ਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਸਥਾਨਕ ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ ਅਤੇ ਵਪਾਰੀਆਂ ਨਾਲ ਕਾਰਜਸ਼ੀਲ ਰੂਪ-ਰੇਖਾ ਅਤੇ ਜ਼ਿਲ੍ਹਾ ਪੱਧਰੀ ਤਾਲਮੇਲ ਬਾਰੇ ਚਰਚਾ ਕੀਤੀ।

# ਖੇਤੀਬਾੜੀ ਵਿਭਾਗ ਨੇ ਆਤਮਾ ਸਕੀਮ ਅਧੀਨ ਫਾਰਮਰ ਸਾਇੰਟਿਸਟ ਇੰਟਰਐਕਸ਼ਨ ਕਰਵਾਈ

**ਨਵਾਂਸ਼ਹਿਰ (ਮਨੋਜ ਲਾਡੀ)**
ਖੇਤੀਬਾੜੀ ਵਿਭਾਗ ਵੱਲੋਂ ਆਤਮਾ ਸਕੀਮ ਅਧੀਨ ਡਾ. ਰਾਕੇਸ਼ ਕੁਮਾਰ ਸ਼ਰਮਾ, ਮੁੱਖ ਖੇਤੀਬਾੜੀ ਅਫਸਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਧਾਨਗੀ ਹੇਠ ਮੁੱਖ ਖੇਤੀਬਾੜੀ ਦਫਤਰ ਦੇ ਸੈਮੀਨਾਰ ਹਾਲ ਵਿਖੇ 'ਵਾਤਾਵਰਣ ਤਬਦੀਲੀ ਦਾ ਫਸਲਾਂ ਤੇ ਪ੍ਰਭਾਵ' ਵਿਸ਼ੇ ਤੇ ਫਾਰਮਰ ਸਾਇੰਟਿਸਟ ਇੰਟਰਐਕਸ਼ਨ ਕਰਵਾਈ ਗਈ।



ਇਸ ਮੌਕੇ ਤੇ ਡਾ. ਰਾਕੇਸ਼ ਕੁਮਾਰ ਸ਼ਰਮਾ, ਮੁੱਖ ਖੇਤੀਬਾੜੀ ਅਫਸਰ ਨੇ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਵਾਤਾਵਰਣ ਤਬਦੀਲੀ ਦਾ ਫਸਲਾਂ ਤੇ ਪੈਣ ਵਾਲੇ ਪ੍ਰਭਾਵਾਂ ਦਾ ਟਾਕਰਾ ਕਰਨ ਲਈ ਸਿਫਾਰਸ਼-ਸ਼ੁਦਾ ਫਸਲਾਂ ਦੀਆਂ ਕਿਸਮਾਂ ਲਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਕਿਸਾਨਾਂ ਵੱਲੋਂ ਕੁਦਰਤੀ ਸਰੋਤਾਂ ਦੀ ਸਾਂਭ ਸੰਭਾਲ ਲਈ ਕੁਦਰਤੀ ਖੇਤੀ, ਝੋਨੇ ਦੀ ਸਿੱਧੀ ਬਿਜਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ ਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਗਾਉਣੀ ਚਾਹੀਦੀ। ਉਹਨਾਂ ਕਿਹਾ ਕਿ ਜਿਹਨਾਂ ਕਿਸਾਨਾਂ ਵੱਲੋਂ ਝੋਨੇ ਹੇਠ ਰਕਬਾ ਘਟਾ ਕੇ ਮੱਕੀ ਬੀਜਣ ਨੂੰ ਤਰਜੀਹ ਦਿੱਤੀ ਜਾਵੇਗੀ, ਉਹਨਾਂ ਨੂੰ ਮੱਕੀ ਬੀਜਣ ਤੇ ਆਉਣ ਵਾਲੇ ਖਰਚੇ ਤੇਂ ਸਬਸਿਡੀ ਦਿੱਤੀ ਜਾਵੇਗੀ। ਡਾ. ਕਮਲਦੀਪ ਸਿੰਘ ਸੰਘਾ, ਪ੍ਰੋਜੈਕਟ ਡਾਇਰੈਕਟਰ (ਆਤਮਾ) ਵਲੋਂ ਕਿਸਾਨਾਂ ਨੂੰ ਫਸਲਾਂ ਦੇ ਉਤਪਾਦਨ ਤੇ ਵਾਤਾਵਰਣ ਤਬਦੀਲੀ ਦੇ ਪੈਣ ਵਾਲੇ ਪ੍ਰਭਾਵਾਂ ਅਤੇ ਰੋਕਥਾਮ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸ਼੍ਰੀ. ਚੰਦਨ ਸ਼ਰਮਾ ਨੇ ਖੇਤੀਬਾੜੀ ਵਿਭਾਗ ਵਲੋਂ ਪਰਾਲੀ ਪ੍ਰਬੰਧਨ ਮਸ਼ੀਨਾਂ ਤੇ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਸਬੰਧੀ ਜਾਣਕਾਰੀ ਦਿੱਤੀ। ਕ੍ਰਿਸ਼ਨ ਦੁੱਗਲ, ਭੂਮੀ ਅਤੇ ਪਾਣੀ ਸੰਭਾਲ ਵਿਭਾਗ ਵਲੋਂ ਪਾਣੀ ਦੀ ਸੰਭਾਲ ਸਬੰਧੀ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ।

# ਤੀਜਾ ਕਬੱਡੀ ਕੱਪ 20-21 ਨੂੰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਐਵਾਰਡ ਜੇਤੂ ਨਿੱਕੂਵਾਲ ਸਪੋਰਟਸ ਕਲੱਬ ਵੱਲੋਂ ਪਿੰਡ ਨਿੱਕੂਵਾਲ ਵਿਖੇ ਤੀਜਾ ਕਬੱਡੀ ਕੱਪ 20 ਅਤੇ 21 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਕਲੱਬ ਪ੍ਰਧਾਨ ਸਰਨਪ੍ਰੀਤ ਸਿੰਘ ਸੈਣੀ ਦੀ ਅਗਵਾਈ ਹੇਠ ਹੋਣ ਵਾਲੇ ਇਸ ਦੋ ਰੋਜ਼ਾ ਖੇਡ ਮੇਲੇ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਜਾਰੀ ਹਨ।ਜਾਣਕਾਰੀ ਦਿੰਦਿਆਂ ਸਿੰਘ ਪਿੰਕਾਂ ਸਰੀ ਕਨੇਡਾ ਦੇ ਵਿਸ਼ੇਸ਼ ਉਪਰਾਲੇ ਸਦਕਾ ਇਸ ਵਾਰ ਕਬੱਡੀ ਕੱਪ ਨੂੰ ਵੱਡੇ ਪੱਧਰ ਤੇ ਆਯੋਜਿਤ ਕੀਤਾ ਜਾ ਰਿਹਾ ਹੈ। ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਕਿ ਪਹਿਲੇ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ ਇਕ ਲੱਖ ਰੁਪਏ ਨਗਦ ਇਨਾਮ ਦਿੱਤਾ ਜਾਵੇਗਾ, ਜਦਕਿ ਦੂਜੇ ਸਥਾਨ ਵਾਲੀ ਟੀਮ ਨੂੰ 75 ਹਜ਼ਾਰ ਰੁਪਏ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬੈਸਟ ਜਾਫੀ ਅਤੇ ਬੈਸਟ ਰੇਡਰ ਨੂੰ ਮੋਟਰਸਾਈਕਲ ਇਨਾਮ ਵਜੋਂ ਦਿੱਤਾ ਜਾਵੇਗਾ।ਇਸ ਮੌਕੇ ਸੈਣੀ ਸੁਰਿੰਦਰ, ਮਨਪ੍ਰੀਤ ਸਿੰਘ ਗੱਗੀ, ਜਤਿਨ ਸੈਣੀ, ਹਰਮਨ ਸੈਣੀ, ਅੰਛਰ ਸੈਣੀ, ਕੀਰਤ ਸੈਣੀ, ਭੁਪਿੰਦਰ ਸਿੰਘ ਬੱਗਾ ਭਲਾਨ ਅਤੇ ਜਗਜੀਤ ਸਿੰਘ ਬੱਗਾ ਭਲਾਨ ਆਦਿ ਵੱਲੋਂ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ। ਕਮੈਂਟਰੀ ਦੀ ਜ਼ਿੰਮੇਵਾਰੀ ਸੰਜੂ ਪੰਡਿਤ ਨਿਭਾਉਣਗੇ ਜਦਕਿ ਮੁਕਾਬਲਿਆਂ ਦੀ ਨਿਗਰਾਨੀ ਪੰਚ ਪਰਮਜੀਤ ਸਿੰਘ ਪੰਮੀ ਵੱਲੋਂ ਕੀਤੀ ਜਾਵੇਗੀ।ਕਲੱਬ ਪ੍ਰਬੰਧਕਾਂ ਨੇ ਦੱਸਿਆ ਕਿ ਖਿਡਾਰੀਆਂ ਅਤੇ ਦਰਸ਼ਕਾਂ ਲਈ ਪੂਰੇ ਪ੍ਰਬੰਧ ਕੀਤੇ ਗਏ ਹਨ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਜਾਵੇਗਾ ਅਤੇ ਬੈਠਕ ਤੇ ਪਾਰਕਿੰਗ ਦੀ ਵਿਸ਼ੇਸ਼ ਵਿਵਸਥਾ ਹੋਵੇਗੀ।

# ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਵੱਲੋਂ ਗੇਟ ਰੈਲੀ




**ਜਲੰਧਰ (ਰਾਜੇਸ਼ ਥਾਪਾ)**
ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਜਲੰਧਰ ਵੱਲੋਂ ਡਿੱਪੂ 2 ਤੇ ਗੇਟ ਰੈਲੀ ਕੀਤੀ ਗਈ। ਇਸ ਨੂੰ ਸੈਂਟਰ ਬਾਡੀ ਦੇ ਨੇਤਾਵਾਂ ਨੇ ਸੰਬੋਧਨ ਕਰਦਿਆਂ ਸਰਕਾਰ ਦੀ ਵਰਕਰ-ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਨੂੰ ਲਾਗੂ ਨਾ ਕਰਨ ਤੇ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸਾਥੀ ਅਵਤਾਰ ਸਿੰਘ ਤਾਰੀ ਤੇ ਗੁਰਜੀਤ ਸਿੰਘ ਸੂਬਾ ਮੀਤ ਸਕੱਤਰ ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ ਵੱਲੋਂ ਦੱਸਿਆ ਗਿਆ ਕਿ ਖਜ਼ਾਨਾ ਮੰਤਰੀ ਵੱਲੋਂ ਵਰਕਰਾਂ ਨਾਲ ਬਾਰ-ਬਾਰ ਮੀਟਿੰਗਾਂ ਦੇ ਕੇ ਵੀ ਮੀਟਿੰਗ ਲਈ ਸਮਾਂ ਨਹੀਂ ਦਿੱਤਾ ਜਾ ਰਿਹਾ। 30 ਜਨਵਰੀ ਲੁਧਿਆਣਾ, 4 ਫਰਵਰੀ ਅੰਮ੍ਰਿਤਸਰ ਅਤੇ 11 ਫਰਵਰੀ ਪੱਟੀ, 24 ਫਰਵਰੀ ਰੂਪੜ, 28 ਫਰਵਰੀ ਮੁਕਤਸਰ ਵਿਖੇ ਗੇਟ ਰੈਲੀਆਂ ਕੀਤੀਆਂ ਜਾਣਗੀਆਂ।ਅਗਲੀ ਵਿਸ਼ਾਲ ਰੈਲੀ ਟ੍ਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਹਲਕੇ ਪੱਟੀ ਵਿਖੇ 7 ਮਾਰਚ 2026 ਨੂੰ ਕੀਤੀ ਜਾਵੇਗੀ।ਗੇਟ ਰੈਲੀ ਨੂੰ ਜਗਦੀਸ਼ ਸਿੰਘ ਚਾਹਲ, ਗੁਰਜੰਟ ਸਿੰਘ ਕੋਕਰੀ, ਦੀਦਾਰ ਸਿੰਘ, ਸਤੀਸ਼ ਸਿੰਘ ਬਾਜਵਾ, ਬਲਵਿੰਦਰ ਸਿੰਘ, ਅਵਤਾਰ ਸਿੰਘ ਵਿਰਕ, ਦਵਿੰਦਰ ਪਾਲ ਸਿੰਘ, ਸੰਤੋਖ ਸਿੰਘ, ਪ੍ਰਦੀਪ ਕੁਮਾਰ, ਕਿਰਪਾਲ ਸਿੰਘ ਜੌਹਲ, ਮਦਨ ਲਾਲ ਚੀਮਾ, ਕਸ਼ਮੀਰ ਸਿੰਘ, ਪਰਮਜੀਤ ਸਿੰਘ, ਹਰਿੰਦਰ ਸਿੰਘ ਚੀਮਾ, ਹਰੀਸ਼ ਕੁਮਾਰ ਸੰਤੋਖ ਸਿੰਘ,ਵਿਜੈ ਕੁਮਾਰ ਸਮੂਹ ਰੋਡਵੇਜ਼ ਆਗੂਆਂ ਨੇ ਕਿਹਾ ਕਿ ਸਰਕਾਰ ?16% ਪੈਂਡਿੰਗ ਡੀਏ ਦਾ ਭੁਗਤਾਨ ਕਰੇ।

# ਸੜਕ ਹਾਦਸੇ 'ਚ ਬੱਚੀ ਦੀ ਮੌਤ

**ਅੱਡਾ ਸਰਾਂ, (ਜਸਵੀਰ ਕਾਜਲ)**-ਪਿੰਡ ਰਾਮਪੁਰ ਦੇ ਮੋੜ ਨੇੜੇ ਕਾਰ ਦੀ ਲਪੇਟ ਵਿਚ ਆਉਣ ਕਾਰਨ 8 ਵਰ੍ਹਿਆਂ ਦੀ ਲੜਕੀ ਦੀ ਮੌਤ ਹੋ ਗਈ । ਇਸ ਤੋਂ ਬਾਅਦ ਪੁਲਸ ਨੇ ਇਹ ਮਾਮਲਾ ਹਾਦਸੇ ਵਿਚ ਮੌਤ ਦਾ ਸ਼ਿਕਾਰ ਹੋਈ ਲੜਕੀ ਗੁਰਕੀਰਤ ਕੌਰ ਦੇ ਪਿਤਾ ਅਮ੍ਰਿਤਪਾਲ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਰਾਮਪੁਰ ਦੇ ਬਿਆਨ ਦੇ ਅਧਾਰ ਤੇ ਕਾਰ ਦੇ ਅਣਪਛਾਤੇ ਚਾਲਕ ਦੇ ਖਿਲਾਫ ਦੇ ਖਿਲਾਫ ਦਰਜ ਕੀਤਾ ਹੈ ।ਆਪਣੇ ਬਿਆਨ ਵਿਚ ਅਮ੍ਰਿਤਪਾਲ ਨੇ ਦੱਸਿਆ ਕਿ 16 ਫਰਵਰੀ ਦੀ ਸ਼ਾਮ ਨੂੰ ਉਹ ਆਪਣੀਆਂ ਬੇਟੀਆਂ ਨਾਲ ਕੰਧਾਲਾ ਜੱਟਾਂ ਤੋਂ ਆਪਣੇ ਪਿੰਡ ਵੱਲ ਜਾ ਰਿਹਾ ਸੀ ਜਦੋ ਉਹ ਰਾਮਪੁਰ ਮੋੜ ਨੇੜੇ ਸੜਕ ਪਾਰ ਕਰਨ ਲਈ ਸੜਕ ਕਿਨਾਰੇ ਖੜੇ ਸਨ ਤਾਂ ਹੁਸ਼ਿਆਰਪੁਰ ਵੱਲੋਂ ਆਈ ਤੇਜ ਰਫਤਾਰ ਕਾਰ ਨੇ ਗੁਰਕੀਰਤ ਵਿਚ ਟੱਕਰ ਮਾਰ ਦਿੱਤੀ ਅਤੇ ਚਾਲਕ ਆਪਣੀ ਕਾਰ ਲੈ ਕੇ ਮੌਕੇ ਤੋਂ ਫਰਾਰ ਹੋ ਗਿਆ ਜਿਸ ਦਾ ਨੰਬਰ ਉਸਨੇ ਪੜ੍ਹ ਕੇ ਪੁਲਸ ਨੂੰ ਦੇ ਦਿੱਤਾ ਹੈ। ਗੰਭੀਰ ਜਖਮੀ ਗੁਰਕੀਰਤ ਨੂੰ ਉਸ ਨੇ ਹਸਪਤਾਲ ਲਿਜਾਇਆ ਪਰ ਉਸਦੀ ਮੌਤ ਹੋ ਗਈ ਸੀ। ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਅੱਖਾਂ ਦਾ ਫਰੀ ਅਪ੍ਰੇਸ਼ਨ ਕੈਂਪ ਲਗਾਇਆ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**
ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ



ਦੇ ਕਾਰਜ ਕਰ ਰਹੀ ਹੈ। ਲਾਇਨਜ਼ ਕਲੱਬ ਆਦਮਪੁਰ, ਲਾਇਨਜ਼ ਆਈ ਹਸਪਤਾਲ ਸੋਸਾਇਟੀ ਵੱਲੋਂ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸੰਸਥਾ ਰਜਿ.ਅਜਨੋਹਾ ਅਤੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨੂਰੁੜ ਦੇ ਸਹਿਯੋਗ ਨਾਲ ਚੌਥਾ ਅੱਖਾਂ ਦਾ ਫ੍ਰੀ ਚੈੱਕਅੱਪ ਕੈਂਪ ਸਿੰਘ ਸਭਾ ਗੁਰਦੁਆਰਾ ਸਾਹਿਬ ਪਿੰਡ ਮੁਖਲਿਆਣਾ ਵਿਖੇ ਲਗਾਇਆ ਗਿਆ।ਅੱਖਾਂ ਦੇ ਆਪਰੇਸ਼ਨ ਵਾਲੇ ਮਰੀਜ਼ਾਂ ਨੂੰ ਮੁਖਲਿਆਣਾ ਤੋਂ ਆਦਮਪੁਰ ਲਜਾਇਆ ਗਿਆ। ਇਸ ਮੌਕੇ ਗੁਰੂ ਘਰ ਵਜ਼ੀਰ ਭਾਈ ਮਨਦੀਪ ਸਿੰਘ, ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਜਤਿੰਦਰ ਸਿੰਘ ਰਾਣਾ ਖਾਲਸਾ ਮੁਖਲਿਆਣਾ ਡਿਸਪੈਂਸਰੀ ਅਤੇ ਲੈਬੋਰਟਰੀ ਇਨਚਾਰਜ, ਬਲਜੀਤ ਸਿੰਘ ਬਿੱਲਾ ਅਜਨੋਹਾ, ਓਕਾਰ ਸਿੰਘ ਨਰੂੜ,ਹਰਦੀਪ ਸਿੰਘ, ਪ੍ਰਿੰਸੀਪਲ ਕੁਲਵੰਤ ਕੌਰ ਪ੍ਰੋਫੈਸਰ ਗੁਰਪ੍ਰੀਤ ਸਿੰਘ, ਪਰਮਿੰਦਰ ਸਿੰਘ, ਮਨਦੀਪ ਕੌਰ, ਰਾਜਵਿੰਦਰ ਕੌਰ, ਬੱਚੇ, ਗਗਨਜੀਤ ਸਿੰਘ, ਗੁਰਕੀਰਤ ਸਿੰਘ, ਸਿਮਰਤ ਸਿੰਘ, ਅਕਾਸ਼ਦੀਪ ਸਿੰਘ ਬਿੱਟੂ, ਪ੍ਰਭਜੋਤ ਕੌਰ ਹਰਸਿਮਰਨ ਕੌਰ,ਅਰਮਾਨ,ਮੰਨਤ,ਹਰਮਨ,ਗੁਰਜੋਤ ਸਿੰਘ, ਬਲਜੀਤ ਸਿੰਘ,ਹਰਲੀਨ ਕੌਰ,ਸਿਮਰਨ ਕੌਰ, ਗੁਰਜਸ ਸਿੰਘ, ਨਵਨੀਤ ਕੁਮਾਰ, ਪ੍ਰਭਜੋਤ ਸਿੰਘ,ਗੌਤਮ ਭਾਟੀਆ, ਅਰਸ਼ਪ੍ਰੀਤ ਸਿੰਘ, ਦਵਿੰਦਰ ਸਿੰਘ,ਅਵਤਾਰ ਸਿੰਘ ,ਸੁਖਦੇਵ ਸਿੰਘ ਪੰਚ, ਨਿਰਮਲਜੀਤ ਸਿੰਘ, ਮਨਪ੍ਰੀਤ ਸਿੰਘ ,ਕੁਲਵੰਤ ਕੌਰ, ਪਰਮਿੰਦਰ ਕੌਰ, ਕੁਲਵਿੰਦਰ ਕੌਰ, ਤੀਰਥ ਸਿੰਘ ,ਪ੍ਰਭਜੋਤ ਸਿੰਘ, ਦੀਪ ਸਿੰਘ, ਪ੍ਰੋਫੈਸਰ ਗੁਰਪ੍ਰੀਤ ਸਿੰਘ, ਲਖਵਿੰਦਰ ਸਿੰਘ, ਕਰਨਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਫ਼ਤਹਿ ਸਿੰਘ, ਹਰਸਿਮਰਨਜੀਤ ਸਿੰਘ, ਭਾਈ ਜਸਵਿੰਦਰ ਸਿੰਘ ਜੀ, ਦਲਜੀਤ ਸਿੰਘ, ਜਰਨੈਲ ਸਿੰਘ, ਦਲਜੀਤ ਸਿੰਘ, ਸਰਪੰਚ ਓਕਾਰ ਸਿੰਘ ਆਦਿ ਹਾਜ਼ਰ ਸਨ।


# ਰਾਜਨੀਤਕ ਦਲ ਪਾਰਦਰਸ਼ੀ ਪ੍ਰਸ਼ਾਸਨ ਨੂੰ ਆਪਣਾ ਮੁੱਖ ਏਜੰਡਾ ਬਣਾਉਣ : ਰਾਣਾ




**ਪੋਜੇਵਾਲ (ਰਾਮ ਲਾਲ)**
ਪੰਜਾਬ ਅੰਦਰ ਰਾਜਨੀਤਕ ਧਿਰਾਂ, ਰੋਜ਼ਗਾਰ, ਸਿਹਤ ਸੇਵਾਵਾਂ, ਵਿਦਿਆ, ਸ਼ੁੱਧ ਪਾਣੀ, ਭਰਿਸ਼ਟਾਚਾਰ ਰਹਿਤ ਤੇ ਪਾਰਦਰਸ਼ੀ ਪ੍ਰਸ਼ਾਸਨ, ਖੇਤੀ ਅਤੇ ਸਨਅਤੀਕਰਨ ਨੂੰ ਆਪਣਾ ਮੁੱਖ ਏਜੰਡਾ ਬਣਾਉਣ। 12 ਫਰਵਰੀ ਦੀ ਦੇਸ਼ ਵਿਆਪੀ ਸਫਲ ਹੜਤਾਲ ਨੇ ਸਾਬਤ ਕਰ ਦਿੱਤਾ ਹੈ ਕਿ ਕਿਰਤੀ ਧਿਰ, ਸਾਮਰਾਜ ਅਤੇ ਕਾਰਪੋਰੇਟ ਦੀ ਅੰਨੀ ਲੁੱਟ ਨੂੰ ਰੋਕਣ ਦੇ ਸਮਰੱਥ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਇੱਥੇ ਮਨਰੇਗਾ ਅਧਿਕਾਰ ਅੰਦੋਲਨ ਤੇ ਕਿਸਾਨ ਆਗੂਆਂ ਦੀ ਸਾਂਝੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਹਨਾਂ ਕਿਹਾ ਕਿ ਬਿਜਲੀ ਸੋਧ ਬਿਲ 2025, ਨੂੰ ਰੋਕਣ, ਮਨਰੇਗਾ ਕਾਨੂੰਨ ਦੀ ਬਹਾਲੀ, ਚਾਰ ਲੇਬਰ ਕੋਡ ਰੱਦ ਕਰਵਾਉਣ ਲਈ ਅਤੇ ਭਾਰਤ ਅਮਰੀਕਾ ਮੁਕਤ ਵਪਾਰ ਸਮਝੌਤਾ ਰੱਦ ਕਰਵਾਉਣ ਲਈ ਕਿਸਾਨ, ਮਜ਼ਦੂਰ, ਮੁਲਾਜ਼ਮਾਂ ਅਤੇ ਕਿਰਤੀ ਲੋਕਾਂ ਦਾ ਵਿਸ਼ਾਲ ਏਕਾ ਸੰਘਰਸ਼ਾਂ ਰਾਹੀਂ ਕੇਂਦਰ ਸਰਕਾਰ ਨੂੰ ਮਜਬੂਰ ਕਰ ਦੇਣਗੇ ਕਿ ਉਹ ਲੋਕਾਂ ਦੇ ਹਿੱਤ ਦੇ ਫੈਸਲੇ ਲਵੇ।ਅੰਤ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਸਨਅਤੀ ਖੇਤਰ ਵਿੱਚ ਤੇਜੀ ਨਾਲ ਫੈਲ ਰਹੇ ਹਵਾ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਠੋਸ ਬੰਦੋ ਬਸਤ ਕੀਤੇ ਜਾਣ। ਮੀਟਿੰਗ ਨੇ ਇਹ ਵੀ ਫੈਸਲਾ ਕੀਤਾ ਕਿ ਪ੍ਰਦੂਸ਼ਣ ਵਿਰੁੱਧ ਸਨਅਤੀ ਖੇਤਰ ਦੇ ਲੋਕਾਂ ਵੱਲੋਂ ਜੋ ਵੀ ਸੰਘਰਸ਼ ਵਿਡਿਆ ਜਾਵੇਗਾ ਉਸ ਦੀ ਜਥੇਬੰਦੀ ਪੂਰਨ ਹਮਾਇਤ ਕਰੇਗੀ। ਇਸ ਮੌਕੇ ਸਾਥੀ ਕਰਨੈਲ ਸਿੰਘ ਭੱਲਾ, ਸਤਪਾਲ ਸਿੰਘ, ਮਨੋਹਰ ਲਾਲ, ਪ੍ਰਤਾਪ ਸਿੰਘ ਰਾਣਾ, ਮਾਸਟਰ ਮਾਸਟਰ ਮੋਹਨ ਚੰਦ ਅਤੇ ਜਗਦੀਸ਼ ਰਾਏ ਨੇ ਵੀ ਆਪਣੇ ਵਿਚਾਰ ਰੱਖੇ।

# ਬਜਟ ਸੈਸ਼ਨ ਹਰਿਆਣਾ ਦੇ ਵਿਕਾਸ ਨੂੰ ਨਵੀਂ ਦਿਸ਼ਾ ਦੇਵੇਗਾ : ਸੈਣੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 20 ਫਰਵਰੀ ਤੋਂ ਸ਼ੁਰੂ ਹੋਣ ਵਾਲਾ ਹਰਿਆਣਾ ਵਿਧਾਨ ਸਭਾ ਦਾ ਬਜਟ ਸੈਸ਼ਨ ਰਾਜ ਦੀ ਵਿਕਾਸ ਦਿਸ਼ਾ, ਜਨ ਭਲਾਈ ਤਰਜੀਹਾਂ ਅਤੇ ਭਵਿੱਖ ਦੀਆਂ ਯੋਜਨਾਵਾਂ ਲਈ ਇੱਕ ਮਜ਼ਬੂਤ ਨੀਂਹ ਪ੍ਰਦਾਨ ਕਰੇਗਾ।



ਭਾਜਪਾ ਸਰਕਾਰ ਵੱਲੋਂ ਅਹੁਦਾ ਸੰਭਾਲਣ 'ਤੇ ਰਾਜ ਦੇ ਲੋਕਾਂ ਨੂੰ ਪੇਸ਼ ਕੀਤਾ ਗਿਆ ਮੈਨੀਫੈਸਟੋ ਸਾਡੇ ਲਈ ਗੀਤਾ ਵਾਂਗ ਹੈ। ਇਹ ਸੁਸ਼ਾਸਨ, ਪਾਰਦਰਸ਼ਤਾ ਅਤੇ ਜਨ ਭਲਾਈ ਪ੍ਰਤੀ ਰਾਜ ਸਰਕਾਰ ਦੀ ਵਚਨਬੱਧਤਾ ਦਾ ਸਪੱਸ਼ਟ ਦਸਤਾਵੇਜ਼ ਹੈ।ਮੁੱਖ ਮੰਤਰੀ ਨਾਇਬ ਸਿੰਘ ਸੈਣੀ ਚੰਡੀਗੜ੍ਹ ਦੇ ਹਰਿਆਣਾ ਨਿਵਾਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਮੀਟਿੰਗ ਦੌਰਾਨ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਪ੍ਰਮੁੱਖ ਸਕੱਤਰ ਸ੍ਰੀ ਅਰੁਣ ਕੁਮਾਰ ਗੁਪਤਾ, ਸੂਚਨਾ ਅਤੇ ਲੋਕ ਸੰਪਰਕ (ਭਾਸ਼ਾ) ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਕੇ. ਮਕਰੰਦ ਪਾਂਡੂਰੰਗ ਅਤੇ ਮੁੱਖ ਮੰਤਰੀ ਦੇ ਮੀਡੀਆ ਸਕੱਤਰ ਸ੍ਰੀ ਪ੍ਰਵੀਨ ਅਤਰੇਆ ਮੌਜੂਦ ਸਨ।

# ਅੰਤਰਰਾਸ਼ਟਰੀ ਕਬੱਡੀ ਕੱਪ ਸ਼ਾਨੋ-ਸ਼ੌਕਤ ਨਾਲ ਸਮਾਪਤ

**ਬੰਗਾ (ਅਵਤਾਰ ਕਲੇਰ)**
ਪਿੰਡ ਘੁੰਮਣਾ ਦਾ ਸਾਲਾਨਾ ਅੰਤਰ ਰਾਸ਼ਟਰੀ ਕਬੱਡੀ ਕੱਪ ਸ੍ਰੀ ਗੁਰੂ ਰਵਿਦਾਸ ਸਪੋਰਟਸ ਐਂਡ ਵੈਲਫੇਅਰ ਕਲੱਬ ਘੁੰਮਣਾ ਵਲੋਂ ਚੇਅਰਮੈਨ ਬਲਵੀਰ ਬੈਂਸ ਕਨੇਡਾ, ਪ੍ਰਧਾਨ ਪਾਲ ਸਿੰਘ ਮੇਹਲੀਆਣਾ ਤੇ ਮੁੱਖ ਪ੍ਰਬੰਧਕ ਕਮਲਜੀਤ



ਬੰਗਾ ਦੀ ਦੇਖ ਰੇਖ ਹੇਠ ਸ੍ਰੀ ਗੁਰੂ ਰਵਿਦਾਸ ਸਟੇਡੀਅਮ ਘੁੰਮਣਾ ਵਿਖੇ ਕਰਵਾਇਆ ਗਿਆ ਜਿਸ ਵਿੱਚ 4 ਕਲੱਬਾਂ ਤੇ 6 ਲੜਕੀਆਂ ਦੀਆਂ ਟੀਮਾਂ ਦੇ ਮੁਕਾਬਲੇ ਹੋਏ। ਲੜਕੀਆਂ ਦੀਆਂ ਟੀਮਾਂ ਵਿੱਚੋਂ ਮਾਈ ਭਾਗੋ ਕਬੱਡੀ ਅਕੈਡਮੀ ਜਗਤਪੁਰ ਪਹਿਲੇ ਸਥਾਨ ਤੇ 41,000 ਦਾ ਇਨਾਮ ਪ੍ਰਾਪਤ ਕੀਤਾ। ਲੜਕਿਆਂ ਵਿੱਚ ਬਾਬਾ ਵਿਧੀ ਚੰਦ ਕੱਬਡੀ ਕਲੱਬ ਫਰੰਦੀਪੁਰ ਪਹਿਲੇ ਸਥਾਨ ਦੇ ਆਏ ਤੇ 2 ਲੱਖ ਰੁਪਏ ਦਾ ਨਗਦ ਇਨਾਮ ਪ੍ਰਾਪਤ ਕੀਤਾ ਤੇ ਦੂਸਰੇ ਸਥਾਨ ਤੇ ਆਉਣ ਵਾਲੇ ਗੁਰੂ ਗੋਬਿੰਦ ਸਿੰਘ ਕੱਬਡੀ ਕਲੱਬ ਮਾਛੀਵਾੜਾ ਸਾਹਿਬ ਦੀ ਟੀਮ ਆਈ ਜਿਨ੍ਹਾਂ ਨੇ ਡੇਢ ਲੱਖ ਰੁਪਏ ਦਾ ਇਨਾਮ ਪ੍ਰਾਪਤ ਕੀਤਾ। ਬੇਸਟ ਸਟੋਪਰ ਗੋਪੀ ਫਰੰਦੀਪੁਰੀਆ ਮੋਟਰਸਾਇਕਲ ਨਾਲ ਸਨਮਾਨਤ ਕੀਤਾ। ਬੇਸਟ ਰੇਡਰ ਪਰਦੀਪ ਰਾਉਵਾਲ ਨੂੰ ਵੀ ਮੋਟਰਸਾਇਕਲ ਨਾਲ ਸਨਮਾਨਤ ਕੀਤਾ। ਟੂਰਨਾਮੈਂਟ ਵਿੱਚ ਵੱਖ ਵੱਖ ਰਾਜਨੀਤਿਕ, ਧਾਰਮਿਕ ਸ਼ਖਸੀਅਤਾ ਨੇ ਸ਼ਿਰਕਤ ਕਰਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਪ੍ਰਬੰਧਕਾਂ ਵਲੋਂ ਆਏ ਮਹਿਮਾਨਾਂ ਤੇ ਸਹਿਯੋਗੀਆਂ ਨੂੰ ਯਾਦਗਾਰੀ ਚਿੰਨ ਦੇ ਸਨਮਾਨਤ ਕੀਤਾ। ਇਸ ਮੌਕੇ ਚੇਅਰਮੈਨ ਓਮ ਪ੍ਰਕਾਸ਼ ਹਰਿਆਣਾ ਸਰਕਾਰ, ਬਲਵਿੰਦਰ ਸਿੰਘ ਧਾਲੀਵਾਲ ਵਿਧਾਇਕ ਫਗਵਾੜਾ, ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ ਬੰਗਾ, ਬਿੰਦਰ ਘੁੰਮਣ ਕਨੇਡਾ, ਪ੍ਰਿੰਸ ਕਨੇਡਾ, ਜੱਸਾ ਕਨੇਡਾ, ਨੇਕਾ ਕਨੇਡਾ, ਸੋਡੀ ਕੈਨੇਡਾ, ਕੁਲਵਿੰਦਰ ਸਿੰਘ ਬਦੇਸ਼ਾ, ਰੇਸ਼ਮ ਸਿੰਘ, ਗੁਰਦਿਆਲ ਸਿੰਘ ਬਹੂਆ, ਸਾਈਂ ਮਧੂ, ਇੰਸਪੈਕਟਰ ਮੀਨਾ ਕੁਮਾਰੀ, ਜਥੇਦਾਰ ਗੁਰਬਖਸ਼ ਸਿੰਘ, ਸੁਖਦੇਵ ਸਿੰਘ ਮੇਹਲੀਆਣਾ, ਸੁਖਬੀਰ ਸਿੰਘ ਕਿੰਨੜਾ, ਡਾ. ਜਸਪ੍ਰੀਤ ਆਲੀਆ, ਰਣਜੀਤ ਸਿੰਘ ਖੁਰਾਣਾ, ਗੁਰਜੀਤ ਸਿੰਘ ਵਾਲੀਆ, ਧਰਮਾ ਬੈਂਸ, ਸੋਨੂੰ ਬੰਗਾ, ਸੰਦੀਪ ਕਟਾਰੀਆ, ਬਲਜਿੰਦਰ ਘੁੰਮਣ ਆਦਿ ਹਾਜ਼ਰ ਸਨ।

# ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ 'ਤੇ ਸੈਮੀਨਾਰ

**ਆਦਮਪੁਰ (ਪਰਮਜੀਤ ਸਿੰਘ)**-ਸਤਿਕਾਰ ਯੋਗ ਸੰਤ ਬਾਬਾ ਮਲਕੀਤ ਸਿੰਘ ਜੀ (ਬਾਨੀ ਚਾਂਸਲਰ) ਤੇ ਸੰਤ ਬਾਬਾ ਦਿਲਾਵਰ ਸਿੰਘ ਜੀ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਦੀ ਪ੍ਰੇਰਨਾ ਨਾਲ ਤੇ ਉਪ-ਕੁਲਪਤੀ ਡਾ.ਵਿਜੈ ਧੀਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿੱਚ ਸੰਤ ਬਾਬਾ



ਭਾਗ ਸਿੰਘ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ ਅੰਤਰਰਾਸਟੀ ਮਾਤ ਭਾਸ਼ਾ ਦਿਵਸ ਉੱਤੇ ਰੂ-ਬ-ਰੂ ਸੈਮੀਨਾਰ ਕਰਵਾਇਆ ਗਿਆ।ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੇ ਮੌਕੇ ਯੂਨੀਵਰਸਿਟੀ ਵਿੱਚ 'ਪੰਜਾਬੀ ਕਵਿਤਾ: ਸੁਹਜ ਅਤੇ ਸੰਵੇਦਨਾ' ਵਿਸ਼ੇ ਉੱਤੇ ਇਕ ਵਿਸ਼ੇਸ਼ ਬੌਧਿਕ ਸੰਵਾਦ ਆਯੋਜਿਤ ਕੀਤਾ ਗਿਆ। ਇਸ ਮੌਕੇ ਪ੍ਰਸਿੱਧ ਸਾਹਿਤਕਾਰ ਤੇ ਵਿਦਵਾਨ ਪ੍ਰੋ. ਡਾ. ਸੁਹਿੰਦਰਬੀਰ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਪੰਜਾਬੀ ਕਵਿਤਾ ਦੀ ਸੁੰਦਰਤਾ ਤੇ ਮਨੁੱਖੀ ਸੰਵੇਦਨਾ ਨਾਲ ਉਸਦੇ ਡੂੰਘੇ ਸੰਬੰਧਾਂ ਉੱਤੇ ਰੌਸ਼ਨੀ ਪਾਈ।ਉਨ੍ਹਾਂ ਨੇ ਕਿਹਾ ਕਿ ਪੰਜਾਬੀ ਕਵਿਤਾ ਸਿਰਫ਼ ਸ਼ਬਦਾਂ ਦੀ ਰਚਨਾ ਨਹੀਂ, ਸਗੋਂ ਇਹ ਸਮਾਜਕ ਚੇਤਨਾ, ਦੁੱਖ-ਸੁੱਖ ਅਤੇ ਮਨੁੱਖੀ ਅਹਿਸਾਸਾਂ ਦੀ ਪ੍ਰਗਟਾਵਾ ਹੈ। ਉਨ੍ਹਾਂ ਨੇ ਦੱਸਿਆ ਕਿ ਕਵਿਤਾ ਵਿੱਚ ਸੁਹਜ ਅਤੇ ਸੰਵੇਦਨਾ ਦਾ ਮਿਲਾਪ ਹੀ ਇਸ ਨੂੰ ਜੀਵੰਤ ਬਣਾਉਂਦਾ ਹੈ।ਉਨ੍ਹਾਂ ਆਪਣੇ ਸੰਬੋਧਨ ਵਿੱਚ ਇਹ ਵੀ ਕਿਹਾ ਕਿ ਮਾਤ ਭਾਸ਼ਾ ਵਿੱਚ ਰਚੀ ਗਈ ਕਵਿਤਾ ਮਨੁੱਖ ਦੇ ਮਨ ਨਾਲ ਸਿੱਧਾ ਸੰਬੰਧ ਜੋੜਦੀ ਹੈ ਅਤੇ ਨਵੀਂ ਪੀੜ੍ਹੀ ਨੂੰ ਆਪਣੀ ਸੱਭਿਆਚਾਰਕ ਜੜ੍ਹਾਂ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਪੰਜਾਬੀ ਕਵਿਤਾ ਵਿੱਚ ਲੋਕ-ਜੀਵਨ, ਪ੍ਰਕ੍ਰਿਤੀ, ਪ੍ਰੇਮ ਅਤੇ ਸੰਘਰਸ਼ ਦੀ ਪ੍ਰਤੀਬਿੰਬਤਾ ਉਸਨੂੰ ਵਿਸ਼ਵ ਪੱਧਰ 'ਤੇ ਵਿਸ਼ੇਸ਼ ਬਣਾਉਂਦੀ ਹੈ।ਇਸ ਸਮਾਗਮ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ । ਅਖੀਰ ਵਿੱਚ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਪ੍ਰੋ. ਡਾ. ਸੁਹਿੰਦਰਬੀਰ ਸਿੰਘ ਦਾ ਧੰਨਵਾਦ ਕੀਤਾ ਗਿਆ ਅਤੇ ਮਾਤ ਭਾਸ਼ਾ ਦੇ ਸਨਮਾਨ ਨੂੰ ਕਾਇਮ ਰੱਖਣ ਦਾ ਸੰਦੇਸ਼ ਦਿੱਤਾ ਗਿਆ। ਸਮਾਪਤੀ ਸਮੇਂ ਕੋਆਰਡੀਨੇਟਰ ਡਾ.ਮਨਦੀਪ ਸਿੰਘ ,ਡੀਨ(ਯੂ.ਆਈ.ਐਚ) ਸਹਾਇਕ ਪ੍ਰੋ. ਪੰਜਾਬੀ ਵੱਲੋਂ ਧੰਨਵਾਦੀ ਸ਼ਬਦ ਕਹੇ ਗਏ।


# ਗੁਰਮਤਿ ਸਮਾਗਮ ਕਰਵਾਇਆ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**
ਸੱਚਖੰਡ ਵਾਸੀ ਮਹਾਂਪੁਰਖ ਸ਼੍ਰੀਮਾਨ ਸੰਤ ਬਾਬਾ ਹਾਕਮ ਸਿੰਘ ਜੀ ਪੀਰ ਬਾਲਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਪਹਿਲਾਂ ਗੁਰਮਤਿ ਸਮਾਗਮ ਗੁ. ਪੀਰ ਬਾਲਾ ਸਾਹਿਬ ਜੀ ਪਾਤਸ਼ਾਹੀ ਪਹਿਲੀ ਪਿੰਡ ਫਤਿਹਪੁਰ ਕੋਠੀ ਵਿਖੇ ਕਰਵਾਇਆ ਗਿਆ। ਜਥੇਦਾਰ ਬਾਬਾ ਸੁੱਖਾ ਸਿੰਘ ਜੀ ਮੁੱਖ ਸੇਵਾਦਾਰ ਗੁਰਦੁਆਰਾ ਪੀਰ ਬਾਲਾ ਸਾਹਿਬ ਅਤੇ ਜਥੇਦਾਰ ਬਾਬਾ ਨਾਗਰ ਸਿੰਘ ਜੀ ਟੂਟੋਮਜਾਰਾ ਜੀ ਦੀ ਦੇਖ ਰੇਖ ਹੇਠ ਜਥੇਬੰਦੀ ਦੇ ਸਿੰਘਾਂ ਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ



ਸਹਿਯੋਗ ਨਾਲ ਹੋਏ ਇਸ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਇਸ ਤੋਂ ਬਾਅਦ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਪੰਥ ਪ੍ਰਸਿੱਧ ਕਥਾਵਾਚਕ ਨੇ ਸੰਗਤਾਂ ਨੂੰ ਉਸ ਸਰਬ ਸ਼ਕਤੀਮਾਨ ਪਰਮਾਤਮਾ ਨਾਲ ਜੋੜਦੇ ਹੋਏ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਤੇ ਚਾਨਣਾ ਪਾਉਂਦਿਆਂ ਸੰਗਤਾਂ ਨੂੰ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਵਾ ਕੇ ਮਾਹੌਲ ਨੂੰ ਅਧਿਆਤਮਿਕ ਰੰਗ ਵਿੱਚ ਰੰਗਿਆ। ਉਨਾਂ ਤੋਂ ਬਾਅਦ ਭਾਈ ਗੁਰਜੰਟ ਸਿੰਘ ਪੰਥ ਪ੍ਰਸਿੱਧ ਕਵੀਸ਼ਰ ਜਥਾ ਤੇ ਭਾਈ ਸਾਹਿਬ ਭਾਈ ਰਵਿੰਦਰ ਸਿੰਘ ਜੀ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਸੰਤ ਬਾਬਾ ਹਾਕਮ ਸਿੰਘ ਦੇ ਪਰਉਪਕਾਰੀ ਕਾਰਜਾਂ ਤੋਂ ਜਾਣੂ ਕਰਵਾਉਂਦਿਆਂ ਸੇਵਾ ਸਿਮਰਨ ਦੇ ਪਰਉਪਕਾਰੀ ਜ਼ਿੰਦਗੀ ਜਿਉਣ ਦਾ ਸੰਦੇਸ਼ ਦਿੱਤਾ। ਸਮਾਗਮ ਵਿੱਚ ਸੰਤ ਅਜੀਤ ਸਿੰਘ ਜੌਹਲਾਂ ਵਾਲੇ, ਸੰਤ ਚਰਨਜੀਤ ਸਿੰਘ ਜੱਸੋਵਾਲ, ਸੰਤ ਬੀਬੀ ਜਸਪ੍ਰੀਤ ਕੌਰ ਬੁੰਗਾ ਸਾਹਿਬ ਮਾਹਿਲਪਰ, ਸੰਤ ਮੱਖਣ ਸਿੰਘ ਟੂਟੋਮਜਾਰਾ, ਸੰਤ ਬਲਵੀਰ ਸਿੰਘ ਸ਼ਾਸਤਰੀ ਟੂਟੋਮਜਾਰਾ, ਬਾਬਾ ਬਲਵੀਰ ਸਿੰਘ ਨਡਾਲੋ, ਸੰਤ ਭੁਪਿੰਦਰ ਸਿੰਘ ਸਮੇਤ ਸੰਤ ਮਹਾਂਪੁਰਸ਼ ਤੇ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਡਾਕਟਰ ਇਸ਼ਾਕ ਕੁਮਾਰ ਵਿਧਾਇਕ ਹਲਕਾ ਚੱਬੇਵਾਲ, ਹਰਮਿੰਦਰ ਸਿੰਘ ਸੰਧੂ ਚੱਬੇਵਾਲ, ਮੱਖਣ ਸਿੰਘ ਕੋਠੀ, ਰੂਬੀ ਚਾਵਲਾ, ਠੇਕੇਦਾਰ ਹਰਦੀਪ ਸਿੰਘ, ਗੁਰਪਿਆਰ ਸਿੰਘ ਦਿੱਲੀ, ਸਰਪੰਚ ਸੁਖਬੀਰ ਸਿੰਘ, ਸਮੇਤ ਸੰਤ ਮਹਾਂਪੁਰਸ਼ ਅਤੇ ਸਨਮਾਨਯੋਗ ਸ਼ਖਸੀਅਤਾਂ ਹਾਜ਼ਰ ਸਨ। ਜਥੇਦਾਰ ਬਾਬਾ ਸੁੱਖਾ ਸਿੰਘ ਤੇ ਜਥੇਦਾਰ ਬਾਬਾ ਨਾਗਰ ਸਿੰਘ ਟੂਟੋਮਜਾਰੇ ਵਾਲਿਆਂ ਵੱਲੋਂ ਸੰਤਾਂ ਮਹਾਂਪੁਰਸ਼ਾਂ ਤੇ ਸਮਾਗਮ ਦੀਆਂ ਹੋਰ ਸਹਿਯੋਗੀ ਸ਼ਖਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਚੱਲਿਆ। ਸਮਾਗਮ ਦੇ ਅਖੀਰ ਵਿੱਚ ਮਹੱਲਾ ਸਜਾਇਆ ਗਿਆ।

# ਗੁਰਸ਼ਰਨ ਸਿੰਘ ਛੀਨਾ ਨੇ ਚੇਅਰਮੈਨ ਵਜੋਂ ਕਾਰਜਭਾਰ ਸੰਭਾਲਿਆ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਗੁਰਸ਼ਰਨ ਸਿੰਘ ਛੀਨਾ ਨੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ ਵਿੱਚ ਕਾਰਜਭਾਰ ਸੰਭਾਲਿਆ।ਇਸ ਮੌਕੇ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਸੂਬੇ ਦੇ ਜਨਤਕ ਸਿਹਤ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਤੇ ਸਰਕਾਰ ਦੀ ਨਸ਼ਿਆਂ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਕੰਮ ਕਰਨਗੇ।

# ਦਲਵਿੰਦਰ ਦਿਆਲਪੁਰੀ ਨੇ ਸ਼ਿਵ ਭੋਲੇ ਦੀ ਮਹਿਮਾ ਦਾ ਕੀਤਾ ਗੁਣਗਾਨ

**ਕਪੂਰਥਲਾ (ਮਨਜੀਤ ਮਾਨ,ਪ੍ਰੀਤ ਸੰਗੋਜਲਾ)**
ਪਿੰਡ ਲੜੋਆ ਵਿਖੇ ਸ਼ਿਵ ਸ਼ਕਤੀ ਬਗਲਾਮੁਖੀ ਧਾਮ ਵਿਖੇ ਸ਼ਿਵਰਾਤਰੀ ਦਾ ਤਿਉਹਾਰ ਬਹੁਤ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਜਿਸ ਵਿਚ ਪੰਜਾਬ ਦੇ ਵਿਸ਼ਵ ਪ੍ਰਸਿੱਧ ਗਾਇਕ ਤੇ ਮੇਲਿਆਂ ਦੇ ਬਾਦਸ਼ਾਹ ਦਲਵਿੰਦਰ ਦਿਆਲਪੁਰੀ ਨੇ ਸ਼ਿਵ ਭੋਲੇ ਦੀ ਮਹਿਮਾ ਦਾ ਗੁਣਗਾਨ ਕੀਤਾ। ਇਸ ਮੌਕੇ ਦਲਵਿੰਦਰ ਦਿਆਲਪੁਰੀ ਨੇ ਆਪਣੇ ਭਜਨਾਂ ਰਾਹੀਂ ਸ਼ਿਵ ਸ਼ੰਕਰ ਦੇ ਭਗਤਾਂ ਨੂੰ ਨੱਚਣ ਲਈ ਮਜ਼ਬੂਰ ਕਰ ਦਿੱਤਾ। ਧਾਮ ਵਿਖੇ ਝੰਡੇ ਦੀ ਰਸਮ ਮੁੱਖ ਸੇਵਾਦਾਰ ਹਰਮਿੰਦਰਜੀਤ ਸਿੰਘ ਵਲੋਂ ਅਦਾ ਕੀਤੀ ਗਈ। ਇਸ ਉਪਰੰਤ ਵੱਖ-ਵੱਖ ਗਾਇਕਾਂ ਵਲੋਂ ਸ਼ਿਵਰਾਤਰੀ ਮੌਕੇ ਸ਼ਿਵ ਜੀ ਮਹਾਰਾਜ ਦੇ ਭਜਨਾਂ ਨਾਲ ਭਗਤਾਂ ਨੂੰ ਮੰਤਰ-ਮੁਗਧ ਕੀਤਾ। ਇਸ ਮੌਕੇ ਪਵਨ ਕੁਮਾਰ ਟੀਨੂੰ ਹਲਕਾ ਇੰਚਾਰਜ ਆਦਮਪੁਰ, ਰਾਜ ਕੁਮਾਰ ਰਾਜਾ ਪ੍ਰਧਾਨ ਨਗਰ ਕੌਂਸਲ ਭੋਗਪੁਰ, ਜਸਦਿਆਲ ਸਿੰਘ ਜ਼ਿਲਾ ਪ੍ਰੀਸ਼ਦ ਮੈਂਬਰ, ਪਰਮਜੀਤ ਪੰਮਾ, ਬਲਵਿੰਦਰ ਭੰਡਾਰੀ ਅਤੇ ਹੋਰ ਹਾਜ਼ਰ ਸਨ।ਇਸ ਮੌਕੇ ਮੁੱਖ ਸੇਵਾਦਾਰ ਹਰਮਿੰਦਰ ਜੀਤ ਸਿੰਘ ਵਲੋਂ ਗਾਇਕ ਦਲਵਿੰਦਰ ਦਿਆਲਪੁਰੀ ਤੇ ਆਏ ਹੋਏ ਸਾਰੇ ਪਤਵੰਤਿਆਂ ਨੂੰ ਸਨਮਾਨਤ ਕੀਤਾ।




# ਧਾਰਮਿਕ ਸਮਾਗਮ 25 ਨੂੰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**-108 ਸੰਤ ਬਾਬਾ ਨਰਾਇਣ ਦਾਸ ਮਹਾਰਾਜ ਜੀ ਦੀ 36ਵੀਂ ਸਾਲਾਨਾ ਬਰਸੀ ਦੇ ਸੰਬੰਧ ਵਿੱਚ ਧਾਰਮਿਕ ਸਮਾਗਮ 25 ਫਰਵਰੀ ਨੂੰ ਡੇਰਾ ਬਾਬਾ ਕੱਲਰਾਂ ਸ਼ੇਰਪੁਰ ਢੱਕੋ ਵਿਖੇ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਗੱਦੀ ਨਸ਼ੀਨ 108 ਸੰਤ ਰਮੇਸ਼ ਦਾਸ ਮਹਾਰਾਜ ਜੀ ਨੇ ਦੱਸਿਆ ਕਿ ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪੈਣਗੇ। ਉਸ ਤੋਂ ਬਾਅਦ ਕੀਰਤਨ ਤੇ ਸੰਤਾਂ ਦੇ ਪ੍ਰਵਚਨ ਹੋਣਗੇ। ਇਸ ਮੌਕੇ ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾਕਟਰ ਜਸਵੰਤ ਸਿੰਘ ਥਿੰਦ ਐੱਸ ਐੱਮ ਓ ਸਿਵਲ ਹਸਪਤਾਲ ਮਾਹਿਲਪੁਰ ਤੇ ਡਾਕਟਰ ਪ੍ਰਭ ਹੀਰ ਦੀ ਯੋਗ ਅਗਵਾਈ ਹੇਠ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ। ਢਿੱਲੋਂ ਲਬੋਰਟਰੀ ਮਾਹਿਲਪੁਰ ਵੱਲੋਂ ਸ਼ੂਗਰ ਟੈਸਟਿੰਗ ਕੀਤੀ ਜਾਵੇਗੀ। ਯੂਥ ਕਲੱਬ ਜਲੰਧਰ ਵੱਲੋਂ ਬਲੱਡ ਕੈਂਪ ਤੇ ਅਜਰਵੈਦਿਕ ਕੈਂਪ ਖੜਕਾਂ ਵੱਲੋਂ ਲਗਾਇਆ ਜਾਵੇਗਾ। ਗੁਰੂ ਕਾ ਲੰਗਰ ਅਟੁੱਟ ਚੱਲੇਗਾ। ਸ਼੍ਰੀਮਾਨ ਸੰਤ ਚਰਨ ਦਾਸ ਜੀ, ਪ੍ਰਧਾਨ ਸ਼੍ਰੀਮਾਨ 108 ਸੰਤ ਨਿਰਮਲ ਦਾਸ ਜੀ, ਸ਼੍ਰੀਮਾਨ 108 ਸੰਤ ਨਿਰੰਜਣ ਦਾਸ ਜੀ, ਸ੍ਰੀਮਾਨ ਸੰਤ ਸੋਮ ਨਾਥ ਜੀ, ਸੰਤ ਰਮੇਸ਼ ਦਾਸ ਜੀ ਸਾਧ ਸੰਗਤ ਡੇਰਾ ਕੱਲਰਾਂ ਨੇ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਸਮਾਗਮ ਵਿੱਚ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

# ਜੇ ਈ ਈ ਮੇਨ 2026 'ਚ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ (ਇਕਬਾਲ ਸਿੰਘ ਉਭੀ)**-ਸਥਾਨਕ ਆਕਾਸ਼ ਐਜੂਕੇਸ਼ਨਲ ਸਰਵਿਸਿਜ਼ ਲਿਮਟਿਡ ਦੇ 15 ਵਿਦਿਆਰਥੀਆਂ ਨੇ ਜੇ ਈ ਈ ਮੇਨ 2026 ਸੈਸ਼ਨ -1 ਦੌਰਾਨ ਵਧੀਆ ਪ੍ਰਦਰਸ਼ਨ ਕੀਤਾ ਹੈ । ਇਸ ਦੌਰਾਨ ਜਾਰੀ ਕੀਤੇ ਗਏ ਨਤੀਜਿਆਂ ਦੇ ਅਨੁਸਾਰ ਇਸ਼ਮੀਤ ਸਿੰਘ ਨੇ 99.97 ਪ੍ਰਤੀਸ਼ਤ ਅੰਕ , ਨਮਨ ਨਰੂਲਾ ਨੇ 99.93 ਪ੍ਰਤੀਸ਼ਤ ਅਤੇ ਇਸ਼ਾਨ ਮਿੱਤਲ ਨੇ 99.93 ਪ੍ਰਤੀਸ਼ਤ, ਸਿਫਤ ਮੋਂਗਾ ਨੇ 99.89 ਪ੍ਰਤੀਸ਼ਤ ਅਤੇ ਸ਼ਿਵ ਜਿੰਦਲ ਨੇ 99.80 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ।ਅਰਨਵ ਗੁਪਤਾ ਨੇ 99.77 ਪ੍ਰਤੀਸ਼ਤ




ਅਤੇ ਅਰਸ਼ ਗੁਪਤਾ ਨੇ 99.72 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਵੰਸ਼ ਆਨੰਦ ਨੇ 99.71 ਪ੍ਰਤੀਸ਼ਤ, ਭਾਵਿਕ ਜੈਨ ਨੇ 99.63883-61 ਪ੍ਰਤੀਸ਼ਤ ਅਤੇ ਅਨੰਤਪਾਲ ਸਿੰਘ ਸਰਾਓ ਨੇ 99.632 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ।ਸ਼ੁਭਮਦੀਪ ਸਿੰਘ ਨੇ 99.45 ਪ੍ਰਤੀਸ਼ਤ, ਤਕਸ਼ ਰਾਏ ਚਾਵਲਾ ਨੇ 99.21 ਪ੍ਰਤੀਸ਼ਤ, ਜਯੇਸ਼ ਮਹਾਜਨ ਨੇ 99.21 ਪ੍ਰਤੀਸ਼ਤ, ਸੂਰਯਾਂਸ਼ ਸ਼ਰਮਾ ਨੇ 99.07 ਪ੍ਰਤੀਸ਼ਤ ਅਤੇ ਏਕਮਪ੍ਰੀਤ ਕੌਰ ਚਾਵਲਾ ਨੇ 99 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਪੱਤਰਕਾਰਾਂ ਨਾਲ ਗੱਲਬਾਤ ਹੋਏ,\ ਆਕਾਸ਼ ਐਜੂਕੇਸ਼ਨਲ ਦੇ ਡਿਪਟੀ ਰੀਜਨਲ ਡਾਇਰੈਕਟਰ ਜਸਦੀਪ ਸਿੰਘ ਬਾਬਰਾ ਨੇ ਕਿਹਾ ਕਿ ਜਲੰਧਰ ਤੋਂ ਸਾਡੇ ਵਿਦਿਆਰਥੀਆਂ ਦੇ ਸ਼ਾਨਦਾਰ ਨਤੀਜੇ, ਉਨ੍ਹਾਂ ਦੀ ਸਖ਼ਤ ਮਿਹਨਤ 'ਤੇ ਬਹੁਤ ਮਾਣ ਹੈ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਉਨ੍ਹਾਂ ਨੂੰ ਵਧਾਈ ਦਿੰਦੇ ਹਾਂ। ਵਿਦਿਆਰਥੀਆਂ ਨੇ ਕਿਹਾ ਕਿ ਸਵੈ-ਅਨੁਸ਼ਾਸਨ, ਇਕਸਾਰ ਅਭਿਆਸ, ਸਖ਼ਤ ਸਿਖਲਾਈ, ਸਮੇਂ ਸਿਰ ਸਲਾਹ ਅਤੇ ਨਿਯਮਤ ਮੁਲਾਂਕਣ ਦੁਆਰਾ ਇਹਨਾਂ ਵਿੱਚੋਂ ਬਹੁਤ ਸਾਰੇ ਵਿਦਿਆਰਥੀਆਂ ਨੂੰ ਸਫਲਤਾ ਪ੍ਰਾਪਤ ਕਰਨ ਵਿੱਚ ਮਦਦ ਮਿਲੀ।

# ਅੱਠਵੀਂ ਕਲਾਸ ਦੀ ਬੋਰਡ ਪ੍ਰੀਖਿਆ ਸ਼ੁਰੂ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਕਲਾਸ ਦੀ ਪ੍ਰੀਖਿਆ ਸ਼ੁਰੂ ਹੋ ਗਈ ਹੈ।ਪਹਿਲਾ ਪੇਪਰ ਅੰਗਰੇਜ਼ੀ ਵਿਸ਼ੇ ਦਾ ਸੀ। ਬਲਾਕ ਨੋਡਲ ਅਫਸਰ ਪ੍ਰਿੰਸੀਪਲ ਸੁਰਿੰਦਰ ਕੁਮਾਰ ਰਾਣਾ ਨੇ ਦੱਸਿਆ ਕਿ ਭੋਗਪੁਰ ਬਲਾਕ ਵਿੱਚ 5ਸਕੂਲ ਸ ਸ ਸ ਸ, ਬਿਨਪਾਲਕੇ, ਰਾਸਤਗੋ,ਭਟਨੂਰਾ,ਪੀ ਐੱਮ ਸ੍ਰੀ ਸ ਸ ਸ ਸ ਭੋਗਪੁਰ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਭੋਗਪੁਰ ਵਿਖੇ ਬੋਰਡ ਵੱਲੋਂ 8ਵੀ, 10ਵੀ ਅਤੇ 12ਵੀ ਕਲਾਸ ਦੇ ਪ੍ਰੀਖਿਆ ਸੈਂਟਰ ਸਥਾਪਿਤ ਕੀਤੇ ਗਏ ਹਨ।ਇਨ੍ਹਾਂ ਸੈਂਟਰਾਂ ਵਿੱਚ ਭੋਗਪੁਰ ਬਲਾਕ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ 8ਵੀ ਕਲਾਸ ਦੇ ਲਗਭਗ 376ਵਿਦਿਆਰਥੀ,10ਵੀ ਕਲਾਸ 428 ਵਿਦਿਆਰਥੀ ਅਤੇ 12ਵੀ ਕਲਾਸ ਦੇ 458 ਵਿਦਿਆਰਥੀ ਪ੍ਰੀਖਿਆ ਦੇਣ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਵਿੱਚ ਪ੍ਰੀਖਿਆ ਲਈ ਉਤਸ਼ਾਹ ਦੇਖਣ ਨੂੰ ਮਿਲਿਆ। ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਿਨਪਾਲਕੇ ਵਿਖੇ ਅੱਠਵੀਂ ਕਲਾਸ ਲਈ 62ਵਿਦਿਆਰਥੀਆਂ ਨੇ ਪ੍ਰੀਖਿਆ ਦੇ ਰਹੇ ਹਨ। ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਕੇਂਦਰ ਕੰਟਰੋਲਰ ਪ੍ਰਿੰਸੀਪਲ ਸੁਰਿੰਦਰ ਕੁਮਾਰ ਰਾਣਾ ਅਤੇ ਸੈਂਟਰ ਸੁਪ੍ਰਿੰਟੈਂਡੈਂਟ ਗੁਰਿੰਦਰ ਸਿੰਘ ਵਲੋਂ ਵਿਦਿਆਰਥੀਆਂ ਨੂੰ ਜ਼ਰੂਰੀ ਨਿਰਦੇਸ਼ ਦਿੱਤੇ ਅਤੇ ਪ੍ਰੀਖਿਆ ਲਈ ਸ਼ੁੱਭ ਇੱਛਾਵਾਂ ਦਿੱਤੀਆਂ।

# ਗੁਰਪੁਰਬ ਨੂੰ ਸਮਰਪਤ ਧਾਰਮਿਕ ਸਮਾਗਮ ਕਰਵਾਇਆ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ)**
ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਿੰਡ ਗੁਲਾਬਗੜ੍ਹ ਜਗੀਰ ਦੀ ਪ੍ਰਬੰਧਕ ਕਮੇਟੀ ਵਲੋਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਗੁਰਪੁਰਬ ਨੂੰ ਸਮਰਪਤ ਧਾਰਮਿਕ ਸਮਾਗਮ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਪੂਰਵਕ ਕਰਵਾਇਆ ਗਿਆ। ਸਵੇਰੇ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਧਾਰਮਿਕ ਦੀਵਾਨ ਸਜਾਇਆ ਗਿਆ। ਇਸ ਦੌਰਾਨ ਮਿਸ਼ਨਰੀ ਕਲਾਕਾਰ ਵਿੱਕੀ ਬਹਾਦਰਕੇ ਐਂਡ ਮਿਊਜ਼ੀਕਲ ਗਰੁੱਪ ਨੇ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵਲੋਂ ਸਮੂਹ ਸੰਗਤਾਂ ਨੂੰ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੱਤੀ ਗਈ ਤੇ ਉਹਨਾਂ ਦੇ ਦਰਸਾਏ ਮਾਰਗ ਉਪਰ ਚੱਲਣ ਲਈ ਪ੍ਰੇਰਿਆ ਗਿਆ। ਸੇਵਾਦਾਰਾਂ ਵਲੋਂ ਚਾਹ ਪਕੌੜੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਪਿੰਡ ਦੀਆਂ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਅਸ਼ੀਰਵਾਦ ਪ੍ਰਾਪਤ ਕੀਤਾ।ਸਮੂਹ ਪ੍ਰਬੰਧਕ ਕਮੇਟੀ ਵਲੋਂ ਸਮੂਹ ਪਤਵੰਤਿਆਂ, ਸੇਵਾਦਾਰ ਅਤੇ ਸਹਿਯੋਗੀਆਂ ਨੂੰ ਸਨਮਾਨਤ ਵੀ ਕੀਤਾ ਗਿਆ। ਸਟੇਜ ਦੀ ਸੇਵਾ ਲੈਕਚਰਾਰ ਸਤਪਾਲ ਦਾਦਰਾ ਨੇ ਬਾਖੂਬੀ ਨਿਭਾਈ। ਇਸ ਮੌਕੇ ਕਮੇਟੀ ਪ੍ਰਧਾਨ ਬਲਵੀਰ ਚੰਦ, ਕੈਸ਼ੀਅਰ ਮੇਜਰ ਲਾਲ ਤੋਂ ਇਲਾਵਾ ਕੁਲਦੀਪ ਮਾਣਕ, ਜਗਦੀਸ਼ ਲਾਲ, ਜਸਵਿੰਦਰ ਪਾਲ, ਗੁਰਦੇਵ ਰਾਮ, ਜਸਵੀਰ, ਰਵੀ ਕੁਮਾਰ, ਬੀਬੀ ਅਮਰਜੀਤ ਕੌਰ ਸਰਪੰਚ ਗੁਲਾਬਗੜ੍ਹ, ਬਲਬੀਰ ਕੌਰ ਪੰਚ, ਨਵਦੀਪ ਕੁਮਾਰ ਪੰਚ, ਲਖਵੀਰ ਪੰਚ, ਮਨਜੀਤ ਪੰਚ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਦੀਆਂ ਸੰਗਤਾਂ ਹਾਜਰ ਸਨ।

# ਵਿਧਾਇਕ ਵੱਲੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਵਿਸ਼ੇਸ਼ ਕੈਂਪ ਦੌਰਾ



**ਡੇਰਾਬੱਸੀ (ਵਿਨੈ ਕੁਮਾਰ ਜੈਨ)**
ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਡੇਰਾਬੱਸੀ ਦੇ ਤਹਿਸੀਲ ਕੰਪਲੈਕਸ ਨੇੜੇ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਲੱਗ ਰਹੇ ਵਿਸ਼ੇਸ਼ ਕੈਂਪ ਦੌਰਾਨ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਦੌਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨੇ ਕੈਂਪ ਵਿੱਚ ਪਹੁੰਚੇ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਯੋਜਨਾ ਦੇ ਫਾਇਦਿਆਂ ਤੇ ਸਿਹਤ ਸੇਵਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਬਿਹਤਰ ਅਤੇ ਸੌਖੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਲੋਕਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਯੋਜਨਾ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ।ਇਹ ਕੈਂਪ ਲੋਕਾਂ ਨੂੰ ਸਿਹਤ ਬੀਮਾ ਯੋਜਨਾ ਨਾਲ ਜੋੜਨ ਅਤੇ ਉਨ੍ਹਾਂ ਤੱਕ ਸਰਕਾਰੀ ਸਿਹਤ ਸਕੀਮਾਂ ਦੀ ਜਾਣਕਾਰੀ ਪਹੁੰਚਾਉਣ ਵੱਲ ਇਕ ਮਹੱਤਵਪੂਰਨ ਕਦਮ ਸਾਬਤ ਹੋ ਰਹੇ ਹਨ। ਇਸ ਮੌਕੇ ਉਨਾ ਨਾਲ ਨਰੇਸ਼ ਉਪਨੇਜਾ ਮੌਜੂਦ ਰਹੇ ।

# ਖੂਨਦਾਨ ਕੈਂਪ ਤੇ ਐਵਾਰਡ ਸੈਰੇਮਨੀ 22 ਨੂੰ

**ਦਸੂਹਾ (ਕਰਨੈਲ ਮਾਂਗਟ)**-ਅੰਤਰਰਾਸ਼ਟਰੀ ਪੱਧਰ ਦੀ ਬਲੱਡ ਡੋਨੇਸ਼ਨ ਵੈਲਫੇਅਰ ਸੁਸਾਇਟੀ ਦਸੂਹਾ ਵੱਲੋਂ 22 ਫਰਵਰੀ ਨੂੰ ਸਵੇਰੇ 9 ਵਜੇ ਤੋਂ ਦੁਪਹਿਰ ਬਾਅਦ 3 ਵਜੇ ਤੱਕ ਆਰਮੀ ਗਰਾਊਂਡ ਦਸੂਹਾ ਵਿਖੇ ਇੱਕ ਮੈਗਾ ਖ਼ੂਨਦਾਨ ਕੈਂਪ ਤੇ ਐਵਾਰਡ ਸੈਰੇਮਨੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਨੂੰ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਪਰਮਿੰਦਰ ਸਿੰਘ ਬੱਬਲੂ ਨੇ ਦੱਸਿਆ ਕਿ ਇਸ ਮੈਗਾ ਖ਼ੂਨਦਾਨ ਕੈਂਪ ਵਿੱਚ ਲਗਭਗ 400 ਯੂਨਿਟ ਖ਼ੂਨਦਾਨ ਅਲੱਗ ਅਲੱਗ ਸੁਸਾਇਟੀਆਂ ਵੱਲੋਂ ਤੇ ਸ਼ਹਿਰ ਨਿਵਾਸੀਆਂ ਵੱਲੋਂ ਕੀਤਾ ਜਾਵੇਗਾ। ਉਨਾਂ ਨੇ ਦੱਸਿਆ ਕਿ ਇਸ ਮੌਕੇ ਤੇ ਮੁੱਖ ਤੌਰ ਤੇ ਸਮੂਹ ਖ਼ੂਨਦਾਨ ਕਮੇਟੀਆਂ ਦੇ ਪ੍ਰਬੰਧਕਾਂ ਤੇ ਪੰਜਾਬ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਉੱਚ ਅਧਿਕਾਰੀਆਂ ਅਤੇ ਮੀਡੀਆ ਨਾਲ ਸੰਬੰਧਤ ਪੱਤਰਕਾਰਾਂ ਤੇ ਖ਼ੂਨਦਾਨੀਆਂ ਨੂੰ ਵਿਸ਼ੇਸ਼ ਤੌਰ ਤੇ ਬਲੱਡ ਡੋਨੇਸ਼ਨ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਨਮਾਨਤ ਵੀ ਕੀਤਾ ਜਾਵੇਗਾ। ਉਨਾਂ ਦੱਸਿਆ ਕਿ ਇਸ ਮੌਕੇ ਤੇ ਖ਼ੂਨਦਾਨੀਆਂ ਲਈ ਵਿਸ਼ੇਸ਼ ਤੌਰ ਤੇ ਰਿਫਰੈਸ਼ਮੈਂਟ ਅਤੇ ਲੰਗਰ ਦੇ ਵੀ ਪ੍ਰਬੰਧ ਕੀਤੇ ਗਏ ਹਨ।

# ਜੋਗਿੰਦਰ ਸਿੰਘ ਸੰਧੂ ਚੱਠਾ ਜ਼ਿਲ੍ਹਾ ਵਾਈਸ ਪ੍ਰਧਾਨ ਨਿਯੁਕਤ



**ਕਪੂਰਥਲਾ (ਮਨਜੀਤ ਮਾਨ)**
ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਦਲਵਿੰਦਰ ਸਿੰਘ ਸਿੱਧੂ ਸਿੱਧਵਾਂ ਦੋਨਾਂ ਵਾਲਿਆ ਵੱਲੋਂ ਜੋਗਿੰਦਰ ਸਿੰਘ ਸੰਧੂ ਚੱਠਾ ਵਾਲੇ ਸਾਬਕਾ ਇੰਸਪੈਕਟਰ ਪੰਜਾਬ ਪੁਲਸ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਉਨ੍ਹਾਂ ਨੂੰ ਜ਼ਿਲ੍ਹਾ ਕਪੂਰਥਲਾ ਦੇ ਵਾਇਸ ਪ੍ਰਧਾਨ ਨਿਯੁਕਤ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਪ੍ਰਧਾਨ ਸ੍ਰ. ਦਲਵਿੰਦਰ ਸਿੰਘ ਸਿੱਧੂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਨੇ ਹਾਈਕਮਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੂਬਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਜ਼ਿਲ੍ਹਾ ਕਪੂਰਥਲਾ ਦੇ ਹਲਕਾ ਇੰਚਾਰਜ ਹਰਕ੍ਰਿਸ਼ਨ ਸਿੰਘ ਵਾਲੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋਗਿੰਦਰ ਸਿੰਘ ਇੱਕ ਬਹੁਤ ਹੀ ਇਮਾਨਦਾਰ ਤੇ ਸੂਝਵਾਨ ਲੀਡਰ ਹਨ ਜਿਨ੍ਹਾਂ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਬਹੁਤ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ। ਨਵ ਨਿਯੁਕਤ ਪ੍ਰਧਾਨ ਜੋਗਿੰਦਰ ਸਿੰਘ ਨੇ ਪਾਰਟੀ ਹਾਈਕਮਾਨ ਤੇ ਹਲਕਾ ਇੰਚਾਰਜ ਤੇ ਜ਼ਿਲ੍ਹਾ ਪ੍ਰਧਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਦੀ ਚੜ੍ਹਦੀ ਕਲਾ ਵਾਸਤੇ ਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਦ੍ਰਿੜ ਇਰਾਦੇ ਨਾਲ ਦਿਨ ਰਾਤ ਮਿਹਨਤ ਕਰਨਗੇ।

# ਅਧਿਕਾਰ ਸੰਘਰਸ਼ ਪਾਰਟੀ ਪਹਿਲਾ ਸਥਾਪਨਾ ਦਿਵਸ 8 ਨੂੰ ਬਠਿੰਡਾ ਵਿਖੇ ਮਨਾਵੇਗੀ : ਭਾਈ ਰੂਪਾ

**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਅਧਿਕਾਰ ਸੰਘਰਸ਼ ਪਾਰਟੀ ਆਪਣਾ ਪਹਿਲਾ ਸਥਾਪਨਾ ਦਿਵਸ ਇੰਟਰਨੈਸ਼ਨਲ ਵੂਮੈਨ ਡੇ 8 ਮਾਰਚ ਨੂੰ ਬਠਿੰਡਾ ਵਿਖੇ ਮਨਾਉਣ ਜਾ ਰਹੀ ਹੈ। ਪ੍ਰੈਸ ਮੀਡੀਏ ਨੂੰ ਸੰਬੋਧਨ ਹੁੰਦੇ ਹੋਏ ਮੱਖਣ ਸਿੰਘ ਭਾਈ ਰੂਪਾ ਨੇ ਕਿਹਾ ਕਿ ਅਧਿਕਾਰ ਸੰਘਰਸ਼ ਪਾਰਟੀ ਦਾ ਗਠਨ 8 ਮਾਰਚ 2025 ਨੂੰ ਪ੍ਰੈਸ ਕਲਬ ਜਲੰਧਰ ਵਿੱਚ ਕੀਤਾ ਗਿਆ ਸੀ।ਜਿਸ ਵਿੱਚ ਇੰਜ ਗੁਰਬਖ਼ਸ਼ ਸਿੰਘ ਸ਼ੇਰਗਿੱਲ ਨੂੰ ਨੈਸ਼ਨਲ ਪ੍ਰਧਾਨ, ਬੀਬੀ ਸਤਵੀਰ ਕੌਰ ਮਹਿਤੋ ਨੂੰ ਸੀਨੀਅਰ ਉਪ ਪ੍ਰਧਾਨ, ਦਰਸ਼ਨ ਸਿੰਘ ਬਟਾਲਾ ਨੂੰ ਜਨਰਲ ਸਕੱਤਰ ਅਤੇ ਮੱਖਣ ਸਿੰਘ ਭਾਈ ਰੂਪਾ ਨੂੰ ਕੌਮੀ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਸੀ। ਇੰਜ ਸੁਰਿੰਦਰ ਸਿੰਘ ਭਿੰਡਰ ਫਿਰੋਜ਼ਪੁਰ ਨੂੰ ਪੰਜਾਬ ਪ੍ਰਧਾਨ ਅਤੇ ਭਰਭੂਰ ਸਿੰਘ ਸ਼ੇਰਗਿਲ ਨੂੰ ਪੰਜਾਬ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਸੀ। ਪਾਰਟੀ ਦੇ ਅਹੁਦੇਦਾਰ ਪੰਜਾਬ ਅਤੇ ਹਰਿਆਣਾ ਸਟੇਟ ਵਿੱਚ ਨਿਰੰਤਰ ਕੰਮ ਕਰਕੇ ਪਾਰਟੀ ਦੇ ਢਾਂਚੇ ਨੂੰ ਮਜ਼ਬੂਤ ਕਰ ਰਹੇ ਹਨ । ਦੋਵਾਂ ਸੂਬਿਆਂ ਵਿੱਚ ਲੋਕਾਂ ਦਾ ਪਾਰਟੀ ਨਾਲ ਜੁੜਨਾ ਅਤੇ ਨਿਯੁਕਤੀਆਂ ਦਾ ਸਿਲਸਿਲਾ ਜਾਰੀ ਹੈ। 8 ਮਾਰਚ ਨੂੰ ਅਸਾਂ ਦੇ ਗਠਨ ਹੋਏ ਨੂੰ ਇਕ ਸਾਲ ਪੂਰਾ ਹੋਣ ਜਾ ਰਿਹਾ ਹੈ ਤੇ ਪਾਰਟੀ ਆਪਣਾ ਪਹਿਲਾ ਸਥਾਪਨਾ ਦਿਵਸ ਮਨਾਉਣ ਜਾ ਰਹੀ ਹੈ। ਜਿਸ ਵਿੱਚ ਪੰਜਾਬ ਅਤੇ ਹਰਿਆਣਾ ਦੇ ਸਾਥੀ ਵੱਡੀ ਗਿਣਤੀ ਵਿੱਚ ਹਿੱਸਾ ਲੈ ਰਹੇ ਹਨ। ਉਹਨਾ ਕਿਹਾ ਕਿ ਮੌਜੂਦਾ ਰਵਾਇਤੀ ਪਾਰਟੀਆਂ ਐਸ ਤੱਕ ਐਸ ਸੀ, ਐਸ ਟੀ,ਓ ਬੀ ਸੀ ਅਤੇ ਧਾਰਮਿਕ ਘੱਟ ਗਿਣਤੀਆਂ ਦਾ ਸ਼ੋਸ਼ਨ ਕਰਦੀਆਂ ਆ ਰਹੀਆਂ ਹਨ, ਇਨ੍ਹਾਂ ਵਰਗਾਂ ਦੀਆਂ ਵੋਟਾਂ ਬਟੋਰਨ ਉਪਰੰਤ ਕੋਈ ਵੀ ਸਰਕਾਰ ਇਨ੍ਹਾਂ ਦੀ ਸਾਰ ਨਹੀਂ ਲੈਂਦੀ । ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਧਨਾਢ ਲੋਕਾਂ ਦੇ ਹੱਕ ਵਿੱਚ ਭੁਗਤਦੀਆ ਹਨ। ਗਰੀਬ ਅਤੇ ਅਮੀਰ ਦਾ ਪਾੜਾ ਦਿਨੋ-ਦਿਨ ਵਧ ਰਿਹਾ ਹੈ। ਇਸ ਪਾੜੇ ਅਤੇ ਗਰੀਬਾਂ ਨੂੰ ਵਿਕਸਤ ਸਮਾਜ ਦੇ ਬਰਾਬਰ ਖੜ੍ਹਾ ਕਰਨ ਲਈ ਅਧਿਕਾਰ ਸੰਘਰਸ਼ ਪਾਰਟੀ ਲੈਂਡ ਸੀਲਿੰਗ ਐਕਟ ਨੂੰ ਇੰਨਬਿੰਨ ਲਾਗੂ ਕਰੇਗੀ, ਹਰ ਇਕ ਬੇ-ਜ਼ਮੀਨੇ ਪਰਵਾਰ ਨੂੰ ਜ਼ਮੀਨ ਦੇਵੇਗੀ, 10ਵੀਂ ਪਾਸ ਤੋਂ ਲੈ ਕੇ +2 ਵਾਲੀਆਂ ਅੰਕਣਾਂ ਨੂੰ ਹਰ ਸਾਲ ਇਕ ਲੱਖ ਨੌਕਰੀਆਂ ਦਿੱਤੀਆਂ ਜਾਣਗੀਆਂ। ਨੌਕਰੀਆਂ ਦਾ ਬੈਕਲਾਗ ਪੂਰਾ ਕੀਤਾ ਜਾਵੇਗਾ।ਸਾਰੇ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣਗੇ। ਪੁਰਾਣੀ ਪੈਨਸ਼ਨ ਸਕੀਮ ਚਾਲੂ ਕੀਤੀ ਜਾਵੇਗੀ। ਬੇਰੁਜ਼ਗਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਚਲਾਉਣ ਲਈ ਪੰਜ ਲੱਖ ਦਾ ਕਰਜ਼ਾ ਵਿਆਜ ਰਹਿਤ ਦਿੱਤਾ ਜਾਵੇਗਾ। ਬੁਢਾਪਾ, ਵਿਧਵਾ ਅਤੇ ਅੰਗਹੀਣ ਪੈਨਸ਼ਨ 5100 ਰੁਪਏ ਪ੍ਰਤੀ ਮਹੀਨਾ ਦਿੱਤੀ ਜਾਵੇਗੀ ਅਤੇ ਲੋੜਵੰਦ ਲੜਕੀਆਂ ਦੇ ਵਿਆਹ 'ਤੇ 151000 ਰੁਪਏ ਸ਼ਗਨ ਸਕੀਮ ਦੇ ਤਹਿਤ ਵਿਆਹ ਤੋਂ ਇਕ ਮਹੀਨਾ ਪਹਿਲਾਂ ਦਿੱਤੇ ਜਾਣਗੇ। ਪੰਜ ਕਿੱਲਿਆ ਤੱਕ ਮੋਟਰ ਕੁਨੈਕਸ਼ਨ ਫਰੀ ਦਿੱਤੇ ਜਾਣਗੇ। ਲੋੜਵੰਦ ਪਰਵਾਰ ਨੂੰ ਬਿਜਲੀ ਮੁਫਤ ਦਿੱਤੀ ਜਾਵੇਗੀ। ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇਗਾ। ਸਕਿਲਡ ਕਾਮਿਆਂ ਦੀ ਮਜ਼ਦੂਰੀ 1200 ਅਤੇ ਮਜ਼ਦੂਰਾਂ ਦੀ ਮਜ਼ਦੂਰੀ 900 ਰੁਪਏ ਪ੍ਰਤੀ ਦਿਨ ਹੋਵੇਗੀ।

# ਧਾਰਮਿਕ ਪ੍ਰੀਖਿਆਵਾਂ 'ਚੋਂ ਅੱਵਲ ਬੱਚੇ ਸਨਮਾਨਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਲਈ ਗਈ ਧਾਰਮਿਕ ਪ੍ਰੀਖਿਆ ਵਿੱਚੋਂ ਗੁਰੂ ਰਾਮ ਦਾਸ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਸ਼ਾਹਦੀਨ ਵਾਲਾ ਦੇ ਬੱਚੇ ਅੱਵਲ ਰਹੇ। ਸਕੂਲ ਕੈਂਪਸ



'ਚ ਅੱਵਲ ਆਉਣ ਵਾਲੇ ਬੱਚਿਆਂ ਨੂੰ ਮੁੱਖ ਮਹਿਮਾਨ ਵਜੋਂ ਦਰਸ਼ਨ ਸਿੰਘ ਸ਼ੇਰ ਖਾਂ, ਸੁਖਵਿੰਦਰ ਸਿੰਘ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬੀਬੀ ਦਲਜੀਤ ਕੌਰ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕੁਲਦੀਪ ਸਿੰਘ ਸ਼ੇਰ ਖਾਂ ਨੇ ਪਹੁੰਚ ਕੇ ਬੱਚਿਆਂ ਨੂੰ ਨਗਦ ਇਨਾਮ ਰਾਸ਼ੀ ਅਤੇ ਮੈਡਲ ਦਿੱਤੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਈ ਗਈ ਪ੍ਰੀਖਿਆ ਵਿੱਚੋਂ ਗੁਰੂ ਰਾਮਦਾਸ ਪਬਲਿਕ ਸਕੂਲ ਦੇ 19 ਬੱਚਿਆਂ ਨੇ ਪਹਿਲਾ ਦਰਜਾ ਹਾਸਲ ਕੀਤਾ, ਜਿਨ੍ਹਾਂ ਵਿਚੋਂ 19 ਬੱਚਿਆਂ ਨੂੰ 1100-1100 ਅਤੇ 1 ਬੱਚੇ ਨੂੰ 2100 ਰੁਪਏ ਦੀ ਇਨਾਮ ਰਾਸ਼ੀ ਦਿੱਤੀ ਗਈ, ਜਿਨ੍ਹਾਂ ਵਿੱਚ ਕੋਮਲਪ੍ਰੀਤ ਕੌਰ, ਮਨਜੀਤ ਕੌਰ, ਅਨੁਰੀਤ ਕੌਰ, ਜਸਪ੍ਰੀਤ ਕੌਰ, ਮਨਵੀਰ ਕੌਰ, ਤੁਸ਼ਲਪ੍ਰੀਤ ਕੌਰ, ਰੂਪਨੀਤ ਕੌਰ, ਸਮਰੀਨ ਕੌਰ, ਸੁਖਮਨ ਕੌਰ, ਅਨਮੋਲਦੀਪ ਕੌਰ, ਹਰਮਨਦੀਪ ਕੌਰ, ਕਮਲਦੀਪ ਕੌਰ, ਕੋਮਲਪ੍ਰੀਤ ਕੌਰ, ਮੰਨਤ ਸ਼ਰਮਾ, ਨਸੀਬ ਕੌਰ, ਨਵਜੋਤ ਕੌਰ, ਤਰਨਪ੍ਰੀਤ ਸਿੰਘ, ਸੁਬਨੀਤ ਕੌਰ, ਸੁਖਮਨਦੀਪ ਕੌਰ, ਸੁਖਪ੍ਰੀਤ ਕੌਰ ਸ਼ਾਮਲ ਸਨ। ਸਕੂਲ ਦੇ ਚੇਅਰਮੈਨ ਭਗਤ ਬਾਬਾ ਮਿਲਖਾ ਸਿੰਘ ਜੀ ਅਤੇ ਸਕੂਲ ਦੇ ਮੈਨੇਜਰ ਇੰਦਰਪਾਲ ਸਿੰਘ ਨੇ ਬੱਚਿਆਂ ਨੂੰ ਧਾਰਮਿਕ ਪ੍ਰੀਖਿਆ ਵਿਚੋਂ ਪਹਿਲਾ ਦਰਜਾ ਹਾਸਲ ਕਰਨ ਉੱਤੇ ਵਧਾਈ ਦਿੱਤੀ। ਉਨ੍ਹਾਂ ਨੇ ਬੱਚਿਆਂ ਨੂੰ ਧਾਰਮਿਕ ਪ੍ਰੀਖਿਆਵਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਰਣਜੀਤ ਸਿੰਘ, ਪ੍ਰਿੰਸੀਪਲ ਖੁਸ਼ਵੰਤ ਸਿੰਘ ਤੇ ਸਮੂਹ ਸਟਾਫ ਹਾਜ਼ਰ ਸੀ।

# ਮੀਤ ਹੇਅਰ ਨੇ ਆਪਣੇ ਜੱਦੀ ਪਿੰਡ ਲਈ ਮਿੰਨੀ ਫਾਇਰ ਬ੍ਰਿਗੇਡ ਭੇਟ ਕੀਤੀ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਨੇ ਆਪਣੇ ਜੱਦੀ ਪਿੰਡ ਕੁਰੜ (ਬਰਨਾਲਾ) ਦੇ ਕਿਸਾਨਾਂ ਨੂੰ ਐਮਰਜੈਂਸੀ ਮੌਕੇ ਅੱਗ ਤੋਂ ਫਸਲ ਨੂੰ ਬਚਾਉਣ ਲਈ ਆਪਣੇ ਤੌਰ 'ਤੇ ਤਿਆਰ ਕਰਵਾਈ ਮਿੰਨੀ ਫਾਇਰ ਬ੍ਰਿਗੇਡ ਸੌਂਪੀ। ਇਸ ਮੌਕੇ ਐਮ.ਪੀ. ਮੀਤ ਹੇਅਰ ਨੇ ਕਿਹਾ ਕਿ ਅਕਸਰ ਦੋ ਮਹੀਨੇ ਅੰਦਰ ਕਣਕ ਦੀ ਫ਼ਸਲ ਪੱਕਣ ਵਾਲੀ ਹੈ। ਪਰ ਜਦੋਂ ਕੋਈ



ਪ੍ਰਬੰਧ ਨਾ ਹੋਣ ਕਾਰਨ ਅਚਾਨਕ ਅੱਗ ਲੱਗਣ ਦੀ ਘਟਨਾ ਨਾਲ ਮਿਹਨਤ ਨਾਲ ਤਿਆਰ ਕੀਤੀ ਫ਼ਸਲ ਮਿੰਟਾਂ ਵਿਚ ਹੀ ਸੜ ਕੇ ਸੁਆਹ ਹੋ ਜਾਂਦੀ ਹੈ, ਤਾਂ ਕਿਸਾਨ ਧੁਰ ਅੰਦਰੋਂ ਟੁੱਟ ਜਾਂਦਾ ਹੈ। ਬੀਤੇ ਸਮੇਂ 'ਚ ਖੇਤਾਂ 'ਚ ਅੱਗ ਲੱਗਣ ਦੀਆਂ ਵਾਪਰਦੀਆਂ ਘਟਨਾਵਾਂ ਨੂੰ ਦੇਖਦਿਆਂ ਮਿੰਨੀ ਫਾਇਰ ਬ੍ਰਿਗੇਡ ਤਿਆਰ ਕਰਵਾ ਕੇ ਪਿੰਡ ਵਾਸੀਆਂ ਨੂੰ ਦਿੱਤੀ ਗਈ, ਤਾਂ ਜੋ ਐਮਰਜੈਂਸੀ ਵੇਲੇ ਕੰਮ ਆ ਸਕੇ। ਉਨ੍ਹਾਂ ਕਿਹਾ ਕਿ ਪਿੰਡ ਪੱਧਰ 'ਤੇ ਅਜਿਹੇ ਉਪਰਾਲੇ ਕਿਸਾਨਾਂ ਦੀ ਮਿਹਨਤ ਅਤੇ ਫ਼ਸਲ ਦੀ ਸੁਰੱਖਿਆ ਲਈ ਬਹੁਤ ਜ਼ਰੂਰੀ ਹਨ।ਮਿੰਨੀ ਫਾਇਰ ਬ੍ਰਿਗੇਡ ਮਿਲਣ ਨਾਲ ਹੁਣ ਤੁਰੰਤ ਕਾਰਵਾਈ ਸੰਭਵ ਹੋਵੇਗੀ। ਅਖੀਰ 'ਚ ਪਿੰਡ ਵਾਸੀਆਂ ਵੱਲੋਂ ਸੰਸਦ ਮੈਂਬਰ ਮੀਤ ਹੇਅਰ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਗਿਆ ਕਿ ਇਹ ਉਪਰਾਲਾ ਖੇਤੀਬਾੜੀ ਪ੍ਰਧਾਨ ਇਲਾਕੇ ਲਈ ਬਹੁਤ ਲਾਭਦਾਇਕ ਸਾਬਤ ਹੋਵੇਗਾ। ਇਸ ਮੌਕੇ ਗੁਰਦੀਪ ਸਿੰਘ ਹੇਅਰ ਤੇ ਪਿੰਡ ਵਾਸੀ ਹਾਜ਼ਰ ਸਨ।

# ਪਟਿਆਲਾ ਵਿਰਾਸਤੀ ਮੇਲੇ 'ਚ ਵਾਰਿਸ ਭਰਾਵਾਂ ਨੇ ਪਟਿਆਲਵੀਆਂ ਦੇ ਮਨਾਂ 'ਤੇ ਕੀਤਾ ਜਾਦੂ

## ਮਾਣਕ ਅਲੀ, ਕਮਲ ਹੀਰ ਤੇ ਮਨਮੋਹਨ ਵਾਰਿਸ ਨੇ ਸੱਭਿਆਚਾਰਕ ਤੇ ਲੋਕ ਗਾਇਕੀ ਨਾਲ ਬੰਨ੍ਹਿਆਂ ਰੰਗ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਪਟਿਆਲਾ ਵਿਰਾਸਤੀ ਮੇਲੇ ਦੇ ਛੇਵੇਂ ਦਿਨ ਦੀ ਲੋਕ ਗਾਇਕੀ ਤੇ ਪੌਪ ਸ਼ੋਅ ਵਾਲੀ ਸ਼ਾਮ ਇੱਥੇ ਪੋਲੋ ਗਰਾਊਂਡ ਵਿਖੇ ਆਪਣੀ ਸੱਭਿਆਚਾਰਕ ਤੇ ਸੂਫ਼ੀ ਗਾਇਕੀ ਨਾਲ ਉੱਘੇ ਗਾਇਕਾਂ ਮਾਣਕ ਅਲੀ, ਵਾਰਿਸ ਭਰਾਵਾਂ, ਕਮਲ ਹੀਰ ਅਤੇ ਮਨਮੋਹਨ ਵਾਰਿਸ ਨੇ ਆਪਣੀ ਗਾਇਕੀ ਨਾਲ ਇਸ ਵਿਰਾਸਤੀ ਉਤਸਵ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਇਸ ਮੌਕੇ ਵਾਰਿਸ ਭਰਾਵਾਂ ਵੱਲੋਂ ਗਾਏ ਗੀਤਾਂ 'ਤੇ ਦਰਸ਼ਕਾਂ ਨੇ ਖੂਬ ਭੰਗੜਾ ਪਾਇਆ ਤੇ ਤਾੜੀਆਂ ਵਜਾਈਆਂ। ਮਨਮੋਹਨ ਵਾਰਿਸ ਨੇ, ਬੱਚਿਆਂ ਨੂੰ ਦੱਸਿਓ ਪੰਜਾਬ ਕਿਸ ਨੂੰ ਕਹਿੰਦੇ ਨੇ, ਖਾਧੀਆਂ ਖੁਰਾਕਾਂ ਕੰਮ ਆਉਣੀਆਂ, ਆਜਾ ਭਾਬੀ ਝੂਟ ਲੈ, ਨਹੀਂ..ਨਹੀਂ.. ਮੇਰਾ ਮਿੱਤਰ ਪਿਆਰਾ ਹੋਊਗਾ, ਦਿਲ ਉਡਜੂੰ ਉਡਜੂੰ ਕਰਦਾ ਅਤੇ ਹੋਰ ਪ੍ਰਸਿੱਧ ਗੀਤ ਗਾਏ। ਜਦਕਿ ਕਮਲ ਹੀਰ ਨੇ 'ਕੰਮ ਕਿਸੇ ਦਾ ਰੁਕਦਾ ਨਹੀਂ, ਸਭ ਦਾ ਸਰ ਜਾਂਦਾ, ਬਚਪਨ, ਕੈਂਠਾ, ਤ੍ਰਿੰਜਣ, ਨਜ਼ਾਰੇ, ਜਾਰੀ ਜੰਗ ਰੱਖਿਓ, ਕਿਨੂੰ ਯਾਦ ਕਰ ਕਰ ਹੱਸਦੀ ਆਦਿ ਸਮੇਤ ਹੋਰ ਕਈ ਮਸ਼ਹੂਰ ਗੀਤ ਵੀ ਦੋਵਾਂ ਭਰਾਵਾਂ ਨੇ ਰਲਕੇ ਅੰਮਾ ਜਾਏ.. ਤੁਰ ਤੋਂ ਮਿਲੇ ਸਹਾਰੇ, ਸਿਰ ਦੇ ਤਾਜ ਵੀ ਗਾਏ। ਇਸ ਮੌਕੇ ਮੇਅਰ ਕੁੰਦਨ ਗੋਗੀਆ,



ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਤੇਜਿੰਦਰ ਮਹਿਤਾ, ਇੰਪਰੂਵਮੈਂਟ ਟਰੱਸਟ ਚੇਅਰਮੈਨ ਨਾਭਾ ਜੱਸੀ ਸੋਹੀਆਂ ਵਾਲਾ, ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਏ ਡੀ ਸੀ ਸਿਮਰਪ੍ਰੀਤ ਕੌਰ, ਨੋਡਲ ਅਫ਼ਸਰ ਐਸ.ਡੀ.ਐਮ ਹਰਜੋਤ ਕੌਰ ਮਾਵੀ ਨੇ ਲੋਕ ਗਾਇਕੀ ਦੀ ਇਸ ਖ਼ੂਬਸੂਰਤ ਸ਼ਾਮ ਦਾ ਆਨੰਦ ਮਾਣਿਆ ਅਤੇ ਕਮਲ ਹੀਰ, ਗਾਇਕ ਮਨਮੋਹਨ ਵਾਰਿਸ ਤੇ ਮਾਣਕ ਅਲੀ ਦਾ ਸਨਮਾਨ ਕੀਤਾ।ਇਸ ਸਮੇਂ ਮੇਅਰ ਗੋਗੀਆ, ਚੇਅਰਮੈਨ ਮਹਿਤਾ ਤੇ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਤਹਿਤ ਕਰਵਾਇਆ ਗਿਆ ਪਟਿਆਲਾ ਹੈਰੀਟੇਜ ਮੇਲਾ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਾਡੀ ਵੱਡਮੁੱਲੀ ਵਿਰਾਸਤ, ਸੱਭਿਆਚਾਰ ਅਤੇ ਅਮੀਰ ਵਿਰਸੇ ਬਾਰੇ ਜਾਣਕਾਰੀ ਦੇਣ ਲਈ ਅਹਿਮ ਸਾਬਤ ਹੋਇਆ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਹ ਵਿਰਾਸਤੀ ਮੇਲੇ ਕਰਵਾਉਣ ਲਈ ਵਧਾਈ ਵੀ ਦਿੱਤੀ।ਮੰਚ ਸੰਚਾਲਣ ਸੁਮਨ ਬੱਤਰਾ ਅਤੇ ਐਨ.ਜੈਡ. ਸੀ.ਸੀ. ਦੇ ਸਹਾਇਕ ਡਾਇਰੈਕਟਰ ਰਵਿੰਦਰ ਸ਼ਰਮਾ ਨੇ ਬਾਖੂਬੀ ਕੀਤਾ। ਇਸ ਦੌਰਾਨ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਐਸ.ਐਸ. ਪੀ. ਵਰੁਣ ਸ਼ਰਮਾ, ਐਸ.ਪੀ ਪਲਵਿੰਦਰ ਸਿੰਘ ਚੀਮਾ, ਏ.ਡੀ.ਸੀ ਸਿਮਰਪ੍ਰੀਤ ਕੌਰ, ਐਸ.ਡੀ.ਐਮ ਹਰਜੋਤ ਕੌਰ ਮਾਵੀ, ਸੰਯੁਕਤ ਕਮਿਸ਼ਨਰ ਦੀਪਜੋਤ ਕੌਰ, ਐਸ ਡੀ ਐਮ ਰਿਚਾ ਗੋਇਲ, ਮੁੱਖ ਮੰਤਰੀ ਫੀਲਡ ਅਫਸਰ ਸਤੀਸ਼ ਚੰਦਰ, ਪੀਆਰਟੀਸੀ ਏਐਮਡੀ ਨਵਦੀਪ ਕੁਮਾਰ ਸਮੇਤ ਪਟਿਆਲਾ ਵਾਸੀ ਅਤੇ ਸੰਗੀਤ ਪ੍ਰੇਮੀਆਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕਰਕੇ ਦੇਰ ਰਾਤ ਤੱਕ ਪੌਪ ਗਾਇਕੀ ਦਾ ਅਨੰਦ ਮਾਣਿਆ।

# ਭਰਤ ਜੇ ਈ ਈ ਮੇਨ ਦੀ ਪ੍ਰੀਖਿਆ 'ਚ ਬਣਿਆ ਭਾਰਤ ਦਾ ਟਾਪਰ, ਪੰਜਾਬ 'ਚੋਂ ਪਹਿਲਾ ਸਥਾਨ

**ਬਰੇਟਾ, (ਰੀਤਵਾਲ)** ਗਰੀਨਲੈਂਡ ਡੇਅ ਬੋਰਡਿੰਗ ਪਬਲਿਕ ਸਕੂਲ ਦੇ ਭਰਤ ਬਾਂਸਲ ਨੇ ਪੂਰੇ ਦੇਸ਼ ਭਰ 'ਚ ਸਕੂਲ ਦਾ ਨਾਂਅ ਰੌਸ਼ਨ ਕਰਦਿਆਂ ਜੁਆਇੰਟ ਐਂਟਰੈਂਸ ਐਗਜ਼ਾਸੀਨੇਸ਼ਨ ਮੇਨ ਦੇ ਨਤੀਜੇ ਵਿੱਚ ਪੰਜਾਬ 'ਚੋਂ ਪਹਿਲਾ



ਤੇ ਦੇਸ਼ ਭਰ 'ਚੋਂ 18 ਸਥਾਨ ਪ੍ਰਾਪਤ ਕੀਤਾ ਹੈ।ਸਕੂਲ ਦੇ ਵਿਹੜੇ ਤੇ ਜ਼ਿਲ੍ਹੇ ਅੰਦਰ ਖੁਸ਼ੀ ਦਾ ਮਾਹੌਲ ਸੀ, ਉਥੇ ਵਧਾਈਆਂ ਦੇਣ ਵਾਲਿਆ ਦਾ ਤਾਂਤਾ ਲੱਗਿਆ ਹੋਇਆ ਸੀ। ਸਕੂਲ ਪ੍ਰਬੰਧਕ ਕਮੇਟੀ ਦੀ ਡਾ. ਮੰਜੂ ਬਾਂਸਲ, ਪ੍ਰਿੰਸੀਪਲ ਉਰਮਿਲ ਜੈਨ, ਡਾਇਰੈਕਟਰ ਰੂਬਲ ਬਾਂਸਲ, ਸਕੂਲ ਪ੍ਰਬੰਧਕ ਗੁਨਜੀਤ ਨੇ ਦੱਸਿਆ ਕਿ ਭਰਤ ਬਾਂਸਲ ਦੇ ਸ਼ਾਨਦਾਰ ਨਤੀਜੇ ਨੇ ਵਿਦਿਆਰਥੀਆਂ ਦੇ ਹੌਂਸਲੇ ਬੁਲੰਦ ਕਰ ਦਿੱਤੇ ਹਨ ਤੇ ਇਸ ਮੁਕਾਬਲੇ ਦੇ ਯੁੱਗ ਵਿੱਚ ਭਰਤ ਲੱਖਾਂ ਵਿਦਿਆਰਥੀਆਂ ਲਈ ਪ੍ਰੇਰਣਾ ਸਰੋਤ ਬਣਿਆ। ਉਨ੍ਹਾਂ ਦੱਸਿਆ ਕਿ ਨੈਸ਼ਨਲ ਟੈਸਟਿੰਗ ਏਜੰਸੀ ਨੇ ਦੇਸ਼ ਭਰ ਦੇ 43 ਟਾਪਰਾਂ ਦੀ ਸੂਚੀ ਜਾਰੀ ਕੀਤੀ ਗਈ, ਜਿਸ ਵਿੱਚ ਭਰਤ ਬਾਂਸਲ ਦੇਸ਼ ਭਰ 'ਚੋਂ 18 ਵੇਂ ਨੰਬਰ 'ਤੇ ਹੈ।ਭਰਤ ਬਾਂਸਲ ਨੇ 99.99, ਪਰਸੈਂਟਾਈਲ ਹਾਸਲ ਕੀਤੀ।ਇਸ ਤਰ੍ਹਾਂ ਗਰੀਨਲੈਂਡ ਦੇ ਚਾਰ ਹੋਰ ਵਿਦਿਆਰਥੀਆਂ ਅਤਿਸ਼ਿਆ ਨੇ 99.95 ਪਿਊਸ਼ ਸਿੰਗਲਾ ਨੇ 99.91, ਗੌਤਮ ਮਿੱਤਲ ਨੇ 98.64 ਅਤੇ ਗੀਧਿਮਾ ਬਾਂਸਲ 98.16 ਪ੍ਰਤੀਸ਼ਤ ਹਾਸਲ ਕੀਤੇ।ਭਰਤ ਬਾਂਸਲ ਦੇ ਮਾਤਾ-ਪਿਤਾ ਅਨੀਤਾ ਰਾਣੀ ਤੇ ਪੰਕਜ ਬਾਂਸਲ ਪੰਜਾਬ ਸਿੱਖਿਆ ਵਿਭਾਗ ਬਤੌਰ ਅਧਿਆਪਕ ਸੇਵਾ ਨਿਭਾਅ ਰਹੇ ਹਨ।ਦੂਜੇ ਪਾਸੇ ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਨੇ ਭਰਤ ਅਤੇ ਉਸਦੇ ਪਰਵਾਰ ਤੇ ਮਿਹਨਤੀ ਸਕੂਲ ਸਟਾਫ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਤੁਹਾਡੀ ਸਖਤ ਮਿਹਨਤ ਅਤੇ ਲਗਨ ਦਾ ਨਤੀਜਾ ਹੈ, ਜੋ ਭਰਤ ਬਾਂਸਲ ਨੇ ਪੂਰਾ ਕੀਤਾ ਹੈ।

# ਖੱਡੇ ਦੇ ਰਹੇ ਹਨ ਹਾਦਸਿਆਂ ਨੂੰ ਸੱਦਾ

**ਬਰੇਟਾ (ਰੀਤਵਾਲ)** ਪੁਲਸ ਥਾਣੇ ਤੋਂ ਕੈਂਚੀਆ ਚੌਕ ਤੱਕ ਥਾਂ-ਥਾਂ ਤੋਂ ਸੜਕ 'ਚ ਬਣੇ ਵੱਡੇ-ਵੱਡੇ ਖੱਡੇ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ, ਪਰ ਪ੍ਰਸ਼ਾਸਨ ਕੰਨ ਪਰਨੇ ਸੁੱਤਾ ਹੋਇਆ ਹੈ। ਸੜਕ 'ਤੇ 24 ਘੰਟੇ ਆਵਾਜਾਈ ਰਹਿੰਦੀ ਹੈ, ਜਿਸ ਕਾਰਨ ਰਾਤ-ਬਰਾਤੇ ਕਿਸੇ ਸਮੇਂ ਵੀ ਕੋਈ ਜਾਨੀ ਨੁਕਸਾਨ ਹੋਣ ਦਾ ਡਰ ਬਣਿਆ ਹੋਇਆ ਹੈ।ਇਸ ਸੜਕ 'ਤੇ ਹਰ ਵਕਤ ਦੋ



ਪਹੀਆ ਅਤੇ ਚਾਰ ਪਹੀਆ ਵਾਹਨਾਂ ਦਾ ਆਉਣਾ ਜਾਣਾ ਰਹਿੰਦਾ ਹੈ।ਇਹ ਸੜਕ ਸ਼ਹਿਰ ਦੀ ਮੇਨ ਸੜਕ ਹੈ।ਥਾਂ-ਥਾਂ ਤੋਂ ਟੁੱਟੀ ਸੜਕ 'ਚ ਬਣੇ ਖੱਡਿਆਂ 'ਚ ਕਈ ਵਾਰ ਸੀਵਰੇਜ ਜਾਂ ਬਰਸਾਤ ਦਾ ਪਾਣੀ ਖੜ ਜਾਂਦਾ ਹੈ, ਜੋ ਕਈ ਦਿਨਾਂ ਤੱਕ ਨਹੀਂ ਸੁੱਕਦਾ, ਅਜਿਹੇ 'ਚ ਕਈ ਵਾਰ ਰਾਤ ਬਰਾਤੇ ਦੋ ਪਹੀਆ ਵਾਹਨ ਜਦ ਅਚਾਨਕ ਖੱਡੇ 'ਚ ਵਜਦਾ ਹੈ ਤਾਂ ਹਾਦਸੇ ਦਾ ਸ਼ਿਕਾਰ ਹੋ ਜਾਂਦਾ ਹੈ।ਇਨ੍ਹਾਂ ਖੱਡਿਆਂ 'ਚ ਡਿੱਗਣ ਕਾਰਨ ਕਈ ਵਾਰ ਦੋ ਪਹੀਆ ਵਾਹਨ ਚਾਲਕ ਜਖ਼ਮੀ ਵੀ ਹੋ ਚੁੱਕੇ ਹਨ।ਆਵਾਜ਼ ਬੁਲੰਦ ਲੋਕਾਂ ਤੇ ਸਮਾਜ ਸੇਵੀ ਤੇ ਹੋਰਨਾਂ ਨੇ ਕਿਹਾ ਕਿ ਸ਼ਹਿਰ ਦੀਆਂ ਅਨੇਕਾਂ ਸੜਕਾ ਹਨ ਜੋ ਥਾਂ-ਥਾਂ ਤੋ ਟੁੱਟੀਆਂ ਹੋਈਆਂ ਹਨ।ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਵਿਕਾਸ ਦੇ ਕੰਮਾਂ ਵੱਲ ਪੂਰਾ ਧਿਆਨ ਦੇ ਕੇ ਇਸ ਸੜਕ ਨੂੰ ਜਲਦ ਤੋਂ ਜਲਦ ਪਹਿਲ ਦੇ ਆਧਾਰ 'ਤੇ ਬਣਾਇਆ ਜਾਵੇ ਤਾਂ ਜੁ ਲੋਕਾਂ ਨੂੰ ਸੁੱਖ ਦਾ ਸਾਹ ਮਿਲ ਸਕੇ।

# ਲੱਖਾ 'ਚ ਸੜਕ ਦਾ ਨੀਂਹ ਪੱਥਰ ਰੱਖਿਆ



**ਹਠੂਰ (ਲਵਲੀ ਕੁਮਾਰ)** ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਨੇ ਪਿੰਡ ਲੱਖਾ ਵਿਖੇ 92 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੀ ਸੜਕ ਦਾ ਨੀਂਹ ਪੱਥਰ ਰੱਖਿਆ।ਹਲਕਾ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਨੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਵੱਲੋਂ ਸੂਬੇ ਦੇ ਪਿੰਡਾਂ ਨੂੰ ਸ਼ਹਿਰਾਂ ਦੇ ਹਾਣ ਦਾ ਬਣਾਇਆ ਜਾ ਰਿਹਾ ਹੈ, ਜਿਸ ਦੇ ਸਦਕਾ ਸੂਬੇ ਦੇ ਪਿੰਡਾਂ ਵਿੱਚ ਵਿਕਾਸ-ਕਾਰਜ ਵੱਡੀ ਪੱਧਰ 'ਤੇ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡ ਲੱਖਾ ਵਾਸੀ ਦੀ ਮੁੱਖ ਮੰਗ ਸੀ ਕਿ ਪਿੰਡ ਦੀ ਫਿਰਨੀ ਨੂੰ ਅਠਾਰਾਂ ਫੁੱਟ ਚੌੜਾ ਕਰਕੇ ਬਣਾਇਆ ਜਾਵੇ, ਜਿਸ ਨੂੰ ਪੰਜਾਬ ਸਰਕਾਰ ਨੇ ਪੂਰਾ ਕਰ ਦਿੱਤਾ ਹੈ ਅਤੇ ਇਸ ਲਿੰਕ ਸੜਕ ਨੂੰ ਅਠਾਰਾਂ ਫੁੱਟ ਚੌੜਾ ਕਰਨ ਦਾ ਕੰਮ ਜਲਦੀ ਸ਼ੁਰੂ ਹੋ ਜਾਵੇਗਾ।ਪ੍ਰਧਾਨ ਜਰਨੈਲ ਸਿੰਘ ਬਰਾੜ, ਜਨਰਲ ਸਕੱਤਰ ਸੁਰਿੰਦਰ ਸਿੰਘ ਲੱਖਾ ਤੇ ਗ੍ਰਾਮ ਪੰਚਾਇਤ ਲੱਖਾ ਨੇ ਹਲਕਾ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਅਤੇ ਮਾਰਕੀਟ ਕਮੇਟੀ ਹਠੂਰ ਦੇ ਚੇਅਰਮੈਨ ਕਰਮਜੀਤ ਸਿੰਘ ਕੰਮੀ ਡੱਲਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

# ਪ੍ਰਿੰ. ਵੱਲੋਂ ਦਸਵੀਂ ਦੇ ਵਿਦਿਆਰਥੀਆਂ ਨੂੰ ਪੇਪਰਾਂ ਲਈ ਆਸ਼ੀਰਵਾਦ



**ਅਜੀਤਵਾਲ (ਨਛੱਤਰ ਸੰਧੂ)**- ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਆਸ਼ੀਰਵਾਦ ਸਮਾਰੋਹ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਵੱਲੋਂ ਬੋਰਡ ਪਰੀਖਿਆਵਾਂ ਵਿੱਚ ਸ਼ਾਮਲ ਹੋਣ ਜਾ ਰਹੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਅਤੇ ਆਸ਼ੀਰਵਾਦ ਦਿੱਤਾ ਗਿਆ।ਇਸ ਮੌਕੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਪੇਪਰਾਂ ਨੂੰ ਪੂਰੇ ਵਿਸ਼ਵਾਸ, ਧੀਰਜ ਅਤੇ ਮਿਹਨਤ ਨਾਲ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਬੱਚਿਆਂ ਨੂੰ ਤਣਾਅ ਤੋਂ ਦੂਰ ਰਹਿਣ ਅਤੇ ਸਮੇਂ ਦੀ ਸਹੀ ਵਰਤੋਂ ਕਰਨ ਦੀ ਸਲਾਹ ਦਿੱਤੀ।ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸੀ ਗੁਲੇਰੀਆ ਵੱਲੋਂ ਵੀ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਗਈ।

# ਭਾਕਿਯੂ ਕਾਦੀਆਂ ਨੇ ਕੀਤੀ ਪ੍ਰਭਾਵਸ਼ਾਲੀ ਕਿਸਾਨ ਮਹਾਂ ਪੰਚਾਇਤ

**ਨਾਭਾ (ਵਰਿੰਦਰ ਵਰਮਾ)** ਭਾਕਿਯੂ ਕਾਦੀਆਂ ਜ਼ਿਲ੍ਹਾ ਪ੍ਰਧਾਨ ਅਬਜਿੰਦਰ ਸਿੰਘ ਜੋਗੀ ਗਰੇਵਾਲ ਦੀ ਅਗਵਾਈ 'ਚ ਕਿਸਾਨ ਮਹਾ ਪੰਚਾਇਤ ਦਾ ਆਯੋਜਨ ਕੀਤਾ ਗਿਆ, ਜਿਸ 'ਚ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਸੂਬਾ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਨੇੜਲੇ ਇਲਾਕਿਆਂ ਸਮੇਤ ਵੱਡੀ ਗਿਣਤੀ 'ਚ ਕਿਸਾਨਾਂ, ਮਜ਼ਦੂਰਾਂ ਤੇ ਯੂਨੀਅਨ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ। ਕੌਮੀ ਪ੍ਰਧਾਨ ਹਰਮੀਤ



ਸਿੰਘ ਕਾਦੀਆਂ ਨੇ ਕਿਸਾਨੀ ਸਮੇਤ ਜਨਤਾ ਦੀ ਸਿਹਤ ਨਾਲ ਸੰਬੰਧਿਤ ਗੰਭੀਰ ਮੁੱਦਿਆਂ 'ਤੇ ਵਿਸਥਾਰ ਨਾਲ ਵਿਚਾਰ ਚਰਚਾ ਕੀਤੀ।ਬਿਜਲੀ ਸੋਧ ਬਿਲ 2025, ਕੋਆਪ੍ਰੇਟਿਵ ਸੁਸਾਇਟੀਆਂ ਦੇ ਕਰਜ਼ਿਆਂ 'ਤੇ ਪੂਰਨ ਤੌਰ 'ਤੇ ਲੀਕ ਮਾਰਨ, ਪੰਜਾਬ ਅੰਦਰ ਨਕਲੀ ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤੂਆਂ ਦੀ ਵਧ ਰਹੀ ਮਿਲਾਵਟ, ਬੀਜ ਸੋਧ ਬਿੱਲ, ਕੇਂਦਰ ਸਰਕਾਰ ਵੱਲੋਂ ਰਾਜਾਂ ਨੂੰ ਮਿਲਣ ਵਾਲੇ ਫੰਡਾਂ 'ਚ ਕਟੌਤੀ, ਚਿੱਪ ਵਾਲੇ ਬਿਜਲੀ ਮੀਟਰ ਲਗਾਉਣ ਵਰਗੇ ਮੁੱਦੇ ਖਾਸ ਤੌਰ 'ਤੇ ਵਿਚਾਰੇ ਗਏ। ਜ਼ਿਲ੍ਹਾ ਪ੍ਰਧਾਨ ਅਬਜਿੰਦਰ ਸਿੰਘ ਜੋਗੀ ਗਰੇਵਾਲ ਨੇ ਕਿਹਾ ਕਿ ਸੂਬੇ ਦੇ ਕਿਸਾਨਾਂ ਨੇ ਭਾਰਤ ਦੇ ਅਨ ਭੰਡਾਰ ਨੂੰ ਭਰਨ ਚ ਅਹਿਮ ਭੂਮਿਕਾ ਨਿਭਾਈ ਹੈ, ਪਰ ਅੱਜ ਉਹੀ ਕਿਸਾਨ ਸਰਕਾਰਾਂ ਦੀਆਂ ਗਲਤ ਨੀਤੀਆਂ ਅਤੇ ਗਲਤ ਫੈਸਲਿਆਂ ਕਾਰਨ ਆਰਥਿਕ ਤੰਗੀ ਦਾ ਸਾਹਮਣਾ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਇੱਕ ਪਾਸੇ ਕਿਸਾਨ ਨੂੰ ਆਪਣੀ ਫਸਲ ਦਾ ਪੂਰਾ ਮੁੱਲ ਨਹੀਂ ਮਿਲਦਾ, ਦੂਜੇ ਪਾਸੇ ਮਾਰਕੀਟ 'ਚ ਨਕਲੀ ਵਸਤੂਆਂ ਦੀ ਭਰਮਾਰ ਹੋ ਰਹੀ ਹੈ।ਖਾਸ ਕਰਕੇ ਨਕਲੀ ਦੁੱਧ, ਨਕਲੀ ਖੋਆ, ਪਨੀਰ ਤੇ ਦੇਸੀ ਘਿਓ ਦੀ ਖੁੱਲ੍ਹੀ ਵਿਕਰੀ ਨੂੰ ਲੈ ਕੇ ਆਗੂਆਂ ਨੇ ਗੰਭੀਰ ਚਿੰਤਾ ਜਤਾਈ।ਯਸ਼ੋਦਾ ਨੰਦ ਸੁਆਮੀ ਜੀ ਵੱਲੋਂ ਗਠਿਤ ਕੀਤੀਆਂ ਨਵੀਆਂ ਇਕਾਈਆਂ ਦੇ ਮੁਖੀਆਂ ਸਮੇਤ ਪੁੱਜੇ ਪਤਵੰਤਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਕੌਮੀ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਜਲਦ ਹੀ ਇਨ੍ਹਾਂ ਮਿਲਾਵਟਖੋਰਾਂ ਖਿਲਾਫ ਠੋਸ ਕਦਮ ਚੁੱਕੇਗੀ।

# ਰੈਲੀਆਂ ਨਾਲ ਨਸ਼ਾ ਖ਼ਤਮ ਨਹੀਂ ਹੁੰਦਾ, ਸਰਕਾਰ ਜ਼ਮੀਨੀ ਹਕੀਕਤ ਤੋਂ ਦੂਰ : ਹਰਦੀਪ ਦੌਲਤਪੁਰ

**ਧੂਰੀ, (ਮੋਹਿਤ ਗਰਗ, ਮਨੋਹਰ ਸੱਗੂ)** ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਸੂਬਾ ਜਨਰਲ ਸਕੱਤਰ ਤੇ ਹਲਕਾ ਧੂਰੀ ਦੇ ਸੀਨੀਅਰ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਸੂਬਾ ਸਰਕਾਰ ਦੀਆਂ ਨੀਤੀਆਂ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਸਿਰਫ਼ ਰੈਲੀਆਂ ਕਰਨ ਨਾਲ ਨਸ਼ਾ ਖ਼ਤਮ ਨਹੀਂ ਹੁੰਦਾ।ਆਮ ਆਦਮੀ ਪਾਰਟੀ ਵੱਲੋਂ ਨਸ਼ਿਆਂ ਵਿਰੁੱਧ ਕੀਤੀ ਗਈ ਰੈਲੀ ਨੂੰ ਫਲਾਪ ਸ਼ੋਅ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤੇ ਜਾ ਰਹੇ ਦਾਅਵੇ ਸਿਰਫ਼ ਇੱਕ ਸਿਆਸੀ ਦਿਖਾਵਾ ਹਨ, ਜਿਨ੍ਹਾਂ ਦਾ ਅਸਲੀਅਤ ਨਾਲ ਕੋਈ ਸਰੋਕਾਰ ਨਹੀਂ ਹੈ। ਦੌਲਤਪੁਰ ਨੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਦੀ ਜਵਾਨੀ ਨਸ਼ਿਆਂ ਦੀ ਦਲਦਲ ਵਿੱਚ ਲਗਾਤਾਰ ਧਸਦੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਘਰਾਂ ਦੇ ਚਿਰਾਗ ਬੁਝ ਰਹੇ ਹਨ ਤੇ ਮਾਵਾਂ ਦੀਆਂ ਗੋਦੀਆਂ ਸੁੰਨੀਆਂ ਹੋ ਰਹੀਆਂ ਹਨ, ਪਰ ਸੂਬੇ ਦੇ ਮੁੱਖ ਮੰਤਰੀ ਅਸਲ ਮੁੱਦਿਆਂ ਨੂੰ ਸੁਲਝਾਉਣ ਦੀ ਬਜਾਏ ਰੈਲੀਆਂ ਦੇ ਪ੍ਰਚਾਰ ਵਿੱਚ ਮਸਰੂਫ ਹਨ।ਉਨ੍ਹਾਂ ਇਲਜ਼ਾਮ ਲਾਇਆ ਕਿ ਜ਼ਮੀਨੀ ਪੱਧਰ 'ਤੇ ਨਸ਼ਾ ਘਟਣ ਦੀ ਬਜਾਏ ਦਿਨ-ਬ-ਦਿਨ ਹੋਰ ਵੱਧ ਰਿਹਾ ਹੈ, ਜੋ ਬਹੁਤ ਮੰਦਭਾਗਾ ਹੈ। ਕਾਂਗਰਸੀ ਆਗੂ ਨੇ ਅੱਗੇ ਕਿਹਾ ਕਿ ਨਸ਼ਿਆਂ ਨੂੰ ਨੱਥ ਪਾਉਣ ਲਈ ਸਿਰਫ਼ ਭਾਸ਼ਣਾਂ ਜਾਂ ਭੀੜ ਇਕੱਠੀ ਕਰਨ ਦੀ ਲੋੜ ਨਹੀਂ, ਸਗੋਂ ਸਖ਼ਤ ਪ੍ਰਸ਼ਾਸਨਿਕ ਕਾਰਵਾਈ ਤੇ ਇਮਾਨਦਾਰ ਨੀਅਤ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੀ ਨਾਕਾਮੀ ਕਾਰਨ ਨਸ਼ਾ ਤਸਕਰਾਂ ਦੇ ਹੌਸਲੇ ਬੁਲੰਦ ਹਨ।ਜਦੋਂ ਤੱਕ ਨਸ਼ੇ ਦੀ ਸਪਲਾਈ ਲਾਈਨ ਨੂੰ ਤੋੜਿਆ ਨਹੀਂ ਜਾਂਦਾ ਤੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਨਹੀਂ ਦਿੱਤੇ ਜਾਂਦੇ, ਉਦੋਂ ਤੱਕ ਅਜਿਹੀਆਂ ਰੈਲੀਆਂ ਮਹਿਜ਼ ਫੋਕੀ ਵਾਹ-ਵਾਹੀ ਤੋਂ ਇਲਾਵਾ ਕੁਝ ਨਹੀਂ। ਹਰਦੀਪ ਸਿੰਘ ਦੌਲਤਪੁਰ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਨਸ਼ੇ ਦੇ ਕੋਹੜ ਨੂੰ ਜੜ੍ਹੋਂ ਖ਼ਤਮ ਕਰਨ ਲਈ ਕੋਈ ਠੋਸ ਨੀਤੀ ਨਾ ਬਣਾਈ ਗਈ, ਤਾਂ ਪੰਜਾਬ ਦਾ ਭਵਿੱਖ ਪੂਰੀ ਤਰ੍ਹਾਂ ਹਨੇਰੇ ਵਿੱਚ ਚਲਾ ਜਾਵੇਗਾ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਡਰਾਮੇਬਾਜ਼ੀ ਛੱਡ ਕੇ ਪੰਜਾਬ ਦੇ ਪਰਵਾਰਾਂ ਨੂੰ ਉਂਜੜਨ ਤੋਂ ਬਚਾਉਣ ਲਈ ਗੰਭੀਰਤਾ ਨਾਲ ਕੰਮ ਕਰੇ।

# ਅੱਤਰੀ ਪਰਵਾਰ ਨੇ ਲਾਇਆ ਚਾਹ-ਪਕੌੜਿਆਂ ਦਾ ਲੰਗਰ



**ਲੌਂਗੋਵਾਲ (ਪ੍ਰਦੀਪ ਸੱਪਲ)** ਪਿੰਡ ਉਭਾਵਾਲ ਵਿਖੇ ਸੰਤ ਮੋਹਨ ਦਾਸ ਅੱਤਰੀ ਦੇ ਸਮੂਹ ਪਰਿਵਾਰ ਵੱਲੋਂ ਰਿੰਕੂ ਕੈਨੇਡਾ ਨੂੰ ਪੁੱਤਰ ਤਾਜਵੀਰ ਅੱਤਰੀ ਦੀ ਦਾਤ ਪ੍ਰਾਪਤ ਹੋਣ ਦੀ ਖੁਸ਼ੀ ਵਿੱਚ ਸੰਤ ਮੋਹਨ ਦਾਸ ਦੇ ਸਥਾਨ 'ਤੇ ਪਹੁੰਚ ਕੇ ਸਮੂਹ ਅੱਤਰੀ ਪਰਿਵਾਰ ਵੱਲੋਂ ਸੰਤ ਮੋਹਨ ਦਾਸ ਜੀ ਦਾ ਸ਼ੁਕਰਾਨਾ ਕੀਤਾ ਗਿਆ ਅਤੇ ਬਰੈਡ ਪਕੌੜੇ ਤੇ ਚਾਹ ਦਾ ਲੰਗਰ ਅਤੁੱਟ ਵਰਤਾਇਆ ਗਿਆ। ਨਗਰ ਨਿਵਾਸੀਆਂ ਤੇ ਸਮੂਹ ਅੱਤਰੀ ਪਰਵਾਰ ਵੱਲੋਂ ਤਾਜਵੀਰ ਅੱਤਰੀ, ਰਿੰਕੂ ਅੱਤਰੀ, ਗਗਨ ਅੱਤਰੀ ਵਾਸੀ ਕੈਨੇਡਾ ਤੇ ਅਕਾਲੀ ਫੂਲਾ ਸਿੰਘ ਨਸ਼ਾ ਛੁਡਾਓ ਦਸਤਾਰ ਸਜਾਓ ਸੰਗਠਨ ਦੇ ਪ੍ਰਧਾਨ ਜਗਸੀਰ ਸਿੰਘ ਖੇੜੀ ਚੰਦਵਾ ਤੇ ਖਜ਼ਾਨਚੀ ਪਾਲੀ ਸਿੰਘ ਕਮਲ ਸਰਪੰਚ ਉਭਾਵਾਲ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ।ਇਸ ਉਪਰੰਤ ਰਿੰਕੂ ਅੱਤਰੀ ਕੈਨੇਡਾ ਵੱਲੋਂ ਸਾਰਿਆਂ ਨੂੰ ਕੈਨੇਡਾ ਦੀ ਬਣੀ ਪੰਜੀਰੀ ਦੇ ਡੱਬੇ ਦੇ ਕੇ ਸਨਮਾਨਤ ਕੀਤਾ।

# ਪ੍ਰਾਚੀਨ ਸ਼ਿਵ ਸ਼ਨੀ ਮੰਦਰ 'ਚ ਸ਼ਰਧਾ ਨਾਲ ਮਨਾਈ ਮਹਾਂਸ਼ਿਵਰਾਤਰੀ



**ਬਾਘਾ ਪੁਰਾਣਾ (ਮਨੀ ਸਿੰਗਲਾ)** ਪ੍ਰਾਚੀਨ ਸ੍ਰੀ ਸ਼ਿਵ ਸ਼ਨੀ ਮੰਦਿਰ (ਮਾਲ ਸਾਹਿਬ) ਵਿਖੇ ਮਹਾਂ-ਸ਼ਿਵਰਾਤਰੀ ਦਾ ਤਿਉਹਾਰ ਪ੍ਰਬੰਧ ਕਮੇਟੀਆਂ ਵੱਲੋਂ ਸ਼ਹਿਰ ਦੀਆਂ ਧਾਰਮਿਕ ਸੰਸਥਾਵਾਂ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਾਇਆ ਗਿਆ।ਸ਼ਨੀ ਮੰਦਰ ਦੇ ਪੁਜਾਰੀ ਕਾਕੂ ਸ਼ਰਮਾਂ ਵੱਲੋਂ ਪੂਜਾ ਕਰਨ ਉਪਰੰਤ ਕਾਂਵੜੀਆਂ ਵੱਲੋਂ ਲਿਆਂਦਾ ਪਵਿੱਤਰ ਗੰਗਾ ਜਲ ਅਰਪਿਤ ਕੀਤਾ ਗਿਆ।ਐਡਵੋਕੇਟ ਅਮਿਤ ਅਗਰਵਾਲ ਪ੍ਰਧਾਨ ਯੂਥ ਅਗਰਵਾਲ ਸਭਾ ਵੱਲੋਂ ਆਪਣੇ ਕਰ ਕਮਲਾਂ ਨਾਲ ਸ਼ਨੀ ਮੰਦਰ ਵਿਖੇ ਆਪਣੀ ਪੂਰੀ ਟੀਮ ਸਮੇਤ ਲੰਗਰ ਦਾ ਉਦਘਾਟਨ ਕੀਤਾ ਗਿਆ ਤੇ ਵੱਡੀ ਰਾਸ਼ੀ ਲੰਗਰ ਵਿੱਚ ਸਹਿਯੋਗ ਲਈ ਪ੍ਰਬੰਧਕ ਕਮੇਟੀ ਨੂੰ ਸੌਂਪੀ। ਪ੍ਰਬੰਧਕ ਕਮੇਟੀ ਵੱਲੋਂ ਐਡਵੋਕੇਟ ਅਮਿਤ ਅਗਰਵਾਲ ਨੂੰ ਭੋਲੇ ਨਾਥ ਦਾ ਸਰੂਪ ਦੇ ਕੇ ਸਨਮਾਨਤ ਕੀਤਾ ਗਿਆ ਤੇ ਸਹਿਯੋਗ ਕਰਨ ਲਈ ਧੰਨਵਾਦ ਕੀਤਾ।

# ਡਿਪਟੀ ਕਮਿਸ਼ਨਰ ਨੇ ਵਿਕਾਸ ਕਾਰਜਾਂ ਦੀ ਕੀਤੀ ਸਮੀਖਿਆ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਜ਼ਮੀਨੀ ਪੱਧਰ ਉੱਤੇ ਕਰਨ ਤੇ ਬਲਾਕ ਪੱਧਰ ਉੱਤੇ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਨ ਲਈ ਡਿਪਟੀ ਕਮਿਸ਼ਨਰ ਰੂਪਨਗਰ ਅਦਿੱਤਿਆ ਡੇਚਲਵਾਲ ਵੱਲੋਂ ਸ੍ਰੀ ਚਮਕੌਰ ਸਾਹਿਬ ਵਿਖੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ।ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਰੂਪਨਗਰ ਨੇ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਰਕਾਰੀ ਯੋਜਨਾਵਾਂ ਅਧੀਨ ਚੱਲ ਰਹੇ ਸਾਰੇ ਪ੍ਰੋਜੈਕਟ ਨਿਰਧਾਰਤ ਸਮੇਂ ਅੰਦਰ ਅਤੇ ਗੁਣਵੱਤਾ ਮਿਆਰਾਂ ਅਨੁਸਾਰ ਮੁਕੰਮਲ ਕੀਤੇ ਜਾਣ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਜਿੱਥੇ ਵੀ ਰੁਕਾਵਟਾਂ ਆ ਰਹੀਆਂ ਹਨ ਉਨ੍ਹਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।

# ਵਕੀਲ ਦੀ ਮਾਂ ਵੱਲੋਂ ਪੁਲਸ ਕਮਿਸ਼ਨਰ ਦਫ਼ਤਰ ਅੱਗੇ 2 ਮਾਰਚ ਨੂੰ ਪੱਕੇ ਧਰਨੇ ਦਾ ਐਲਾਨ

**ਲੁਧਿਆਣਾ (ਸਤੀਸ਼ ਸਚਦੇਵਾ)**- ਲਲਕਾਰ ਗਰੁੱਪ ਨਾਲ ਸੰਬੰਧਤ ਐਡਵੋਕੇਟ ਦਿਲਜੋਤ ਸ਼ਰਮਾ ਦੀ ਭੇਦਭਰੇ ਹਾਲਾਤ ਵਿੱਚ ਹੋਈ ਮੌਤ ਦੇ ਕਾਰਨਾਂ ਦੀ ਨਿਰਪੱਖ ਜਾਂਚ ਕਰਵਾਉਣ ਤੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਨੂੰ ਲੈ ਕੇ ਬਣੀ ਐਕਸ਼ਨ ਕਮੇਟੀ ਵੱਲੋਂ ਲੁਧਿਆਣਾ ਵਿੱਚ ਹੰਗਾਮੀ ਮੀਟਿੰਗ ਕਰਕੇ ਪੁਲਸ ਉੱਪਰ ਦੋਸ਼ੀਆਂ ਦੀ ਪੁਸ਼ਤਪਨਾਹੀ ਦੇ ਦੋਸ਼ ਲਗਾਏ ਗਏ। ਦਿਲਜੋਤ ਦੀ ਮਾਤਾ ਵੀਰਪਾਲ ਕੌਰ



ਤੇ ਐਕਸ਼ਨ ਕਮੇਟੀ ਵੱਲੋਂ ਪੁਲਸ ਦੀ ਕਾਰਗੁਜ਼ਾਰੀ ਖਿਲਾਫ ਸ਼ਹਿਰ ਵਿੱਚ ਪੁਲਸ ਖ਼ਿਲਾਫ਼ ਮਾਰਚ ਕਰਕੇ 2 ਮਾਰਚ ਨੂੰ ਪੁਲਸ ਕਮਿਸ਼ਨਰ ਦਫ਼ਤਰ ਦੇ ਬਾਹਰ ਪੱਕਾ ਧਰਨਾ ਦੇਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਦਿਲਜੋਤ ਦੀ ਮਾਤਾ ਵੀਰਪਾਲ ਕੌਰ, ਐਕਸ਼ਨ ਕਮੇਟੀ ਦੇ ਆਗੂਆਂ ਸੀ ਪੀ ਆਈ ਐਮ ਐਲ ਲਿਬਰੇਸ਼ਨ ਦੇ ਸੁਖਦਰਸ਼ਨ ਨੱਤ, ਇੰਟਰਨੈਸ਼ਨਲ ਡੈਮੋਕ੍ਰੇਟਿਕ ਪਲੇਟਫਾਰਮ ਦੇ ਕਰਨੈਲ ਸਿੰਘ ਜਖੇਪਲ, ਆਰ ਐਮ ਪੀ ਆਈ ਦੇ ਪ੍ਰੋਫੈਸਰ ਜੈਪਾਲ ਸਿੰਘ, ਪੰਜਾਬ ਸਟੂਡੈਂਟਸ ਯੂਨੀਅਨ ਦੇ ਰਣਵੀਰ ਸਿੰਘ ਕੁਰੜ, ਇਸਤਰੀ ਜਾਗ੍ਰਿਤੀ ਮੰਚ ਦੇ ਜਸਵੀਰ ਕੌਰ, ਏਕਟੂ ਦੇ ਜੈ ਪ੍ਰਕਾਸ਼ ਨਰਾਇਣ, ਪਰਵਾਰਕ ਮੈਂਬਰ ਸ਼ਿਵਜੀ ਰਾਮ ਨੇ ਕਿਹਾ ਕਿ ਮੌਤ ਹੋਈ ਨੂੰ ਲਗਪਗ ਡੇਢ ਮਹੀਨਾ ਬੀਤ ਚੁੱਕਿਆ ਹੈ ਪਰ ਪੁਲਸ ਵੱਲੋਂ ਨਾ ਤਾਂ ਲਿਖਾਈ ਦਾ ਮਿਲਾਣ ਕਰਵਾਇਆ ਗਿਆ ਤੇ ਨਾ ਹੀ ਮੌਤ ਵੇਲੇ ਪਾਏ ਕੱਪੜੇ ਜਾਂਚ ਲਈ ਭੇਜੇ ਗਏ। ਪੁਲਸ ਵੱਲੋਂ ਨਾ ਤਾਂ ਬਿਸਰਾ ਰਿਪੋਰਟ ਮੰਗਵਾਈ ਗਈ ਹੈ । ਪੁਲਸ ਵੱਲੋਂ ਜਾਣਬੁੱਝ ਕੇ ਜਾਂਚ ਨੂੰ ਲਮਕਾਇਆ ਜਾ ਰਿਹਾ ਹੈ। ਐਫ਼ ਆਈ ਆਰ ਵੀ ਲਗਪਗ ਇੱਕ ਮਹੀਨੇ ਤੋਂ ਬਾਅਦ ਕੀਤੀ ਗਈ ਸੀ ਪਰ ਐਫ਼ ਆਈ ਆਰ ਤੋਂ ਜਾਂਚ ਨੂੰ ਅੱਗੇ ਨਹੀਂ ਵਧਾਇਆ ਜਾ ਰਿਹਾ ।ਆਗੂਆਂ ਨੇ ਕਿਹਾ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਤੇ ਦੋਸ਼ੀਆਂ ਦੀ ਗ੍ਰਿਫਤਾਰੀ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ ।

# ਮੋਦੀ ਸਰਕਾਰ ਦੇ ਨਵੇਂ ਵਪਾਰਕ ਫੈਸਲੇ ਤਿੰਨ ਕਾਲੇ ਕਾਨੂੰਨਾਂ ਤੋਂ ਵੀ ਵੱਧ ਖਤਰਨਾਕ : ਚੇਅਰਮੈਨ ਵਿੱਕੀ ਸੁਖਾਨੰਦ

**ਬਾਘਾ ਪੁਰਾਣਾ (ਮਨੀ ਸਿੰਗਲਾ)**- ਚੇਅਰਮੈਨ ਵਿਕਰਮਜੀਤ ਸਿੰਘ ਵਿੱਕੀ ਸੁਖਾਨੰਦ ਨੇ ਕਿਹਾ ਕਿ ਬੀਤੇ ਦਿਨੀਂ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਮਰੀਕਾ ਦੇ ਵਪਾਰ ਲਈ ਜੋ ਚੋਰੀ ਛੁਪੇ ਰਸਤੇ ਖੋਲ੍ਹੇ ਗਏ ਹਨ, ਉਹ ਤਿੰਨ ਕਾਲੇ ਕਾਨੂੰਨਾਂ ਤੋਂ ਵੀ ਵੱਧ ਖਤਰਨਾਕ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਫੈਸਲਿਆਂ ਨਾਲ ਦੇਸ਼ ਦੇ ਕਿਸਾਨ, ਮਜ਼ਦੂਰ ਅਤੇ ਛੋਟੇ ਵਪਾਰੀ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਚੇਅਰਮੈਨ ਨੇ ਦੱਸਿਆ ਕਿ ਇਨ੍ਹਾਂ



ਨੀਤੀਆਂ ਦੇ ਵਿਰੋਧ ਵਿਚ ਕਿਸਾਨ ਜਥੇਬੰਦੀਆਂ ਅਤੇ ਹੋਰ ਸਮਾਜਿਕ ਜਥੇਬੰਦੀਆਂ ਵੱਲੋਂ ਦਿੱਤੀ ਗਈ ਬੰਦ ਦੀ ਕਾਲ ਨੂੰ ਆਮ ਆਦਮੀ ਪਾਰਟੀ ਵੱਲੋਂ ਪੂਰਾ ਸਮਰਥਨ ਦਿੱਤਾ ਗਿਆ, ਪਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਮਸਲੇ 'ਤੇ ਚੁੱਪੀ ਵੱਟੀ ਰੱਖੀ ਗਈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਇਹ ਚੁੱਪ ਸਾਫ਼ ਦਰਸਾਉਂਦੀ ਹੈ ਕਿ ਜਿੱਥੇ ਪਾਰਟੀ ਨੂੰ ਆਪਣਾ ਫਾਇਦਾ ਦਿਖਾਈ ਦਿੰਦਾ ਹੈ, ਉਥੇ ਇਹ ਬੋਲਣ ਤੋਂ ਕਤਰਾਉਂਦੀ ਹੈ। ਵਿੱਕੀ ਸੁਖਾਨੰਦ ਨੇ ਆਖਿਆ ਕਿ ਅਕਾਲੀ ਦਲ ਦੇ ਨੇਤਾ ਸੱਤਾ ਵਿਚ ਆਉਣ ਲਈ ਤਰਲੋ-ਮੱਛੀ ਹੋ ਰਹੇ ਹਨ ਅਤੇ ਇਸੇ ਖਾਤਰ ਉਹ ਮੋਦੀ ਸਰਕਾਰ ਨਾਲ ਸਮਝੌਤਾ ਕਰਨ ਲਈ ਤਿਆਰ ਨਜ਼ਰ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਇਹ ਪਾਰਟੀ ਕਾਲੇ ਕਾਨੂੰਨਾਂ ਨੂੰ ਪੰਜਾਬ ਦੇ ਹੱਕ 'ਚ ਦੱਸਦੀ ਰਹੀ, ਪਰ ਜਦੋਂ ਲੋਕਾਂ ਦਾ ਤਿੱਖਾ ਵਿਰੋਧ ਸਾਹਮਣੇ ਆਇਆ ਤਾਂ ਇਨ੍ਹਾਂ ਨੇ ਯੂ-ਟਰਨ ਲੈ ਲਿਆ। ਬੀਤੇ ਦਿਨ ਮੋਗਾ ਵਿਚ ਹੋਈ ਆਪ ਦੀ ਸੂਬਾ ਰੈਲੀ ਬਾਰੇ ਗੱਲ ਕਰਦਿਆਂ ਚੇਅਰਮੈਨ ਨੇ ਕਿਹਾ ਕਿ ਜੋ ਲੋਕ ਇਸ ਰੈਲੀ ਨੂੰ ਫਲਾਪ ਦੱਸ ਰਹੇ ਹਨ, ਉਹ ਅਸਲ ਵਿਚ ਵੱਡੇ ਇਕੱਠ ਨੂੰ ਦੇਖ ਕੇ ਆਪਣਾ ਸੰਤੁਲਨ ਖੋਹ ਬੈਠੇ ਹਨ।

# ਕਾਂਗਰਸ ਦੀ ਮਜ਼ਬੂਤੀ ਲਈ ਪਿੰਡ-ਪਿੰਡ ਸੰਪਰਕ ਮੀਟਿੰਗਾਂ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਬੀਬੀ ਕਾਂਤਾ ਕੁਠਾਲਾ ਵੱਲੋਂ ਕਾਂਗਰਸ ਪਾਰਟੀ ਦੀ ਹੇਠਲੇ ਪੱਧਰ ਤੱਕ ਸਥਿਤੀ ਮਜ਼ਬੂਤ ਬਨਾਉਣ ਲਈ ਜ਼ਿਲ੍ਹਾ ਪ੍ਰਧਾਨ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ, ਬਲਾਕ ਪ੍ਰਧਾਨ ਪਰਮਿੰਦਰ ਸਿੰਘ ਸ਼ੰਮੀ ਠੁੱਲੀਵਾਲ ਦੀ ਗਤੀਸ਼ੀਲ ਅਗਵਾਈ ਹੇਠ ਹਲਕੇ ਦੇ ਪਿੰਡ ਪਿੰਡ ਸੰਪਰਕ ਮੁਹਿੰਮ ਤਹਿਤ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਜਿਸ ਤਹਿਤ ਲੋਕਾਂ ਨੂੰ ਕਾਂਗਰਸ ਪਾਰਟੀ



ਦੀਆਂ ਲੋਕ ਪੱਖੀ ਨੀਤੀਆਂ ਬਾਰੇ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਪਾਰਟੀ ਦੇ ਝੰਡੇ ਹੇਠ ਲਾਮਬੰਦ ਹੋਣ ਦੀ ਅਪੀਲ ਕੀਤੀ ਗਈ। ਬੀਬੀ ਕਾਂਤਾ ਕੁਠਾਲਾ ਨੇ ਦੱਸਿਆ ਉਹ ਪਿਛਲੇ ਲੰਬੇ ਸਮੇਂ ਤੋਂ ਕਾਂਗਰਸ ਪਾਰਟੀ ਦੇ ਇਕ ਨਿਸ਼ਕਾਮ ਸੇਵਾਦਾਰ ਵਜੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ।ਸੰਪਰਕ ਮੁਹਿੰਮ ਤਹਿਤ ਹਲਕਾ ਮਹਿਲ ਕਲਾਂ ਦੇ ਹਰ ਪਿੰਡ ਵਿੱਚ ਜਾ ਕੇ ਪਾਰਟੀ ਨੂੰ ਸਮਰਪਤ ਪੁਰਾਣੇ ਟਕਸਾਲੀ ਪਰਵਾਰਾਂ ਨੂੰ ਮਿਲ ਕੇ ਪਾਰਟੀ ਲਈ ਸਰਗਰਮ ਹੋਣ ਲਈ ਬੇਨਤੀ ਕਰ ਰਹੇ ਹਨ।ਬੀਬੀ ਕਾਂਤਾ ਕੁਠਾਲਾ ਨੇ ਵਿਧਾਨ ਸਭਾ ਚੋਣਾਂ 2027 ਦੇ ਮੱਦੇਨਜ਼ਰ ਪਾਰਟੀ ਦੇ ਸਮੂਹ ਆਗੂਆਂ, ਵਰਕਰਾਂ ਨੂੰ ਸਰਗਰਮੀਆਂ ਨੂੰ ਤੇਜ ਕਰਕੇ ਪਿੰਡ ਪੱਧਰ ਤੱਕ ਮੋਰਚੇ ਸੰਭਾਲਣ ਦੀ ਅਪੀਲ ਕੀਤੀ।

# ਸਰਕਾਰੀ ਸਕੂਲਾਂ ਦੀ ਟਰਾਂਸਪੋਰਟ ਸਹੂਲਤ ਦੀ ਅਦਾਇਗੀ ਨਾ ਹੋਣ ਕਾਰਨ ਬੰਦ ਹੋਣ ਕਿਨਾਰੇ

**ਧੂਰੀ (ਮਨੋਹਰ ਸਿੰਘ ਸੱਗੂ / ਮੋਹਿਤ ਗਰਗ)**- ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਕੂਲ ਆਫ਼ ਐਮੀਨੈਂਸ ਅਤੇ ਸਰਕਾਰੀ ਕੰਨਿਆ ਸਕੂਲਾਂ 'ਚ ਪੜ੍ਹਦੇ ਬੱਚਿਆਂ ਨੂੰ ਲਿਆਉਣ ਅਤੇ ਛੱਡਣ ਦੀ ਸਹੂਲਤ ਲਈ ਲਗਾਈਆਂ ਗਈਆਂ ਬੱਸਾਂ ਦੀ ਆਪਣੇ ਹਿੱਸੇ ਦੀ ਅਦਾਇਗੀ ਨਾ ਕੀਤੇ ਜਾਣ ਕਾਰਨ ਪ੍ਰਬੰਧਕਾਂ ਨੂੰ ਸਹੂਲਤ ਜਾਰੀ ਰੱਖਣ ਲਈ ਦਿੱਕਤਾਂ ਦਾ ਸਾਹਮਣਾ ਕਰਨਾ ਲਈ ਮਜਬੂਰ ਹੋਣਾ ਪੈ ਰਿਹਾ ਹੈ।ਸਰਕਾਰ ਵੱਲੋਂ ਬੱਚਿਆਂ ਦੀ ਸਹੂਲਤ ਲਗਾਈਆਂ ਗਈਆਂ ਬੱਸਾਂ ਦੀ ਅਦਾਇਗੀ 'ਚ ਦੇਰੀ ਹੋਣ ਕਾਰਨ ਦਿੱਕਤਾਂ ਦਾ ਸਾਹਮਣਾ ਕਰਨ ਲਈ ਮਜਬੂਰ ਸਰਕਾਰੀ ਸਕੂਲਾਂ ਦੇ ਕਈ ਪ੍ਰਬੰਧਕਾਂ ਵੱਲੋਂ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੱਚਿਆਂ ਨੂੰ ਲਿਆਉਣ ਤੇ ਛੱਡਣ ਦੀ ਸਹੂਲਤ ਲਈ ਲਗਾਈਆਂ ਬੱਸਾਂ ਦੀ ਅਦਾਇਗੀ 'ਚ 960 ਰੁਪਏ ਪ੍ਰਤੀ ਬੱਚਾ ਪ੍ਰਤੀ ਮਹੀਨਾ ਸਰਕਾਰ ਵੱਲੋਂ ਦਿੱਤਾ ਜਾਂਦਾ ਸੀ ਅਤੇ 240 ਰੁਪਏ ਪ੍ਰਤੀ ਮਹੀਨਾ ਮਾਪਿਆਂ ਵੱਲੋਂ ਦਿੱਤਾ ਜਾਂਦਾ ਸੀ ।ਪਰ ਅਕਤੂਬਰ-2025 ਤੱਕ ਤਾਂ ਭਾਵੇਂ ਸਰਕਾਰ ਵੱਲੋਂ ਆਪਣੇ ਹਿੱਸੇ ਦੀ ਅਦਾਇਗੀ ਕੀਤੀ ਗਈ, ਪਰ ਨਵੰਬਰ-2025 ਤੋਂ ਸਰਕਾਰ ਦੇ ਹਿੱਸੇ ਦੀ ਅਦਾਇਗੀ ਨਾ ਹੋਣ ਕਾਰਨ ਹੁਣ ਪ੍ਰਬੰਧਕਾਂ ਨੂੰ ਇਹ ਸਹੂਲਤ ਜਾਰੀ ਰੱਖਣ ਲਈ ਦਿੱਕਤਾਂ ਦਾ ਸਾਹਮਣਾ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ ਅਤੇ ਜੇਕਰ ਸਰਕਾਰ ਦੇ ਹਿੱਸੇ ਦੀ ਰੁਕੀ ਅਦਾਇਗੀ ਨਾ ਹੋਈ ਤਾਂ ਆਗਾਮੀ ਮਾਰਚ ਮਹੀਨੇ ਤੋਂ ਉਹ ਇਸ ਸਹੂਲਤ ਨੂੰ ਜਾਰੀ ਰੱਖਣ ਤੋਂ ਅਸਮਰੱਥ ਹੋਣਗੇ। ਅਦਾਇਗੀ ਨਾ ਹੋਣ ਕਾਰਨ ਦਿੱਕਤਾਂ ਦਾ ਸਾਹਮਣਾ ਕਰ ਰਹੇ ਸਕੂਲ ਪ੍ਰਬੰਧਕਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਲੰਘੇ ਨਵੰਬਰ ਮਹੀਨੇ ਤੋਂ ਰੁਕੀ ਹੁਣ ਤੱਕ ਦੀ ਸਰਕਾਰੀ ਹਿੱਸੇ ਦੀ ਅਦਾਇਗੀ ਤੁਰੰਤ ਜਾਰੀ ਕੀਤੀ ਜਾਵੇ ਤਾਂ ਕਿ ਬੱਚਿਆਂ ਨੂੰ ਮਿਲੀ ਬੱਸ (ਟਰਾਂਸਪੋਰਟ) ਦੀ ਸਹੂਲਤ ਨੂੰ ਚਾਲੂ ਰੱਖਿਆ ਜਾ ਸਕੇ। ਸੰਪਰਕ ਕਰਨ 'ਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ) ਸੰਗਰੂਰ ਮੈਡਮ ਮਨਜੀਤ ਕੌਰ ਨੇ ਦੱਸਿਆ ਕਿ ਰੁਕੀ ਅਦਾਇਗੀ ਸਬੰਧੀ ਬਿਲ ਬਣਾ ਕੇ ਵਿਭਾਗ ਨੂੰ ਭੇਜੇ ਗਏ ਹਨ ਅਤੇ ਬਿੱਲ ਪਾਸ ਹੋਣ 'ਤੇ ਅਦਾਇਗੀ ਕੀਤੀ ਜਾਵੇਗੀ।

# ਗੋਰਸੀਆਂ 'ਚ ਫੁੱਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸ਼ੁਰੂ



**ਚੌਂਕੀਮਾਨ (ਇੰਜੀ ਬਲਬੀਰ ਸਿੰਘ ਮਾਨ)** ਪਿੰਡ ਗੋਰਸੀਆਂ ਮੱਖਣ ਵਿਖੇ ਸ਼ਾਨਦਾਰ ਓਪਨ ਫੁੱਟਬਾਲ ਟੂਰਨਾਮੈਂਟ ਰੋਇਲ ਸਪੋਰਟਸ ਕਲੱਬ ਅਤੇ ਸਮੂਹ ਪ੍ਰਵਾਸੀ ਪੰਜਾਬੀਆਂ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਾਇਆ ਗਿਆ, ਜਿਸ ਦਾ ਅਗਾਜ਼ ਸਿੱਖੀ ਸਿਧਾਂਤਾਂ ਅਨੁਸਾਰ ਗੁਰੂ ਮਹਾਰਾਜ ਜੀ ਦੇ ਚਰਨਾਂ 'ਚ ਅਰਦਾਸ ਬੇਨਤੀ ਕਰਦਿਆਂ ਸ਼ਾਨੋ ਸ਼ੌਕਤ ਨਾਲ ਕੀਤਾ ਗਿਆ। ਮੁੱਖ ਥਾਣਾ ਸਿੱਧਵਾਂ ਬੇਟ ਦੇ ਐਸ.ਐਚ.ਓ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਇਆਂ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਅਹਿਮ ਹਿੱਸਾ ਹਨ, ਜੋ ਸਾਡੇ ਦੇਸ਼ ਦੇ ਭੱਵਿਖ ਨੌਜਵਾਨਾਂ ਨੂੰ ਨਸ਼ਿਆਂ ਤੋਂ ਰਹਿਤ ਕਰਦੀਆਂ ਹਨ।ਇਸ ਸਮੇਂ ਰੋਇਲ ਸਪੋਰਟਸ ਕਲੱਬ, ਐਨ ਆਰ ਆਈ ਵੀਰਾਂ ਤੇ ਸਮੂਹ ਨਗਰ ਨਿਵਾਸੀਆਂ, ਪ੍ਰਬੰਧਕ ਕਮੇਟੀ ਦੇ ਮੈਂਬਰ ਜਸਪ੍ਰੀਤ ਸਿੰਘ ਜੱਸਾ, ਜਗਰੂਪ ਸਿੰਘ ਤੱਤਲਾ, ਰਣ ਸਿੰਘ ਸਮਰਾ, ਕਰਮਜੀਤ ਸਿੰਘ ਤੱਤਲਾ, ਲਖਵੀਰ ਸਿੰਘ ਮੈਂਬਰ ਤੇ ਪੰਨਾ ਸਿੰਘ ਨੇ ਕਿਹਾ ਕਿ ਇਸ ਟੂਰਨਾਮੈਂਟ ਵਿੱਚ ਪਹਿਲਾਂ ਇਨਾਮ 41000 ਰੁਪਏ, ਤਰਲੋਕ ਸਿੰਘ ਕੈਨੇਡਾ ਤੇ ਦੂਜਾ ਇਨਾਮ 31000 ਸੁੱਖਾ ਤੱਤਲਾ ਅਤੇ ਵੈਸਟ ਖਿਡਾਰੀਆਂ ਨੂੰ ਸਾਈਕਲ ਨੰਬਰਦਾਰ ਸੁਖਜਿੰਦਰ ਸਿੰਘ ਤੱਤਲਾ ਦੇ ਪਰਿਵਾਰ ਵੱਲੋਂ ਦੇ ਕੇ ਜੇਤੂ ਟੀਮਾਂ ਨੂੰ ਨਿਵਾਜਿਆ ਜਾਵੇਗਾ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਗੁਰੀ ਯੂ ਐਸ ਏ, ਪ੍ਰਭ ਸਮਰਾ ਯੂ ਐਸ ਏ, ਰਾਜਿੰਦਰ ਸਿੰਘ ਤੱਤਲਾ ਕੈਨੇਡਾ, ਮਨਵੀਰ ਸਿੰਘ ਤੱਤਲਾ, ਕੈਨੇਡਾ, ਕੁਲਤਾਰ ਸਿੰਘ ਤੱਤਲਾ, ਸੁਖਵੀਰ ਸਿੰਘ ਤੱਤਲਾ ਕੈਨੇਡਾ, ਜਸ਼ਨ ਤੱਤਲਾ ਕੈਨੇਡਾ, ਜ਼ੋਬਨ ਤੱਤਲਾ ਕੈਨੇਡਾ, ਜਸਪ੍ਰੀਤ ਸਿੰਘ ਤੱਤਲਾ ਕੈਨੇਡਾ, ਜਸਕਰਨ ਸਿੰਘ ਸਮਰਾ ਕੈਨੇਡਾ, ਸੁਖਦੀਪ ਸਿੰਘ ਫੌਜੀ, ਕੁਲਦੀਪ ਸਿੰਘ ਪੀ ਪੀ ਅਤੇ ਸੇਵਕ ਸਿੰਘ ਪੀ ਪੀ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ।

# ਗੜ੍ਹੀ ਵੱਲੋਂ ਬੀਬੀ ਬਿਮਲਾ ਦੇਵੀ ਸ਼ਰਮਾ ਦੇ ਦੇਹਾਂਤ 'ਤੇ ਦੁੱਖ ਪ੍ਰਗਟ

**ਦੋਰਾਹਾ (ਹਰਮਿੰਦਰ ਸੇਠ)** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਜਲੰਧਰ ਵਿਖੇ ਬੀਬੀ ਬਿਮਲਾ ਦੇਵੀ ਸ਼ਰਮਾ ਦੀ ਅੰਤਿਮ ਕਿਰਿਆ ਮੌਕੇ ਗਰੁੜ ਪੁਰਾਣ ਦੇ ਪਾਠ ਨੂੰ ਸਰਵਣ ਕਰਦਿਆਂ ਸੋਗ ਸਭਾ ਵਿੱਚ ਸ਼ਿਰਕਤ ਕੀਤੀ ਤੇ ਦੁਖੀ ਪਰਵਾਰ ਨਾਲ ਗਹਿਰਾ ਦੁੱਖ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਬੀਬੀ ਬਿਮਲਾ ਦੇਵੀ ਸ਼ਰਮਾ ਜੀ ਦੇ ਦੇਹਾਂਤ ਨਾਲ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਤੇ ਉਹ ਆਪਣੇ ਪਿੱਛੇ ਇਕ ਸਨੇਹੀ ਅਤੇ ਸੰਸਕਾਰਵਾਨ ਪਰਵਾਰ ਛੱਡ ਗਏ ਹਨ।ਉਨ੍ਹਾਂ ਦੀ ਸਪੁੱਤਰੀ ਜੋਤੀ ਸ਼ਰਮਾ ਦਾ ਵਿਆਹ ਲਗਭਗ 20 ਸਾਲ ਪਹਿਲਾਂ ਉਨ੍ਹਾਂ ਦੇ ਚਚੇਰੇ ਭਰਾ ਬਲਵਿੰਦਰ ਸਿੰਘ ਨਾਲ ਹੋਇਆ ਸੀ।ਬੀਬੀ ਜੀ ਦਾ ਸਾਦਗੀਪੂਰਨ ਤੇ ਪਿਆਰ ਭਰਿਆ ਵਿਹਾਰ ਹਮੇਸ਼ਾ ਪਰਵਾਰਕ ਮੈਂਬਰਾਂ ਲਈ ਪ੍ਰੇਰਣਾਦਾਇਕ ਰਿਹਾ।ਉਨ੍ਹਾਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਪਰਵਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਭਾਣਾ ਮੰਨਣ ਦਾ ਬਲ ਬਖ਼ਸ਼ਿਆ ਜਾਵੇ ਤੇ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਪ੍ਰਾਪਤ ਹੋਵੇ।

# ਨਵਰਾਹੀ ਘੁਗਿਆਣਵੀ ਨਹੀਂ ਰਹੇ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)** ਪੰਜਾਬ ਦੇ ਸਾਹਿਤ ਜਗਤ ਲਈ ਇਹ ਬਹੁਤ ਸੋਗ ਦੀ ਖਬਰ ਹੈ ਕਿ ਰੁਬਾਈਆਂ ਦੇ ਬਾਦਸ਼ਾਹ ਅਤੇ ਪੰਜਾਬੀ ਬਾਲ ਸਾਹਿਤ ਦੀ ਰਚਨਾ ਕਰਨ ਵਾਲੇ ਸਾਹਿਤਕਾਰ ਨਵਰਾਹੀ ਘੁਗਿਆਣਵੀ (ਪ੍ਰਿੰਸੀਪਲ ਫੌਜਾ ਸਿੰਘ ਬਰਾੜ) ਹੁਣ ਸਾਡੇ ਵਿੱਚ ਨਹੀਂ ਰਹੇ । ਉਹਨਾਂ ਅੱਜ ਚੰਡੀਗੜ੍ਹ ਵਿਖੇ ਅੰਤਿਮ ਸਾਹ ਲਿਆ। ਪ੍ਰੋਫੈਸਰ ਨਰਿੰਦਰਜੀਤ ਸਿੰਘ ਨਾਟੀ ਬਰਾੜ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਨਵਰਾਹੀ ਘੁਗਿਆਣਵੀ ਦਾ ਅੰਤਿਮ ਸੰਸਕਾਰ 19 ਫਰਵਰੀ ਨੂੰ ਸ਼ਾਮ ਤਿੰਨ ਵਜੇ ਡੋਗਰ ਬਸਤੀ ਵਾਲੇ ਸ਼ਮਸ਼ਾਨਘਾਟ ਵਿੱਚ ਕੀਤਾ ਜਾਵੇਗਾ।

19-FEB-2026-Page-11-Majha.qxd 2/18/2026 10:32 PM Page 1



# ਧਰਨੇ 'ਤੇ ਜਾਣ ਤੋਂ ਪਹਿਲਾਂ ਹੀ ਕਿਸਾਨ ਆਗੂਆਂ ਦੀ ਫੜੋ-ਫੜਾਈ



ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸੰਘਰਸ਼ ਦੌਰਾਨ ਪਿਛਲੇ 9 ਮਹੀਨਿਆਂ ਤੋਂ ਜੇਲ੍ਹੀਂ ਡੱਕੇ ਦੋ ਕਿਸਾਨਾਂ ਦੀ ਰਿਹਾਈ ਲਈ ਡੀ ਸੀ ਦਫਤਰ ਬਠਿੰਡਾ ਅੱਗੇ ਧਰਨਾ ਦੇਣ ਜਾਣਾ ਸੀ ਪਰ ਇਸ ਤੋਂ ਪਹਿਲਾਂ ਹੀ ਕਿਸਾਨਾਂ ਦੀ ਫੜੋ ਫੜਾਈ ਸ਼ੁਰੂ ਕਰ ਦਿੱਤੀ ਗਈ ਜਿਸ ਵਿਚ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਲਖਵਿੰਦਰ ਸਿੰਘ ਮੰਜਿਆਂਵਾਲੀ ਦੇ ਘਰ ਛਾਪਾ ਮਾਰਨ ਆਈ ਪੁਲਸ ਨੂੰ ਪਿੰਡ ਦੇ ਕਿਸਾਨਾਂ ਤੇ ਬੀਬੀਆਂ ਨੇ ਬੇਰੰਗ ਵਾਪਸ ਭਜਾਇਆ ਅਤੇ ਗੁਰਬਚਨ ਸਿੰਘ ਪ੍ਰਧਾਨ ਡੇਰਾ ਬਾਬਾ ਨਾਨਕ ਗੁਰਪ੍ਰਤਾਪ ਸਿੰਘ ਪ੍ਰਧਾਨ ਸ਼ਾਲਾ ਨੂੰ ਥਾਣਾ ਡੇਰਾ ਬਾਬਾ ਨਾਨਕ ਅੱਗੇ ਧਰਨਾ ਲਾ ਕੇ ਛੁਡਵਾਇਆ ਗਿਆ। ਇਹ ਧਰਨਾ ਲਖਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਲਾਇਆ ਗਿਆ ਜਿਸ ਵਿੱਚ ਕਿਸਾਨਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬਠਿੰਡਾ ਜ਼ਿਲੇ ਦੇ ਕਿਸਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਧਰਨਾ ਦੇਣ ਜਾਂਦੇ ਕਿਸਾਨਾਂ ਤੇ ਲਾਠੀਚਾਰਜ ਕਰਨ ਵਾਲੇ ਐੱਸਐੱਸਪੀ ਬਠਿੰਡਾ ਉਪਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।ਗ੍ਰਿਫਤਾਰ ਕੀਤੇ ਕਿਸਾਨ ਮਜ਼ਦੂਰ ਬੀਬੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਅੱਜ ਦੇ ਧਰਨੇ ਨੂੰ ਜ਼ਿਲਾ ਜਨਰਲ ਸਕੱਤਰ ਦਲਜੀਤ ਸਿੰਘ ਚਿਤੌੜਗੜ੍ਹ, ਦਲਜੀਤ ਸਿੰਘ ਗਿੱਲਾਂਵਾਲੀ, ਰੁਪਿੰਦਰਜੀਤ ਸਿੰਘ ਮਾਲੇਵਾਲ, ਜਗਮੀਤ ਸਿੰਘ ਕਠਿਆਲਾ, ਸਿਮਰਜੀਤ ਸਿੰਘ ਮਲੇਵਾਲੀ, ਅਮਨਦੀਪ ਸਿੰਘ ਮੰਗੀਆਂ, ਗੁਰਮੁਖ ਸਿੰਘ ਖਹਿਰਾ ਕੋਟਲੀ, ਹਰਜਿੰਦਰ ਸਿੰਘ ਲਾਲ ਵਾਲਾ, ਪ੍ਰਭਜੋਤ ਸਿੰਘ ਮਾਲੇਵਾਲ, ਬਲਕਾਰ ਸਿੰਘ ਮੰਗੀਆਂ, ਗੁਰਪ੍ਰੀਤ ਸਿੰਘ ਮੋਲਵਾਲੀ, ਅਜੀਤ ਸਿੰਘ ਖਹਿਰਾ ਕੋਟਲੀ, ਤਰਸੇਮ ਸਿੰਘ ਖੋਦੇ ਬੇਟ, ਲਵਪ੍ਰੀਤ ਸਿੰਘ ਰੱਤਾ, ਕਰਨੈਲ ਸਿੰਘ ਰੂਪੋਵਾਲੀ, ਗੁਰਪ੍ਰੀਤ ਸਿੰਘ ਮਾਲੇਵਾਲ, ਉੱਤਮ ਸਿੰਘ ਕਠਿਆਲਾ, ਜਰਨੈਲ ਸਿੰਘ ਮੰਜਿਆਂਵਾਲੀ ਆਦਿ ਕਿਸਾਨਾਂ ਨੇ ਸੰਬੋਧਨ ਕੀਤਾ।

# ਕਟਾਰੂ ਚੱਕ ਨੇ ਕੁੰਡੇ ਫਿਰੋਜ਼ਪੁਰ ਵਿਖੇ ਕਮਿਊਨਿਟੀ ਹਾਲ ਦਾ ਨੀਂਹ ਪੱਥਰ ਰੱਖਿਆ



ਪਠਾਨਕੋਟ, (ਦਵਿੰਦਰ ਸਿੰਘ)-ਮਜ਼ਦੂਰਾਂ ਦੀਆਂ ਤਕਲੀਫਾਂ ਅਤੇ ਉਨ੍ਹਾਂ ਦੀ ਜ਼ਿੰਦਗੀ ਨੂੰ ਲੈ ਕੇ ਸਾਹਿਤ ਦੀ ਸਿਰਜਣਾ, ਰਚਨਾਵਾਂ ਦਾ ਲਿਖਣਾ ਇਹ ਇਕ ਬਹੁਤ ਵੱਡਾ ਕੰਮ ਸੀ ਅਤੇ ਚੌਧਰੀ ਗਿਆਨ ਚੰਦ ਜੋ ਭਾਵੇਂ ਅੱਜ ਸਾਡੇ ਵਿੱਚ ਨਹੀਂ ਹਨ, ਦੀ ਯਾਦ ਵਿੱਚ ਪਿੰਡ ਕੁੰਡੇ ਫਿਰੋਜ਼ਪੁਰ ਵਿਖੇ ਕਮਿਊਨਿਟੀ ਹਾਲ ਦਾ ਨੀਂਹ ਪੱਥਰ ਰੱਖਿਆ ਗਿਆ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਮਿਊਨਿਟੀ ਹਾਲ ਦਾ ਨੀਂਹ ਪੱਥਰ ਰੱਖਣ ਮਗਰੋਂ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਵਨ ਕੁਮਾਰ ਫੌਜੀ ਸੰਗਠਨ ਇੰਚਾਰਜ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਸਰਪੰਚ ਸੁਰੇਸ਼ ਕੁਮਾਰ, ਅਸ਼ਵਨੀ ਕੁਮਾਰ, ਮਨਦੀਪ ਸਿੰਘ, ਹੈਪੀ, ਪਰਸ਼ੋਤਮ ਲਾਲ, ਬੋਧਰਾਜ, ਬਿੰਦਾ, ਸ਼ੁਭਮ ਕੁਮਾਰ, ਕਦਮ, ਬੋਧਰਾਜ ਫੌਜੀ, ਸੁਰੇਸ਼ ਕੁਮਾਰ ਅਤੇ ਹੋਰ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਅਤੇ ਕਾਰਜਕਰਤਾ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਮੰਤਰੀ ਨੇ ਕਿਹਾ ਕਿ ਬਹੁਤ ਹੀ ਖੁਸ਼ੀ ਦਾ ਦਿਨ ਹੈ ਕਿ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਕੁੰਡੇ ਫਿਰੋਜ਼ਪੁਰ ਵਿਖੇ ਇੱਕ ਕਮਿਊਨਿਟੀ ਹਾਲ ਦਾ ਨੀਂਹ ਪੱਥਰ ਰੱਖਿਆ ਗਿਆ ਹੈ।ਇਸ ਕਮਿਊਨਿਟੀ ਹਾਲ ਦਾ ਉਦਘਾਟਨ ਪਿੰਡ ਦੀ ਸਰਪੰਚ ਵੱਲੋਂ ਕੀਤਾ ਗਿਆ।ਉਨ੍ਹਾਂ ਨੇ ਕਿਹਾ ਕਿ ਇਸ ਕਮਿਊਨਿਟੀ ਹਾਲ ਤੇ ਕਰੀਬ 10 ਲੱਖ ਰੁਪਏ ਖਰਚ ਕੀਤੇ ਜਾਣਗੇ ਅਤੇ ਸਭ ਤੋਂ ਖੂਬਸੂਰਤ ਗੱਲ ਇਹ ਕਿ ਇਹ ਜਿਹੜਾ ਕਮਿਊਨਿਟੀ ਹਾਲ ਬਣਾਇਆ ਜਾ ਰਿਹਾ ਹੈ ਉਹ ਕੁੰਡੇ ਫਿਰੋਜ਼ਪੁਰ ਦੇ ਹੀ ਬਹੁਤ ਹੀ ਨਾਮਵਰ ਬਜ਼ੁਰਗ (ਸਵ.) ਚੌਧਰੀ ਗਿਆਨ ਚੰਦ ਦੇ ਨਾਂਅ 'ਤੇ ਬਣਾਇਆ ਜਾ ਰਿਹਾ। ਉਹ ਇੱਕ ਗਰੀਬ ਪਰਿਵਾਰ 'ਚ ਜਨਮੇ ਅਤੇ ਪੜ੍ਹਾਈ ਵੀ ਨਹੀਂ ਕਰ ਸਕੇ ਪਰ ਉਹ ਬਹੁਤ ਵਧੀਆ ਕਵੀ ਹੋਏ ਜਿਨ੍ਹਾਂ ਨੇ ਆਪਣੀ ਕਲਮ ਰਾਹੀਂ ਮਜ਼ਦੂਰਾਂ, ਕਿਰਤੀਆਂ ਦੇ ਦੁੱਖਾਂ ਤਕਲੀਫਾਂ ਨੂੰ ਉਜਾਗਰ ਕਰਨ ਲਈ ਸਾਹਿਤ ਲਿਖਿਆ।ਇਹ ਕਮਿਊਨਿਟੀ ਹਾਲ ਉਨ੍ਹਾਂ ਨੂੰ ਸਮਰਪਿਤ ਹੈ।ਉਨ੍ਹਾਂ ਕਿਹਾ ਕਿ ਇਸ ਕਮਿਊਨਿਟੀ ਹਾਲ ਦੇ ਬਣਨ ਨਾਲ ਕੁੰਡੇ ਫਿਰੋਜ਼ਪੁਰ ਦੇ ਨਾਲ ਲੱਗਦੇ ਪਿੰਡ ਸ਼ਹੀਦਪੁਰ, ਚਸ਼ਮਾਂ, ਸੈਦੋਵਾਲ ਅਤੇ ਹੋਰ ਪਿੰਡਾਂ ਨੂੰ ਇਸ ਦਾ ਸਿੱਧੇ ਤੌਰ 'ਤੇ ਲਾਭ ਹੋਵੇਗਾ।ਕੁਝ ਮਹੀਨਿਆਂ ਵਿੱਚ ਹੀ ਇਹ ਬਣਾ ਕੇ ਖੇਤਰ ਵਾਸੀਆਂ ਨੂੰ ਸਮਰਪਿਤ ਕੀਤਾ ਜਾਵੇਗਾ।

# ਬੀ ਕੇ ਯੂ (ਏਕਤਾ ਉਗਰਾਹਾਂ) ਦੇ ਕਿਸਾਨਾਂ 'ਤੇ ਅੰਨ੍ਹੇਵਾਹ ਤਸ਼ੱਦਦ ਦੀ ਸਖ਼ਤ ਨਿਖੇਧੀ

ਬਰਨਾਲਾ (ਨਜ਼ਰ)-ਤਰਕਸ਼ੀਲ ਸੁਸਾਇਟੀ ਪੰਜਾਬ ਨੇ ਪਿਛਲੇ ਇੱਕ ਸਾਲ ਤੋਂ ਬਿਨਾਂ ਕਿਸੇ ਸੁਣਵਾਈ ਦੇ ਜੇਲ੍ਹੀਂ ਡੱਕੇ ਦੋ ਕਿਸਾਨ ਆਗੂਆਂ ਦੀ ਰਿਹਾਈ ਲਈ ਬਠਿੰਡਾ ਵਿਖੇ ਸ਼ਾਂਤਮਈ ਪ੍ਰਦਰਸ਼ਨ ਕਰਨ ਜਾ ਰਹੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਕਿਸਾਨ ਕਾਫ਼ਲਿਆਂ ਉੱਤੇ ਪੰਜਾਬ ਪੁਲਸ ਵੱਲੋਂ ਅੰਨ੍ਹੇਵਾਹ ਲਾਠੀਚਾਰਜ ਕਰਕੇ ਕਿਸਾਨ ਆਗੂਆਂ ਨੂੰ ਗੰਭੀਰ ਜ਼ਖ਼ਮੀ ਅਤੇ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਗ੍ਰਿਫ਼ਤਾਰ ਕਿਸਾਨ-ਮਜ਼ਦੂਰ ਆਗੂਆਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ।

ਉਨ੍ਹਾਂ ਨੇ ਇਸ ਅੰਨ੍ਹੇ ਤਸ਼ੱਦਦ ਲਈ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਅਤੇ ਮੁਲਾਜ਼ਮਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਵੀ ਮੰਗ ਕੀਤੀ।ਸੁਸਾਇਟੀ ਦੇ ਸੂਬਾਈ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਰਾਮ ਸਵਰਨ ਲੱਖੇਵਾਲੀ ਅਤੇ ਸੁਮੀਤ ਅੰਮ੍ਰਿਤਸਰ ਨੇ ਤਰਕਸ਼ੀਲ ਭਵਨ ਬਰਨਾਲਾ ਤੋਂ ਇੱਕ ਪ੍ਰੈੱਸ ਬਿਆਨ ਰਾਹੀਂ ਭਗਵੰਤ ਮਾਨ ਸਰਕਾਰ ਦੇ ਤਾਨਾਸ਼ਾਹੀ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਬਠਿੰਡਾ ਪੁਲਸ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸ਼ਾਂਤਮਈ ਧਰਨੇ ਤੋਂ ਪਹਿਲਾਂ ਇਕੱਠੇ ਹੋ ਰਹੇ ਕਿਸਾਨਾਂ ਉੱਤੇ ਅੱਥਰੂ ਗੈਸ ਦੇ ਗੋਲਿਆਂ ਰਾਹੀਂ ਅਤੇ ਘਰਾਂ ਵਿੱਚ ਵੜ ਕੇ ਅੰਨ੍ਹਾ ਤਸ਼ੱਦਦ ਕੀਤਾ ਗਿਆ ਹੈ ਜਿਸ ਨਾਲ ਕਈ ਕਿਸਾਨ ਗੰਭੀਰ ਜ਼ਖ਼ਮੀ ਹੋਏ ਹਨ।

ਤਰਕਸ਼ੀਲ ਆਗੂਆਂ ਨੇ ਗ੍ਰਿਫ਼ਤਾਰ ਆਗੂਆਂ ਦੀ ਰਿਹਾਈ ਦੀ ਮੰਗ ਕਰਦਿਆਂ ਕਿਹਾ ਕਿ ਮੌਜੂਦਾ ਸਾਮਰਾਜ ਪੱਖੀ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਹਕੂਮਤੀ ਜਬਰ ਵਿਰੁੱਧ ਪ੍ਰਦਰਸ਼ਨ ਕਰਨਾ ਜਨਤਕ ਜਥੇਬੰਦੀਆਂ ਅਤੇ ਆਮ ਨਾਗਰਿਕਾਂ ਦਾ ਸੰਵਿਧਾਨਕ ਹੱਕ ਹੈ ਜਿਸਨੂੰ ਕਿਸੇ ਵੀ ਹਕੂਮਤੀ ਜਬਰ ਨਾਲ ਦਬਾਇਆ ਨਹੀਂ ਜਾਣਾ ਚਾਹੀਦਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਸੰਘਰਸ਼ਸ਼ੀਲ ਲੋਕ ਅਤੇ ਸਮੂਹ ਜਨਤਕ ਅਤੇ ਜਮਹੂਰੀ ਜਥੇਬੰਦੀਆਂ ਕੇਂਦਰ ਅਤੇ ਪੰਜਾਬ ਸਰਕਾਰ ਦੇ ਕਿਸੇ ਵੀ ਜਬਰ ਨੂੰ ਬਰਦਾਸ਼ਤ ਨਹੀਂ ਕਰਨਗੀਆਂ ਅਤੇ ਇਸਦਾ ਡਟਵਾਂ ਵਿਰੋਧ ਕੀਤਾ ਜਾਵੇਗਾ।

## ਕਿਸਾਨ-ਮਜ਼ਦੂਰ ਸੰਘਰਸ਼ਾਂ ਨੂੰ ਜਬਰੀ ਦਬਾਉਣਾ ਬੰਦ ਕਰੇ ਸਰਕਾਰ: ਜਮਹੂਰੀ ਫਰੰਟ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ. ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਚੰਡੀਗੜ੍ਹ ਨੇ ਬੀਕੇਯੂ ਉਗਰਾਹਾਂ ਦੇ ਬਠਿੰਡਾ ਪ੍ਰੋਟੈਸਟ ਨੂੰ ਨਾਕਾਮ ਬਣਾਉਣ ਲਈ ਪੁਲਸ ਵੱਲੋਂ ਆਗੂਆਂ ਦੇ ਘਰੀਂ ਛਾਪੇਮਾਰੀ ਕਰਨ, ਜਿਉਂਦ ਪਿੰਡ ਵਿਚ ਪੁਰਅਮਨ ਕਿਸਾਨਾਂ ਉਪਰ ਅੱਥਰੂ ਗੈਸ ਦੇ ਗੋਲੇ ਵਰ੍ਹਾਉਣ, ਬੇਕਿਰਕੀ ਨਾਲ ਤਸ਼ੱਦਦ ਕਰਨ ਅਤੇ ਇਕ ਕਿਸਾਨ ਦੇ ਹੱਥ ਨੂੰ ਨੁਕਸਾਨ ਪਹੁੰਚਾਉਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।ਫਰੰਟ ਦੇ ਆਗੂਆਂ ਨੇ ਕਿਹਾ ਕਿ ਸੱਤਾ ਦੇ ਇਸ਼ਾਰੇ 'ਤੇ ਜੇਲ੍ਹੀਂ ਡੱਕੇ ਕਿਸਾਨਾਂ ਦੀ ਰਿਹਾਈ ਲਈ ਸੰਘਰਸ਼ ਨੂੰ ਦਬਾਉਣ ਲਈ ਨਹਾਇਤ ਜਾਬਰ ਵਤੀਰਾ ਆਪ ਸਰਕਾਰ ਦੀ ਲੋਕ-ਵਿਰੋਧੀ ਖ਼ਸਲਤ ਦਾ ਮੂੰਹ ਬੋਲਦਾ ਸਬੂਤ ਹੈ।ਬਠਿੰਡਾ ਜਾ ਕੇ ਪੁਰਅਮਨ ਧਰਨਾ ਲਾਉਣ ਦੇ ਐਕਸ਼ਨ ਨੂੰ ਨਾਕਾਮ ਬਣਾਉਣ ਲਈ ਕਿਸਾਨਾਂ ਨੂੰ ਪਿੰਡਾਂ ਵਿੱਚੋਂ ਬਾਹਰ ਨਾ ਜਾਣ ਦੇਣ, ਕਿਸਾਨਾਂ ਨਾਲ ਦੁਸ਼ਮਣ ਦੀ ਤਰ੍ਹਾਂ ਪੇਸ਼ ਆਉਣ ਅਤੇ ਸਰਕਾਰੀ ਦਹਿਸ਼ਤ ਪਾਉਣ ਲਈ ਲਾਈਆਂ ਜਾ ਰਹੀਆਂ ਤਾਨਸ਼ਾਹ ਰੋਕਾਂ ਸੰਘਰਸ਼ ਦੇ ਜਮਹੂਰੀ ਹੱਕ ਉਪਰ ਬੇਹੱਦ ਖ਼ਤਰਨਾਕ ਹਮਲਾ ਹੈ ਜਿਸਦਾ ਸਮੂਹ ਲੋਕ-ਪੱਖੀ ਜਮਹੂਰੀ ਤਾਕਤਾਂ ਨੂੰ ਗੰਭੀਰ ਨੋਟਿਸ ਲੈਣ ਅਤੇ ਬੁਨਿਆਦੀ ਜਮਹੂਰੀ ਹੱਕ ਦੀ ਰਾਖੀ ਲਈ ਇਸ ਜਬਰ ਵਿਰੁੱਧ ਵਿਆਪਕ ਜਮਹੂਰੀ ਸੰਘਰਸ਼ ਉਸਾਰਨ ਦੀ ਲੋੜ ਹੈ।ਜਮਹੂਰੀ ਫਰੰਟ ਦੇ ਸੂਬਾ ਕਮੇਟੀ ਆਗੂਆਂ ਯਸ਼ਪਾਲ ਝਬਾਲ, ਐਡਵੋਕੇਟ ਅਮਰਜੀਤ ਬਾਈ ਅਤੇ ਸੁਮੀਤ ਅੰਮ੍ਰਿਤਸਰ ਨੇ ਕਿਹਾ ਕਿ ਪੰਜਾਬ ਸਰਕਾਰ ਤਾਨਾਸ਼ਾਹ ਵਤੀਰਾ ਤਿਆਗ ਕੇ ਗੱਲਬਾਤ ਦਾ ਰਾਹ ਅਖ਼ਤਿਆਰ ਕਰੇ, ਗ੍ਰਿਫ਼ਤਾਰ ਕੀਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕਰੇ ਤੇ ਕਿਸਾਨ-ਮਜ਼ਦੂਰ ਅਤੇ ਹੋਰ ਸੰਘਰਸ਼ਾਂ ਨੂੰ ਦਬਾਉਣ ਲਈ ਜਬਰ ਢਾਹੁਣਾ ਬੰਦ ਕਰੇ।

## 26 ਦੀ ਚੰਡੀਗੜ੍ਹ ਰੈਲੀ 'ਚ ਹਜ਼ਾਰਾਂ ਲੋਕ ਸ਼ਾਮਲ ਹੋਣਗੇ: ਜਾਮਾਰਾਏ, ਮੱਲਾ

ਖਡੂਰ ਸਹਿਬ (ਸਰਬਜੋਤ ਸਿੰਘ ਸੰਧਾ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੀ ਤਹਿਸੀਲ ਕਮੇਟੀ ਦੀ ਮੀਟਿੰਗ ਤਹਿਸੀਲ ਪ੍ਰਧਾਨ ਮਨਜੀਤ ਸਿੰਘ ਬੱਗੂ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਕੇਂਦਰ ਸਰਕਾਰ ਵੱਲੋਂ ਸੂਬਿਆਂ ਦੇ ਅਧਿਕਾਰਾਂ ਉਪਰ ਲਗਾਤਾਰ ਛਾਪੇ ਮਾਰੇ ਜਾ ਰਹੇ ਹਨ ਅਤੇ ਧੱਕੇ ਵਿਤਕਰੇ ਬਾਦਸਤੂਰ ਜਾਰੀ ਹਨ। ਪੰਜਾਬ ਦੇ ਰਾਜਨੀਤਕ ਮੁੱਦੇ ਲਗਾਤਾਰ ਲਟਕਦੇ ਆ ਰਹੇ ਹਨ ਜਿਸ ਵਿੱਚ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਦੇਣ, ਦਰਿਆਵੀ ਪਾਣੀਆਂ ਦਾ ਹੱਕ, ਪੰਜਾਬ ਦੇ ਡੈਮਾਂ ਦਾ ਕੰਟਰੋਲ ਪੰਜਾਬ ਨੂੰ ਦੇਣ, ਪੰਜਾਬ ਦੇ ਬਾਰਡਰ ਖੋਲ੍ਹ ਕੇ ਵਿਦੇਸ਼ਾਂ ਨਾਲ ਵਪਾਰ ਕਰਨ, ਜੇਲ੍ਹਾਂ ਵਿੱਚ ਬੰਦ ਸਿਆਸੀ ਆਧਾਰ 'ਤੇ ਬੰਦੀਆਂ ਦੀ ਰਿਹਾਈ ਸਮੇਤ ਪੰਜਾਬ ਦੇ ਅਣਸੁਲਝੇ ਮਸਲਿਆਂ ਦੇ ਹੱਲ ਲਈ ਵਿਸ਼ਾਲ ਇਕੱਠ 26 ਫਰਵਰੀ ਨੂੰ ਚੰਡੀਗੜ੍ਹ ਵਿਖੇ ਕੀਤਾ ਜਾਵੇਗਾ। ਇਸ ਵਿੱਚ ਪੰਜਾਬ ਭਰ ਵਿੱਚੋ ਹਜ਼ਾਰਾਂ ਲੋਕ ਸ਼ਮੂਲੀਅਤ ਕਰਨਗੇ।

ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਦੀ ਵਿਚਾਰਧਾਰਾ ਗੁਰੂਆਂ ਦੇ ਫਲਸਫੇ ਜਾਤਪਾਤ ਰਹਿਤ, ਔਰਤ ਮੁਕਤੀ ਅਤੇ ਬਰਾਬਰਤਾ ਅਧਾਰਿਤ ਸਮਾਜ ਸਿਰਜਣਾ ਦੇ ਵਿਰੋਧ ਦੀ ਵਿਚਾਰਧਾਰਾ ਹੈ ਜੋ ਪੰਜਾਬ ਦੇ ਨਾਬਰੀ ਦੇ ਸੁਭਾਅ ਨੂੰ ਕੁਚਲਣਾ ਚਹੁੰਦੀ ਹੈ। ਉਨ੍ਹਾਂ ਪੰਜਾਬ ਦੇ ਸਮੂਹ ਲੋਕਾਂ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਜ਼ਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲਾ ਅਤੇ ਤਹਸੀਲ ਸਕੱਤਰ ਸਲੱਖਣ ਸਿੰਘ ਤੁੜ ਨੇ ਦੱਸਿਆ ਕਿ ਤਹਿਸੀਲ ਖਡੂਰ ਸਹਿਬ ਵਿੱਚੋਂ ਸੈਂਕੜੇ ਲੋਕ ਸ਼ਾਮਲ ਹੋਣਗੇ। ਇਸ ਦੀਆਂ ਤਿਆਰੀਆਂ ਲਈ ਡਿਊਟੀਆਂ ਦੀ ਵੰਡ ਕਰ ਦਿੱਤੀ ਗਈ ਹੈ। ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਰੇਸ਼ਮ ਸਿੰਘ ਫੇਲੋਕੇ, ਮਾ ਸਰਬਜੀਤ ਸਿੰਘ ਭਰੋਵਾਲ, ਕੁਲਵਿੰਦਰ ਕੌਰ ਖਡੂਰ ਸਹਿਬ, ਝਿਲਮਿਲ ਸਿੰਘ ਬਾਣੀਆ, ਨਰਿੰਦਰ ਸਿੰਘ ਤੁੜ, ਨਛੱਤਰ ਸਿੰਘ ਤੁੜ, ਬਾਬਾ ਦੀਨੇਵਾਲ, ਜੋਗਿੰਦਰ ਸਿੰਘ ਖਡੂਰ ਸਹਿਬ, ਬੀਬੀ ਚਰਨ ਕੌਰ, ਸੁਖਵੰਤ ਸਿੰਘ ਛਾਪੜੀ ਸਾਹਿਬ ਆਦਿ ਆਗੂਆਂ ਨੇ ਸੰਬੋਧਨ ਕੀਤਾ।

## 4 ਲੱਖ ਤੋਂ ਵੱਧ ਵਿਦੇਸ਼ੀ ਸਿਗਰਟਾਂ ਨਸ਼ਟ ਕੀਤੀਆਂ

ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)-ਅੰਮ੍ਰਿਤਸਰ ਕਸਟਮਜ਼ ਕਮਿਸ਼ਨਰੇਟ ਨੇ ਗੈਰ-ਕਾਨੂੰਨੀ ਵਪਾਰ 'ਤੇ ਕਾਰਵਾਈ ਕਰਦੇ ਹੋਏ 4 ਲੱਖ 8 ਹਜ਼ਾਰ 200 ਜ਼ਬਤ ਕੀਤੀਆਂ ਵਿਦੇਸ਼ੀ ਰੇਟ ਦੀਆਂ ਸਿਗਰਟ ਸਟਿਕਾਂ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ। ਇਨ੍ਹਾਂ ਸਿਗਰਟਾਂ ਦੀ ਅਨੁਮਾਨਤ ਕੀਮਤ ਲਗਭਗ 67.83 ਲੱਖ ਹੈ। ਅਧਿਕਾਰੀਆਂ ਦੇ ਅਨੁਸਾਰ ਇਹ ਸਿਗਰਟਾਂ ਵੱਖ-ਵੱਖ ਕਾਰਵਾਈਆਂ ਦੌਰਾਨ ਬਰਾਮਦ ਕੀਤੀਆਂ ਗਈਆਂ ਸਨ। ਇਨ੍ਹਾਂ ਨੂੰ ਨਿਯਮਾਂ ਅਤੇ ਵਾਤਾਵਰਣ ਮਾਪਦੰਡਾਂ ਦੇ ਅਨੁਸਾਰ ਸਾੜ ਕੇ ਨਸ਼ਟ ਕਰ ਦਿੱਤਾ ਗਿਆ ਹੈ।



ਵਿਭਾਗ ਨੇ ਸਪੱਸ਼ਟ ਕੀਤਾ ਕਿ ਇਹ ਪ੍ਰਕਿਰਿਆ ਪੂਰੀ ਪਾਰਦਰਸ਼ਤਾ ਨਾਲ ਅਤੇ ਨਿਰਧਾਰਤ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਕੀਤੀ ਗਈ ਤਾਂ ਜੋ ਵਾਤਾਵਰਣ ਨੂੰ ਕੋਈ ਨੁਕਸਾਨ ਨਾ ਹੋਵੇ ਅਤੇ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾ ਸਕੇ।

ਤਸਕਰੀ ਨਾਲ ਟੈਕਸ ਅਤੇ ਨੌਜਵਾਨਾਂ ਨੂੰ ਖ਼ਤਰਾ ਹੈ। ਕਸਟਮ ਅਧਿਕਾਰੀਆਂ ਨੇ ਕਿਹਾ ਕਿ ਦੇਸ਼ ਵਿੱਚ ਤਸਕਰੀ ਕੀਤੀਆਂ ਜਾਣ ਵਾਲੀਆਂ ਵਿਦੇਸ਼ੀ ਸਿਗਰਟਾਂ ਸਰਕਾਰ ਨੂੰ ਕਾਫ਼ੀ ਟੈਕਸ ਨੁਕਸਾਨ ਪਹੁੰਚਾਉਂਦੀਆਂ ਹਨ ਅਤੇ ਇਹ ਗੈਰ-ਕਾਨੂੰਨੀ ਵਪਾਰ ਨੌਜਵਾਨਾਂ ਦੀ ਸਿਹਤ ਲਈ ਵੀ ਗੰਭੀਰ ਖ਼ਤਰਾ ਪੈਦਾ ਕਰਦਾ ਹੈ। ਇਸ ਲਈ, ਵਿਭਾਗ ਲਗਾਤਾਰ ਨਿਗਰਾਨੀ ਵਧਾ ਰਿਹਾ ਹੈ ਅਤੇ ਸਰਹੱਦੀ ਖੇਤਰਾਂ ਅਤੇ ਆਵਾਜਾਈ ਬਿੰਦੂਆਂ 'ਤੇ ਵਿਸ਼ੇਸ਼ ਚੌਕਸੀ ਰੱਖੀ ਜਾ ਰਹੀ ਹੈ।

ਵਿਭਾਗ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਤਸਕਰੀ ਜਾਂ ਗੈਰ-ਕਾਨੂੰਨੀ ਵਪਾਰ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕਸਟਮ ਕਮਿਸ਼ਨਰੇਟ ਅੰਮ੍ਰਿਤਸਰ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਨੂੰ ਕਿਤੇ ਵੀ ਕੋਈ ਸ਼ੱਕੀ ਗਤੀਵਿਧੀ ਨਜ਼ਰ ਆਉਂਦੀ ਹੈ ਤਾਂ ਤੁਰੰਤ ਸਬੰਧਤ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਤਸਕਰੀ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕੇ।

# ਪੈਰਾਮੈਡੀਕਲ ਸਿੱਖਿਆ ਦਾ ਭਵਿੱਖ: ਏ ਆਈ ਤੇ ਆਧੁਨਿਕ ਤਕਨਾਲੋਜੀ ਦਾ ਸੁਮੇਲ : ਡਾ. ਸੰਦੀਪ ਸਿੰਘ

ਝਬਾਲ (ਹਰਜਿੰਦਰ ਸਿੰਘ ਸੋਨੀ)-ਡਾ. ਸੰਦੀਪ ਸਿੰਘ ਪ੍ਰਿੰਸੀਪਲ ਅੰਮ੍ਰਿਤਸਰ ਇੰਸਟੀਚਿਊਟ ਆਫ ਪੈਰਾਮੈਡੀਕਲ ਸਾਇੰਸਿਜ਼ (ਏਐੱਲਪੀਐੱਸ) ਤਰਨ ਤਾਰਨ ਨੇ ਦੱਸਿਆ ਕਿ ਮੈਡੀਕਲ ਵਿਗਿਆਨ ਦੇ ਖੇਤਰ ਵਿੱਚ 21ਵੀਂ ਸਦੀ ਦਾ ਸਭ ਤੋਂ ਵੱਡਾ ਬਦਲਾਅ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਐੱਲ) ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ।



ਸਾਲ 2026 ਤੱਕ ਪਹੁੰਚਦਿਆਂ ਸਿਹਤ ਸੇਵਾਵਾਂ ਵਿੱਚ ਤਕਨਾਲੋਜੀ ਦੀ ਦਖਲਅੰਦਾਜ਼ੀ ਇੰਨੀ ਵੱਧ ਗਈ ਹੈ ਕਿ ਹੁਣ ਇੱਕ ਕੁਸ਼ਲ ਪੈਰਾਮੈਡਿਕ ਨੂੰ ਤਕਨੀਕੀ ਤੌਰ ਤੇ ਵੀ ਮਾਹਰ ਹੋਣਾ ਲਾਜ਼ਮੀ ਹੈ।ਸਾਡੀ ਸੰਸਥਾ ਵਿੱਚ ਚੱਲ ਰਹੇ ਕੋਰਸ ਜਿਵੇਂ ਕਿ ਬੀਐੱਸਸੀ (ਐਨੇਸਥੀਸੀਆ ਅਤੇ ਓਪਰੇਸ਼ਨ ਥੀਏਟਰ) ਅਤੇ ਰੇਡੀਓਲੋਜੀ ਐਂਡ ਇਮੇਜਿੰਗ ਟੈਕਨਾਲੋਜੀ ਵਿੱਚ ਏਆਈ ਦੀ ਵਰਤੋਂ ਕ੍ਰਾਂਤੀਕਾਰੀ ਸਾਬਤ ਹੋ ਰਹੀ ਹੈ।ਰੇਡੀਓਲੋਜੀ ਵਿੱਚ ਏਆਈ ਐਲਗੋਰਿਦਮ ਐਕਸ-ਰੇ, ਸੀਟੀ ਸਕੈਨ ਅਤੇ ਐੱਮਆਰਆਈ ਚਿੱਤਰਾਂ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕਰਕੇ ਬਿਮਾਰੀਆਂ ਦੀ ਸ਼ੁਰੂਆਤੀ ਪਛਾਣ ਕਰਨ ਵਿੱਚ ਸਹਾਇਕ ਹੁੰਦੇ ਹਨ।ਇਸੇ ਤਰ੍ਹਾਂ ਓਪਰੇਸ਼ਨ ਥੀਏਟਰ ਵਿੱਚ ਮਰੀਜ਼ ਦੀ ਨਿਗਰਾਨੀ ਦੌਰਾਨ ਏਆਈ ਆਧਾਰਿਤ ਸੈਂਸਰ ਮਨੁੱਖੀ ਗਲਤੀ ਦੀ ਗੁੰਜਾਇਸ਼ ਨੂੰ ਘਟਾਉਂਦੇ ਹਨ, ਜਿਸ ਨਾਲ ਮਰੀਜ਼ ਦੀ ਜਾਨ ਬਚਾਉਣ ਦੀ ਸੰਭਾਵਨਾ ਵਧ ਜਾਂਦੀ ਹੈ।ਕਾਰਡੀਅਕ ਕੇਅਰ ਐੱਮਐੱਲਐੱਸ ਅਤੇ ਓਪਟੋਮੈਟਰੀ:ਕਾਰਡੀਅਕ ਕੇਅਰ ਟੈਕਨਾਲੋਜੀ ਦੇ ਵਿਦਿਆਰਥੀਆਂ ਲਈ ਏਆਈ ਮਸ਼ੀਨਾਂ ਦਿਲ ਦੀਆਂ ਧੜਕਣਾਂ ਦਾ ਰੀਅਲ ਟਾਈਮ ਡਾਟਾ ਪੇਸ਼ ਕਰਦੀਆਂ ਹਨ ਜੋ ਗੁੰਝਲਦਾਰ ਦਿਲ ਦੇ ਰੋਗਾਂ ਦੇ ਇਲਾਜ ਵਿੱਚ ਮਦਦਗਾਰ ਹੁੰਦੀਆਂ ਹਨ।ਮੈਡੀਕਲ ਲੈਬ ਸਾਇੰਸਿਜ਼ (ਐੱਮਐੱਲਐੱਸ) ਵਿੱਚ ਡਾਟਾ ਐਨਾਲਿਟਿਕਸ ਰਾਹੀਂ ਟੈਸਟਾਂ ਦੇ ਨਤੀਜੇ ਵਧੇਰੇ ਸਟੀਕ ਆ ਰਹੇ ਹਨ।

ਦੂਜੇ ਪਾਸੇ ਬੈਚਲਰ ਆਫ ਓਪਟੋਮੈਟਰੀ ਵਿੱਚ ਡਿਜੀਟਲ ਇਮੇਜਿੰਗ ਅਤੇ ਏਆਈ ਰਾਹੀਂ ਅੱਖਾਂ ਦੇ ਪਰਦੇ (ਰੈਟੀਨਾ) ਦੀ ਜਾਂਚ ਮਿੰਟਾਂ ਵਿੱਚ ਸੰਭਵ ਹੋ ਗਈ ਹੈ।ਸਾਡਾ ਮੰਨਣਾ ਹੈ ਕਿ ਪੰਜਾਬ, ਖਾਸ ਕਰਕੇ ਤਰਨ ਤਾਰਨ ਵਰਗੇ ਸਰਹੱਦੀ ਇਲਾਕਿਆਂ ਦੇ ਨੌਜਵਾਨਾਂ ਨੂੰ ਵਿਸ਼ਵ ਪੱਧਰੀ ਸਿੱਖਿਆ ਮਿਲਣੀ ਚਾਹੀਦੀ ਹੈ।

ਯੂਜੀਸੀ ਦੀਆਂ ਹਦਾਇਤਾਂ ਅਨੁਸਾਰ ਸਿੱਖਿਆ ਪ੍ਰਣਾਲੀ ਨੂੰ ਆਧੁਨਿਕ ਬਣਾ ਕੇ ਅਸੀਂ ਵਿਦਿਆਰਥੀਆਂ ਨੂੰ ਵਿਦੇਸ਼ਾਂ ਅਤੇ ਦੇਸ਼ ਦੇ ਵੱਡੇ ਹਸਪਤਾਲਾਂ ਵਿੱਚ ਰੋਜ਼ਗਾਰ ਦੇ ਕਾਬਲ ਬਣਾ ਰਹੇ ਹਾਂ।ਮੈਡੀਕਲ ਇਨਫਾਰਮੈਟਿਕਸ ਅਤੇ ਅਪਲਾਈਡ ਏਆਈ ਦੇ ਇਸ ਦੌਰ ਵਿੱਚ ਏਆਈ, ਪੀਐੱਸ ਦਾ ਹਰ ਵਿਦਿਆਰਥੀ ਤਕਨਾਲੋਜੀ ਦੇ ਹਾਣ ਦਾ ਹੋਵੇਗਾ।

# ਰਮਨ ਬਹਿਲ ਨੇ ਸਰਬਸੰਮਤੀ ਨਾਲ ਚੁਣੀਆਂ 50 ਪੰਚਾਇਤਾਂ ਨੂੰ ਢਾਈ ਕਰੋੜ ਦੇ ਵਿਕਾਸ ਫੰਡ ਵੰਡੇ



ਗੁਰਦਾਸਪੁਰ (ਦਿਨੇਸ਼ ਕੁਮਾਰ)-ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਨੇ ਪਿੰਡ ਵਾਸੀਆਂ ਨਾਲ ਕੀਤੇ ਵਾਅਦੇ ਨੂੰ ਪੂਰਾ ਕੀਤਾ ਹੈ ਅਤੇ ਗੁਰਦਾਸਪੁਰ ਹਲਕੇ ਦੀਆਂ ਸਰਬਸੰਮਤੀ ਨਾਲ ਚੁਣੀਆਂ ਗਈਆ 50 ਪੰਚਾਇਤਾਂ ਨੂੰ 2.50 ਕਰੋੜ ਰੁਪਏ ਵਿਕਾਸ ਫੰਡ ਵੰਡੇ ਗਏ ਹਨ। ਇਹ ਪ੍ਰਗਟਾਵਾ ਗੁਰਦਾਸਪੁਰ ਹਲਕੇ ਦੇ ਇੰਚਾਰਜ ਰਮਨ ਬਹਿਲ ਨੇ ਕਰਵਾਏ ਸਮਾਗਮ ਦੌਰਾਨ 50 ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ 5-5 ਲੱਖ ਰੁਪਏ ਦੇ ਫੰਡ ਵਿਕਾਸ ਕਾਰਜਾਂ ਕਰਨ ਲਈ ਵੰਡਣ ਉਪਰੰਤ ਕੀਤਾ।ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਰਮਨ ਬਹਿਲ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਲੋਕਾਂ ਦੇ ਹਿੱਤ ਵਿੱਚ ਸਰਬਪੱਖੀ ਵਿਕਾਸ ਕੰਮ ਕਰਵਾਏ ਹਏ ਅਤੇ ਪਿੰਡਾਂ ਵਿੱਚ ਸ਼ਹਿਰਾਂ ਦੀ ਤਰਜ਼ ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਹਲਕੇ ਦੇ ਪਿੰਡਾਂ ਵਿੱਚ ਚਹੁੰਪੱਖੀ ਵਿਕਾਸ ਕੰਮ ਕਰਵਾਏ ਗਏ ਹਨ ਅਤੇ ਰੰਗਲਾ ਪੰਜਾਬ ਤਹਿਤ ਪਿੰਡਾਂ ਵਿੱਚ ਵਿਕਾਸ ਕੰਮਾਂ ਲਈ ਫੰਡ ਮੁੱਹਈਆ ਕਰਵਾਏ ਗਏ ਹਨ ਅਤੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀ ਆਉਣ ਦਿੱਤੀ ਜਾਵੇਗੀ।ਉਨ੍ਹਾਂ ਅੱਗੇ ਕਿਹਾ ਉਹ ਗੁਰਦਾਸਪੁਰ ਹਲਕੇ ਵਿਕਾਸ ਕਾਰਜਾਂ ਲਈ ਸਮਰਪਿਤ ਹਨ ਅਤੇ ਪਿਛਲੇ ਚਾਰ ਸਾਲਾਂ ਦੌਰਾਨ ਹਲਕੇ ਅੰਦਰ ਪਾਰਦਰਸ਼ੀ ਢੰਗ ਨਾਲ ਵਿਕਾਸ ਕਾਰਜ ਕਰਵਾਏ ਗਏ ਹਨ।ਉਨ੍ਹਾਂ ਪਿੰਡਾਂ ਦੀਆ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਉਹ ਵਿਕਾਸ ਫੰਡਾਂ ਨਾਲ ਪਿੰਡਾਂ ਵਿੱਚ ਪਾਰਦਰਸ਼ੀ ਢੰਗ ਨਾਲ ਵਿਕਾਸ ਕਰਵਾਉਣ।ਇਸ ਮੌਕੇ ਚੇਅਰਮੈਨ ਭਾਰਤ ਭੂਸ਼ਣ ਸ਼ਰਮਾ, ਬੀਡੀਪੀਓ ਪਰਮਜੀਤ ਕੌਰ, ਅਜੈ ਬਹਿਲ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਐਡਵੋਕੇਟ ਸੁੱਚਾ ਸਿੰਘ ਮੁਲਤਾਨੀ, ਰਣਜੀਤ ਸਿੰਘ ਅਤੇ ਜਤਿੰਦਰ ਕੌਰ, ਬਲਾਕ ਸੰਮਤੀ ਮੈਂਬਰ ਰਣਜੀਤ ਸਿੰਘ ਰਾਣਾ, ਸਿਮਰਨਜੀਤ ਸਿੰਘ, ਦਪਿੰਦਰ ਸਿੰਘ ਜੋਤੀ, ਕੁਲਵਿੰਦਰ ਸਿੰਘ, ਲਖਵਿੰਦਰ ਸਿੰਘ, ਸੁਰਿੰਦਰ ਸਿੰਘ, ਰਾਕੇਸ਼ ਸ਼ਰਮਾ, ਨਿਸ਼ਾਨ ਸਿੰਘ, ਪ੍ਰਗਟ ਸਿੰਘ, ਮੇਜਰ ਸਿੰਘ ਪ੍ਰਭੂ ਮਸੀਹ, ਯਸ਼ਪਾਲ ਸਿੰਘ, ਵਿਕਰਮ ਸਿੰਘ, ਜਤਿੰਦਰ ਕੌਰ, ਸਰਬਜੀਤ ਸਿੰਘ, ਲਖਵਿੰਦਰ ਸਿੰਘ ਲੱਖਾ, ਕੁਲਵਿੰਦਰ ਸਿੰਘ, ਦਪਿੰਦਰ ਸਿੰਘ ਅਤੇ ਵਿਕਰਮਜੀਤ ਸਿੰਘ ਮੌਜੂਦ ਸਨ।

# ਹੈਰੋਇਨ ਸਮੇਤ 2 ਨੌਜਵਾਨ ਗ੍ਰਿਫਤਾਰ



ਕਾਦੀਆਂ(ਯਾਦਵਿੰਦਰ ਸਿੰਘ ਮਲਹੋਤਰਾ)-ਐੱਸਐੱਸਪੀ ਬਟਾਲਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਸ਼ਿਆਂ ਵਿਰੁੱਧ ਵਿੱਢੀ ਗਈ ਮੁਹਿੰਮ ਦੇ ਚਲਦਿਆਂ ਪੁਲਸ ਥਾਣਾ ਕਾਦੀਆਂ ਦੇ ਐੱਸਐੱਚਓ ਇੰਸਪੈਕਟਰ ਗੁਰਮੀਤ ਸਿੰਘ ਦੀ ਅਗਵਾਈ ਵਿੱਚ ਏਐੱਸਆਈ ਰਸ਼ਪਾਲ ਸਿੰਘ ਦੇ ਵੱਲੋਂ ਪੁਲਿਸ ਪਾਰਟੀ ਦੇ ਨਾਲ ਗਸ਼ਤ ਦੌਰਾਨ ਦੋ ਨੌਜਵਾਨਾਂ ਨੂੰ ਕਾਬੂ ਕਰਕੇ ਉਹਨਾਂ ਦੇ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਕਰਨ ਦਾ ਸਮਾਂਚਾਰ ਮਿਲਿਆ ਹੈ।

ਜਾਣਕਾਰੀ ਸਾਂਝੀ ਕਰਦੇ ਹੋਏ ਥਾਣਾ ਕਾਦੀਆਂ ਦੇ ਐੱਸਐੱਚਓ ਇੰਸਪੈਕਟਰ ਗੁਰਮੀਤ ਸਿੰਘ ਨੇ ਦੱਸਿਆ ਕਿ ਏਐੱਸਆਈ ਰਸ਼ਪਾਲ ਸਿੰਘ ਦੇ ਵੱਲੋਂ ਪੁਲਸ ਪਾਰਟੀ ਸਮੇਤ ਉਹ ਗਸ਼ਤ ਕਰ ਰਹੇ ਸਨ ਤਾਂ ਸਥਾਨਕ ਭੰਗਵਾਂ ਰੋਡ ਦੇ ਉਪਰ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਅਤੇ ਦੋਨਾਂ ਨੌਜਵਾਨਾਂ ਦੇ ਕੋਲੋਂ ਪੰਜ-ਪੰਜ ਗ੍ਰਾਮ ਹੈਰੋਇਨ ਬਰਾਮਦ ਹੋਈ ਜਿਨਾਂ ਦੀ ਪਹਿਚਾਣ ਰਾਜਵਿੰਦਰ ਲਾਲ ਪੁੱਤਰ ਤਰਲੋਕ ਲਾਲ ਵਾਸੀ ਪਿੰਡਾਂ ਰੋੜੀ ਅਤੇ ਜਸ਼ਨਪ੍ਰੀਤ ਪੁੱਤਰ ਬਲਦੇਵ ਰਾਜ ਵਾਸੀ ਜੋਗੀ ਚੀਮਾ ਵਜੋਂ ਹੋਈ।ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋਵਾਂ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਥਾਣਾ ਕਾਦੀਆਂ ਦੇ ਅੰਦਰ ਮੁਕਦਮਾ ਨੰਬਰ 24 ਜੁਰਮ 21-61-85 ਐੱਨਡੀਪੀਐੱਸ ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਐੱਸਐੱਚਓ ਇੰਸਪੈਕਟਰ ਗੁਰਮੀਤ ਸਿੰਘ ਨੇ ਦੱਸਿਆ ਕਿ ਇਲਾਕੇ ਦੇ ਵਿੱਚ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਨਾਲ ਹੀ ਹਦਾਇਤਾਂ ਜਾਰੀ ਕਰਦੇ ਹੋਏ ਸਖਤ ਤਾੜਨਾ ਦਿੱਤੀ ਕਿ ਜੇਕਰ ਕੋਈ ਇਲਾਕੇ ਦੇ ਵਿੱਚ ਨਸ਼ਾ ਵੇਚਦਾ ਕਾਬੂ ਆਇਆ ਤਾਂ ਉਸ ਦੇ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਕਿਸੇ ਨੂੰ ਵੀ ਕਿਸੇ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ।

# ਕਿਸਾਨ ਖੇਤੀ ਦੇ ਨਾਲ ਡੇਅਰੀ, ਪੋਲਟਰੀ ਵਰਗੇ ਸਹਾਇਕ ਧੰਦਿਆਂ ਨੂੰ ਵੀ ਤਰਜੀਹ ਦੇਣ : ਡਾ. ਤੇਜਬੀਰ ਭੰਗੂ



ਖਡੂਰ ਸਾਹਿਬ, (ਸਰਬਜੋਤ ਸਿੰਘ ਸੰਧਾ)-ਡਾਇਰੈਕਟਰ ਖੇਤੀਬਾੜੀ ਪੰਜਾਬ ਡਾ. ਗੁਰਜੀਤ ਸਿੰਘ ਬਰਾੜ ਦੇ ਹੁਕਮਾਂ ਤਹਿਤ ਕਿਸਾਨਾਂ ਨੂੰ ਰਵਾਇਤੀ ਫ਼ਸਲਾਂ ਦੀ ਖੇਤੀ ਦੇ ਨਾਲ-ਨਾਲ ਸਹਾਇਕ ਧੰਦਿਆਂ ਪ੍ਰਤੀ ਉਤਸ਼ਾਹਿਤ ਕਰਨ ਸਬੰਧੀ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ, ਜਿਸ ਵਿੱਚ ਕਿਸਾਨਾਂ ਨੂੰ ਵੱਖ-ਵੱਖ ਸਹਾਇਕ ਧੰਦਿਆਂ ਦੀ ਟ੍ਰੇਨਿੰਗ ਦੇ ਕੇ ਉਨ੍ਹਾਂ ਨੂੰ ਅਪਣਾਉਣ ਸਬੰਧੀ ਉਪਰਾਲੇ ਕੀਤੇ ਜਾ ਰਹੇ ਹਨ।ਇਸੇ ਲੜੀ ਤਹਿਤ ਜ਼ਿਲ੍ਹਾ ਤਰਨ ਤਾਰਨ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਤੇਜਬੀਰ ਸਿੰਘ ਭੰਗੂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਬਲਾਕ ਖਡੂਰ ਸਾਹਿਬ ਦੇ ਖੇਤੀਬਾੜੀ ਅਫ਼ਸਰ ਡਾ. ਭੁਪਿੰਦਰ ਸਿੰਘ ਦੀ ਅਗਵਾਈ ਹੇਠ ਬਲਾਕ ਟੈਕਨੋਲੋਜੀ ਮੈਨੇਜਰ ਡਾ. ਯਾਦਵਿੰਦਰ ਸਿੰਘ ਵੱਲੋਂ ਬਲਾਕ ਫਾਰਮਰ ਐਡਵਾਈਜ਼ਰੀ ਕਮੇਟੀ ਦੇ ਚੇਅਰਮੈਨ ਗੁਰਮੇਜ ਸਿੰਘ ਅਤੇ ਉਨ੍ਹਾਂ ਦੀ ਨੂੰਹ ਅਮਨਦੀਪ ਕੌਰ ਪਿੰਡ ਮੁਗਲਾਣੀ ਦੇ ਡੇਅਰੀ ਫਾਰਮ ਦਾ ਦੌਰਾ ਕੀਤਾ ਗਿਆ।ਇਸ ਸਬੰਧੀ ਡਾ. ਯਾਦਵਿੰਦਰ ਸਿੰਘ ਨੇ ਦੱਸਿਆ ਕਿ ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ ਅਤੇ ਇਥੇ ਖੇਤੀ ਨਾਲ ਜੁੜੇ ਹੋਰ ਕਾਰੋਬਾਰਾਂ ਵਿੱਚ ਡੇਅਰੀ ਦਾ ਵਿਸ਼ੇਸ਼ ਸਥਾਨ ਹੈ।ਡੇਅਰੀ ਦਾ ਕੰਮ ਪਿੰਡਾਂ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ।ਇਹ ਨਾ ਸਿਰਫ਼ ਕਿਸਾਨਾਂ ਨੂੰ ਨਿਯਮਿਤ ਆਮਦਨ ਪ੍ਰਦਾਨ ਕਰਦਾ ਹੈ,ਸਗੋਂ ਪੋਸ਼ਣ, ਰੋਜ਼ਗਾਰ ਅਤੇ ਸਮਾਜਿਕ ਵਿਕਾਸ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।ਡੇਅਰੀ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਸ ਰਾਹੀਂ ਕਿਸਾਨ ਨੂੰ ਰੋਜ਼ਾਨਾ ਆਮਦਨ ਮਿਲਦੀ ਹੈ। ਖੇਤੀ ਵਿੱਚ ਆਮਦਨ ਸਾਲ ਵਿੱਚ ਇਕ ਜਾਂ ਦੋ ਵਾਰ ਮਿਲਦੀ ਹੈ, ਪਰ ਦੁੱਧ ਦੀ ਵਿਕਰੀ ਨਾਲ ਹਰ ਰੋਜ਼ ਕਮਾਈ ਹੁੰਦੀ ਰਹਿੰਦੀ ਹੈ।ਇਸ ਨਾਲ ਕਿਸਾਨ ਦੀ ਆਰਥਿਕ ਸਥਿਤੀ ਮਜ਼ਬੂਤ ਬਣਦੀ ਹੈ ਅਤੇ ਉਹ ਅਚਾਨਕ ਆਉਣ ਵਾਲੀਆਂ ਮੁਸ਼ਕਿਲਾਂ ਦਾ ਸਾਹਮਣਾ ਆਸਾਨੀ ਨਾਲ ਕਰ ਸਕਦਾ ਹੈ।ਡੇਅਰੀ ਦਾ ਕੰਮ ਪਿੰਡਾਂ ਵਿੱਚ ਰੋਜ਼ਗਾਰ ਦੇ ਮੌਕੇ ਵੀ ਪੈਦਾ ਕਰਦਾ ਹੈ।ਪਸ਼ੂ ਪਾਲਣ, ਚਾਰਾ ਤਿਆਰ ਕਰਨਾ, ਦੁੱਧ ਇਕੱਠਾ ਕਰਨਾ ਅਤੇ ਉਸਦੀ ਵਿਕਰੀ ਵਰਗੀਆਂ ਗਤੀਵਿਧੀਆਂ ਨਾਲ ਕਈ ਲੋਕਾਂ ਨੂੰ ਕੰਮ ਮਿਲਦਾ ਹੈ।ਖਾਸ ਤੌਰ ਤੇ ਮਹਿਲਾਵਾਂ ਡੇਅਰੀ ਦੇ ਕੰਮ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ, ਜਿਸ ਨਾਲ ਉਹ ਆਰਥਿਕ ਤੌਰ ਤੇ ਆਤਮਨਿਰਭਰ ਬਣਦੀਆਂ ਹਨ। ਡੇਅਰੀ ਪੋਸ਼ਣ ਦੇ ਮਾਮਲੇ ਵਿੱਚ ਵੀ ਬਹੁਤ ਲਾਭਦਾਇਕ ਹੈ।ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਜਿਵੇਂ ਦਹੀਂ, ਮੱਖਣ ਅਤੇ ਘਿਓ ਮਨੁੱਖੀ ਸਿਹਤ ਲਈ ਅਤਿ ਜ਼ਰੂਰੀ ਹਨ।ਇਨ੍ਹਾਂ ਵਿੱਚ ਪ੍ਰੋਟੀਨ, ਕੈਲਸ਼ੀਅਮ ਅਤੇ ਵਿਟਾਮਿਨ ਵਧੇਰੇ ਮਾਤਰਾ ਵਿੱਚ ਹੁੰਦੇ ਹਨ, ਜੋ ਸਰੀਰਕ ਵਿਕਾਸ ਲਈ ਲੋੜੀਂਦੇ ਹਨ।ਇਸ ਤੋਂ ਇਲਾਵਾ ਡੇਅਰੀ ਅਤੇ ਖੇਤੀ ਇਕ-ਦੂਜੇ ਨਾਲ ਗਹਿਰੇ ਤੌਰ ਤੇ ਜੁੜੀਆਂ ਹੋਈਆਂ ਹਨ।ਪਸ਼ੂਆਂ ਦੀ ਗੋਬਰ ਖਾਦ ਬਣ ਕੇ ਖੇਤਾਂ ਦੀ ਉਪਜਾਊ ਸ਼ਕਤੀ ਵਧਾਉਂਦੀ ਹੈ, ਜਦਕਿ ਖੇਤੀ ਦੀਆਂ ਬੱਚਤਾਂ ਪਸ਼ੂਆਂ ਲਈ ਚਾਰੇ ਵਜੋਂ ਵਰਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਖ਼ਰਚਾ ਘਟਦਾ ਹੈ ਅਤੇ ਕੁਦਰਤੀ ਸੰਤੁਲਨ ਬਣਿਆ ਰਹਿੰਦਾ ਹੈ।ਇਸ ਮੌਕੇ ਉਨ੍ਹਾਂ ਦੇ ਨਾਲ ਕਮਲਜੀਤ ਕੌਰ, ਅਮਨਦੀਪ ਕੌਰ, ਗੁਰਮੇਜ ਸਿੰਘ, ਮੋਹਣ ਸਿੰਘ, ਤਨਜੀਤ ਸਿੰਘ ਅਤੇ ਇਲਾਕੇ ਦੇ ਅਗਾਂਹਵਧੂ ਕਿਸਾਨ ਹਾਜ਼ਰ ਸਨ।

# ਪੰਜਾਬ ਸਰਕਾਰ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਤੁਰੰਤ ਹੱਲ ਲਈ ਵਚਨਬੱਧ : ਬਰਾੜ



ਤਰਨ ਤਾਰਨ, (ਪ੍ਰਿਤਪਾਲ ਸਿੰਘ)-ਪੰਜਾਬ ਸਰਕਾਰ ਵਪਾਰੀਆਂ ਅਤੇ ਉਦਯੋਗਪਤੀਆਂ ਲਈ ਪਾਰਦਰਸ਼ੀ, ਸਰਲ ਅਤੇ ਸੁਰੱਖਿਅਤ ਵਪਾਰਕ ਮਾਹੌਲ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਇਹ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਜ) ਰਾਜਦੀਪ ਸਿੰਘ ਬਰਾੜ ਨੇ ਰਾਜ ਕਰ ਕਮਿਸ਼ਨਰ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਥਾਨਕ ਬਾਠ ਰੋਡ ਤੇ ਲਗਾਏ ਵਿਸ਼ੇਸ਼ ਜ਼ਿਲ੍ਹਾ ਪੱਧਰੀ ਟਰੇਡਰਜ਼ ਕੈਂਪ ਦੌਰਾਨ ਮੁੱਖ ਮਹਿਮਾਨ ਵਜੋਂ ਵਪਾਰੀਆਂ ਨੂੰ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਤਾਂ ਜੋ ਵਪਾਰਕ ਸਰਗਰਮੀਆਂ ਨੂੰ ਹੋਰ ਤੇਜ਼ੀ ਮਿਲ ਸਕੇ।ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਰਾਹੁਲ ਦੀ ਅਗਵਾਈ ਹੇਠ ਜੀ. ਐੱਸ. ਟੀ. ਵਿਭਾਗ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਲਗਾਏ ਗਏ ਇਸ ਜ਼ਿਲ੍ਹਾ ਪੱਧਰੀ ਕੈਂਪ ਦਾ ਮੁੱਖ ਉਦੇਸ਼ ਵਪਾਰੀਆਂ ਦੀਆਂ ਸਮੱਸਿਆਵਾਂ, ਸੁਝਾਵਾਂ ਅਤੇ ਲੋੜਾਂ ਬਾਰੇ ਵਿਚਾਰ-ਵਟਾਂਦਰਾ ਕਰਨਾ ਅਤੇ ਉਨ੍ਹਾਂ ਨੂੰ ਸਰਕਾਰ ਵੱਲੋਂ ਪੂਰਾ ਸਹਿਯੋਗ ਪ੍ਰਦਾਨ ਕਰਨਾ ਹੈ।ਇਸ ਮੌਕੇ ਵਪਾਰੀਆਂ ਵੱਲੋਂ ਵੱਖ-ਵੱਖ ਮੁੱਦਿਆਂ, ਜਿਵੇਂ ਕਿ ਬੁਨਿਆਦੀ ਢਾਂਚੇ, ਸਹੂਲਤਾਂ, ਸੁਰੱਖਿਆ ਅਤੇ ਪ੍ਰਸ਼ਾਸਕੀ ਪ੍ਰਕਿਰਿਆਵਾਂ ਨੂੰ ਸੌਖਾ ਬਣਾਉਣ ਸਬੰਧੀ ਆਪਣੇ ਸੁਝਾਅ ਸਾਂਝੇ ਕੀਤੇ ਗਏ।ਵਧੀਕ ਡਿਪਟੀ ਕਮਿਸ਼ਨਰ ਨੇ ਭਰੋਸਾ ਦਿੱਤਾ ਕਿ ਇਹ ਸਾਰੇ ਸੁਝਾਅ ਸਬੰਧਿਤ ਵਿਭਾਗਾਂ ਤੱਕ ਪਹੁੰਚਾ ਕੇ ਜਲਦੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਵਿਧਾਇਕ ਤਰਨ ਤਾਰਨ ਹਰਮੀਤ ਸਿੰਘ ਸੰਧੂ ਦੇ ਭਰਾਤਾ ਰਾਜਬੀਰ ਸਿੰਘ ਸੰਧੂ ਨੇ ਕਿਹਾ ਕਿ ਵਪਾਰੀ ਵਰਗ ਪੰਜਾਬ ਦੀ ਆਰਥਿਕ ਤਰੱਕੀ ਦਾ ਮਹੱਤਵਪੂਰਨ ਹਿੱਸਾ ਹੈ ਅਤੇ ਸਰਕਾਰ ਵੱਲੋਂ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਹਰ ਸੰਭਵ ਕਦਮ ਚੁੱਕਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਅਜਿਹੀਆਂ ਬੈਠਕਾਂ ਰਾਹੀਂ ਸਰਕਾਰ ਅਤੇ ਵਪਾਰੀਆਂ ਦਰਮਿਆਨ ਸਿੱਧਾ ਸੰਵਾਦ ਮਜ਼ਬੂਤ ਹੋਵੇਗਾ।ਮੀਟਿੰਗ ਦੌਰਾਨ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੇ ਜ਼ਿਲ੍ਹਾ ਚੇਅਰਮੈਨ ਹਰਮਨਦੀਪ ਸਿੰਘ ਮੈਣੀ ਨੇ ਕਿਹਾ ਕਿ ਟਰੇਡ ਕਮਿਸ਼ਨ ਵੱਲੋਂ ਬਲਾਕ ਪੱਧਰ ਉਤੇ ਵੀ ਵਪਾਰੀਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇਗਾ।

ਇਸ ਮੌਕੇ ਵਪਾਰੀਆਂ ਨੇ ਪੰਜਾਬ ਸਰਕਾਰ ਵੱਲੋਂ ਵਪਾਰੀਆਂ ਲਈ ਲਏ ਜਾ ਰਹੇ ਲੋਕਪੱਖੀ ਫ਼ੈਸਲਿਆਂ ਦੀ ਪ੍ਰਸੰਸਾ ਕਰਦਿਆਂ ਭਵਿੱਖ ਵਿੱਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਇਸ ਮੌਕੇ ਐੱਸਡੀਐੱਮ ਤਰਨ ਤਾਰਨ ਗੁਰਮੀਤ ਸਿੰਘ ਮਾਨ, ਚੇਅਰਮੈਨ ਅਮਰਿੰਦਰ ਸਿੰਘ, ਚੇਅਰਮੈਨ ਦਿਲਬਾਗ ਸਿੰਘ, ਜੀਐੱਮ ਜ਼ਿਲ੍ਹਾ ਉਦਯੋਗ ਕੇਂਦਰ ਸੁਖਪਾਲ ਸਿੰਘ, ਡੀਐੱਫਐੱਸਸੀ ਜਸਮੀਤ ਕੌਰ, ਈਟੀਓ ਸੁਖਪ੍ਰੀਤ ਕੌਰ ਤੇ ਕੁਲਦੀਪ ਸਿੰਘ, ਆੜ੍ਹਤੀਆ ਯੂਨੀਅਨ ਦੇ ਪ੍ਰਧਾਨ ਦਿਲਬਾਗ ਸਿੰਘ ਕਰਿਆਨਾ ਯੂਨੀਅਨ ਦੇ ਪ੍ਰਧਾਨ ਸੁਖਵੀਰ ਸਿੰਘ, ਸ਼ੈਲਰ ਯੂਨੀਅਨ ਦੇ ਪ੍ਰਧਾਨ ਅਵਤਾਰ ਸਿੰਘ ਤਨੇਜਾ ਹਰਜਿੰਦਰ ਸਿੰਘ ਸੰਧੂ, ਵਰਿੰਦਰ ਮੋਹਨ ਸਿੰਘ, ਵਿਨੇ ਮਲਹੋਤਰਾ ਭਿੱਖੀਵਿੰਡ ਤੂੰ ਇਲਾਵਾ ਵੱਖ-ਵੱਖ ਵਪਾਰਕ ਯੂਨੀਅਨਾਂ ਅਤੇ ਐਸੋਸੀਏਸ਼ਨਾਂ ਦੇ ਚੇਅਰਮੈਨਾਂ ਅਤੇ ਪ੍ਰਧਾਨਾਂ ਤੋਂ ਇਲਾਵਾ ਜ਼ਿਲ੍ਹੇ ਭਰ 'ਚੋਂ ਵਪਾਰੀ ਭਰਾ ਮੌਜੂਦ ਸਨ।

# ਬੀਬੀ ਰਜਨੀ ਦਾ ਸਾਲਾਨਾ ਜੋੜ ਮੇਲਾ ਭਲਕ ਤੋਂ



**ਪੱਟੀ, (ਬਲਦੇਵ ਸਿੰਘ ਸੰਧੂ)**-ਇਤਿਹਾਸਕ ਗੁਰਦਵਾਰਾ ਬੀਬੀ ਰਜਨੀ ਜੀ ਸਾਹਮਣੇ ਰੇਲਵੇ ਸਟੇਸ਼ਨ ਪੱਟੀ ਵਿਖੇ ਬੀਬੀ ਰਜਨੀ ਦੀ ਯਾਦ 'ਚ 22ਵਾਂ ਸਾਲਾਨਾ ਜੋੜ ਮੇਲਾ ਗੁਰਦਵਾਰਾ ਬੀਬੀ ਰਜਨੀ ਜੀ ਵਿਖੇ 20, 21, 22, ਫਰਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। 20 ਫਰਵਰੀ ਦਿਨ ਸ਼ੁੱਕਰਵਾਰ ਨੂੰ 40 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ।22 ਫਰਵਰੀ ਨੂੰ 11 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਸਜਣਗੇ ਜਿਸ ਵਿੱਚ ਕੀਰਤਨੀਏ ਜਥੇ, ਕਥਾਵਾਚਕ, ਢਾਡੀ ਜਥੇ ਹਰ ਜਸ ਸੁਣਾ ਕੇ ਨਿਹਾਲ ਕਰਨਗੇ। ਗੁਰੂ ਕੇ ਲੰਗਰ ਤਿੰਨੇ ਦਿਨ ਚੱਲਣਗੇ। ਇਸ ਮੌਕੇ ਕਾਰ ਸੇਵਾ ਵਾਲੇ ਬਾਬਾ ਗਿਆਨ ਸਿੰਘ ਜੀ ਮਨਿਹਾਲੇ ਵਾਲੇ, ਖੁਸ਼ਵਿੰਦਰ ਸਿੰਘ ਭਾਟੀਆ ਮੈਂਬਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਪੱਟੀ, ਪ੍ਰਧਾਨ ਬਲਬੀਰ ਸਿੰਘ ਲੁਹਾਰੀਆ, ਮੀਤ ਪ੍ਰਧਾਨ ਕੁਲਵਿੰਦਰ ਸਿੰਘ ਬੱਬੂ, ਮੈਂਬਰ ਸਰਦੂਲ ਸਿੰਘ, ਮੈਂਬਰ, ਮੈਂਬਰ ਰਜਿੰਦਰ ਪ੍ਰਸਾਦ ਸਿੰਘ, ਕੇ. ਪੀ. ਭਾਜੀ, ਸੁਖਵਿੰਦਰ ਸਿੰਘ, ਪ੍ਰੇਮ ਪ੍ਰਕਾਸ਼ ਸਿੰਘ ਜੌਲੀ, ਅੰਮਿਤ ਸਿੰਘ ਪੁੱਤਰ ਇਕਬਾਲ ਸਿੰਘ ਜੌਲੀ, ਸਕੱਤਰ ਸਿੰਘ, ਕੁਲਦੀਪ ਸਿੰਘ, ਮੇਜਰ ਸਿੰਘ, ਜਸਨ ਸਿੰਘ ਮੱਲਾ, ਬਲਵਿੰਦਰ ਸਿੰਘ, ਗੁਰਨਾਮ ਸਿੰਘ, ਭੈਣ ਕੰਵਲਜੀਤ ਕੌਰ, ਹਰਪ੍ਰੀਤ ਕੌਰ, ਮਨਿੰਦਰ ਕੌਰ, ਜਗਪ੍ਰੀਤ ਸਿੰਘ, ਰਵਿੰਦਰ ਸਿੰਘ ਅਤੇ ਬੀਬੀ ਰਜਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਸਰਬਜੀਤ ਸਿੰਘ ਟਿੰਨੀ ਆਦਿ ਹਾਜ਼ਰ ਸਨ।

## ਨਿਊ ਅਕਾਲ ਹਸਪਤਾਲ ਬਟਾਲਾ ਵੱਲੋਂ ਅੱਖਾਂ ਦਾ ਫਰੀ ਚੈੱਕਅੱਪ ਕੈਂਪ 23 ਨੂੰ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਿਊ ਅਕਾਲ ਹਸਪਤਾਲ ਬਟਾਲਾ ਅਤੇ ਮਹੰਤ ਹਰੀ ਕੁੰਭ ਦਾ ਜੀ ਵੱਲੋਂ ਅੱਖਾਂ ਦਾ ਫਰੀ ਚੈੱਕਅਪ ਕੈਂਪ ਮੰਦਰ ਭਗਵਾਨ ਸ੍ਰੀ ਚੰਦਰ ਜੀ ਦੇ ਅਸਥਾਨ ਪਿੰਡ ਨਾਨਕ ਚੱਕ ਵਿਖੇ 23 ਫਰਵਰੀ ਦਿਨ ਸੋਮਵਾਰ ਨੂੰ ਲਗਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਨਿਊ ਅਕਾਲ ਹਸਪਤਾਲ ਦੇ ਮਾਹਰ ਡਾਕਟਰ ਗੁਰਬਾਜ ਸਿੰਘ ਨੇ ਦੱਸਿਆ ਕਿ ਰੂਬੀ ਨੈਲਸਨ ਹਸਪਤਾਲ ਜਲੰਧਰ ਦੇ ਮਾਹਰ ਡਾਕਟਰਾਂ ਦੀਆਂ ਟੀਮਾਂ ਵੱਲੋਂ ਪਹੁੰਚ ਕੇ ਮਰੀਜ਼ਾਂ ਦੇ ਆਪਰੇਸ਼ਨ ਕੀਤੇ ਜਾਣਗੇ ਜਿਸ ਵਿੱਚ ਅੱਖਾਂ ਦਾ ਮੁਫਤ ਚੈੱਕਅੱਪ ਤੇ ਦਵਾਈਆਂ ਅਤੇ ਮੁਫਤ ਚਿੱਟੇ ਮੋਤੀਏ ਦੇ ਓਪਰੇਸ਼ਨ ਲੈਂਜ਼ ਨਾਲ ਫਰੀ ਕੀਤੇ ਜਾਣਗੇ। ਮਰੀਜ਼ਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਪੀੜਤ ਮਰੀਜ਼ ਇਸ ਲੱਗ ਰਹੇ ਮੈਡੀਕਲ ਕੈਂਪ ਦਾ ਲਾਭ ਉਠਾਉਣ ਲਈ ਮੰਦਰ ਸ੍ਰੀ ਭਗਵਾਨ ਚੰਦਰ ਪਿੰਡ ਨਨਕਚੱਕ ਵਿਖੇ ਵੱਧ ਤੋਂ ਵੱਧ ਪਹੁੰਚ ਕੇ ਆਪਣਾ ਫ੍ਰੀ ਚੈੱਕਅਪ ਕਰਵਾ ਸਕਦੇ ਹਨ।

# 'ਪੋਸ਼ਣ ਵੀ, ਪੜ੍ਹਾਈ ਵੀ' ਮੁਹਿੰਮ ਤਹਿਤ ਚੌਥੇ ਬੈਚ ਦੀ ਟ੍ਰੇਨਿੰਗ



ਤਰਨ ਤਾਰਨ, (ਪ੍ਰਿਤਪਾਲ ਸਿੰਘ)-ਜ਼ਿਲ੍ਹਾ ਤਰਨ ਤਾਰਨ ਵਿੱਚ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਅਧੀਨ ਸਕਸ਼ਮ ਆਂਗਣਵਾੜੀ ਅਤੇ ਪੋਸ਼ਣ 2.0 ਤਹਿਤ ਚੱਲ ਰਹੇ ਪੋਸ਼ਣ ਵੀ, ਪੜ੍ਹਾਈ ਵੀ ਮੁਹਿੰਮ ਤਹਿਤ ਆਂਗਣਵਾੜੀ ਵਰਕਰਾਂ ਲਈ ਕਰਵਾਇਆ ਗਿਆ ਟਾਇਰ ਟੂ (ਫੇਸ 2) ਟ੍ਰੇਨਿੰਗ ਦਾ ਬਲਾਕ ਗੰਡੀਵਿੰਡ ਦਾ ਚੌਥਾ ਬੈਚ ਸਫਲਤਾਪੂਰਵਕ ਸੰਪੰਨ ਹੋ ਗਿਆ।ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਾਹੁਲ ਅਰੋੜਾ ਨੇ ਦੱਸਿਆ ਕਿ ਇਸ ਟ੍ਰੇਨਿੰਗ ਦਾ ਉਦੇਸ਼ ਆਂਗਣਵਾੜੀ ਕੇਂਦਰਾਂ ਵਿੱਚ 3 ਤੋਂ 6 ਸਾਲ ਦੇ ਬੱਚਿਆਂ ਲਈ ਖੇਡ ਅਧਾਰਿਤ ਅਤੇ ਬੱਚਾ-ਕੇਂਦਰਿਤ ਸਿੱਖਣ ਪ੍ਰਕਿਰਿਆ ਨੂੰ ਮਜ਼ਬੂਤ ਕਰਨਾ ਹੈ।ਟ੍ਰੇਨਿੰਗ ਦੌਰਾਨ ਭਾਸ਼ਾ ਵਿਕਾਸ ਲਈ ਕਹਾਣੀ ਕਥਨ ਅਤੇ ਤਸਵੀਰ ਪਾਠ, ਬੌਧਿਕ ਵਿਕਾਸ ਲਈ ਗਿਣਤੀ ਅਤੇ ਮਿਲਾਨ ਗਤੀਵਿਧੀਆਂ, ਰਚਨਾਤਮਕ ਵਿਕਾਸ ਲਈ ਕਲਾ ਕਿਰਿਆਵਾਂ, ਸਰੀਰਕ ਵਿਕਾਸ ਲਈ ਸਮੂਹ ਖੇਡਾਂ ਅਤੇ ਸੱਭਿਆਚਾਰਕ ਵਿਕਾਸ ਲਈ ਲੋਕ ਗੀਤਾਂ ਅਤੇ ਰਿਵਾਇਤੀ ਖੇਡਾਂ ਬਾਰੇ ਵਿਹਾਰਕ ਸੈਸ਼ਨ ਲਗਾਏ ਗਏ।ਇਸ ਮੌਕੇ ਸੀਡੀਪੀਓ ਨਿਵੇਦਿਤਾ ਕੁਮਾਰ, ਗੁਰਵੇਲ ਸਿੰਘ (ਜ਼ਿਲ੍ਹਾ ਕੋਆਰਡੀਨੇਟਰ, ਪੋਸ਼ਣ ਅਭਿਆਨ), ਸੁਲੱਖਣ ਸਿੰਘ (ਬਲਾਕ ਕੋਆਰਡੀਨੇਟਰ, ਪੋਸ਼ਣ ਅਭਿਆਨ) ਅਤੇ ਜਸਪ੍ਰੀਤ ਕੌਰ (ਸੁਪਰਵਾਈਜ਼ਰ, ਤਰਨ ਤਾਰਨ) ਹਾਜ਼ਰ ਰਹੇ ਅਤੇ ਟ੍ਰੇਨਿੰਗ ਨੂੰ ਸਫਲ ਬਣਾਉਣ ਲਈ ਸਹਿਯੋਗ ਦਿੱਤਾ।

ਟ੍ਰੇਨਿੰਗ ਦੌਰਾਨ ਵਾਰਿੰਦਰ ਕੁਮਾਰ, ਸਿੱਖਿਆ ਵਿਭਾਗ, ਜ਼ਿਲ੍ਹਾ ਤਰਨ ਤਾਰਨ ਵੱਲੋਂ ਦਿਵਿਆਂਗ ਜਨ ਲਾਭਪਾਤਰੀਆਂ ਦੇ ਸਬੰਧ ਵਿੱਚ ਵਿਭਾਗ ਅਤੇ ਭਾਰਤ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਆਂਗਣਵਾੜੀ ਵਰਕਰਾਂ ਨੂੰ ਦਿਵਿਆਂਗ ਬੱਚਿਆਂ ਨੂੰ ਸਰਕਾਰੀ ਸਹੂਲਤਾਂ ਨਾਲ ਜੋੜਨ ਲਈ ਪ੍ਰੇਰਿਤ ਕੀਤਾ ਗਿਆ।

ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਾਹੁਲ ਅਰੋੜਾ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਟ੍ਰੇਨਿੰਗਾਂ ਨਾਲ ਆਂਗਣਵਾੜੀ ਕੇਂਦਰਾਂ ਵਿੱਚ ਸਿੱਖਣ ਦੀ ਗੁਣਵੱਤਾ ਹੋਰ ਮਜ਼ਬੂਤ ਹੋਵੇਗੀ ਅਤੇ ਬੱਚਿਆਂ ਦੇ ਸਮੁੱਚੇ ਵਿਕਾਸ ਨੂੰ ਯਕੀਨੀ ਬਣਾਇਆ ਜਾਵੇਗਾ।

# 2027 'ਚ ਕਾਂਗਰਸ ਦੀ ਸਰਕਾਰ ਬਣੇਗੀ : ਬਲਕਾਰ ਸਿੰਘ ਵਡਾਲਾ

ਬਿਆਸ (ਪਰਮਜੀਤ ਸਿੰਘ ਰੱਖੜਾ)-ਚੰਡੀਗੜ੍ਹ ਵਿੱਚ ਕਾਂਗਰਸ ਪਾਰਟੀ ਦੀ ਮੀਟਿੰਗ ਭੇਸ਼ ਬਘੇਲ ਸਿੰਘ ਪੰਜਾਬ ਇੰਚਾਰਜ ਅਤੇ ਆਲ ਇੰਡੀਆ ਕਾਂਗਰਸ ਦੇ ਨੈਸ਼ਨਲ ਸਕੱਤਰ ਦੀ ਨਿਗਰਾਨੀ ਹੇਠ ਹੋਈ ਜਿਸ ਵਿੱਚ ਇਹ ਸਿੱਧ ਹੋ ਗਿਆ ਕਿ 2027 ਵਿੱਚ ਕਾਂਗਰਸ ਦੀ ਹੀ ਸਰਕਾਰ ਆਏਗੀ। ਪੱਤਰਕਾਰ ਮਿਲਣੀ ਵਿੱਚ ਆਲ ਇੰਡੀਆ ਕਾਂਗਰਸ ਕਮੇਟੀ ਦੇ ਐੱਸਸੀਸੈੱਲ ਦੇ ਚੇਅਰਮੈਨ ਬਲਕਾਰ ਸਿੰਘ ਵਡਾਲਾ ਨੇ ਦੱਸਿਆ ਕਿ ਚੰਡੀਗੜ੍ਹ ਵਿੱਚ ਪੰਜਾਬ ਦੇ ਸਾਰੇ ਇੰਚਾਰਜ ਅਤੇ ਮੌਜੂਦਾ ਅਤੇ ਸਾਬਕਾ ਐੱਮਐੱਲਏ, ਐੱਮਪੀ ਅਤੇ ਜ਼ਿਲਾ ਪ੍ਰਧਾਨ ਅਤੇ ਕਾਂਗਰਸ ਪਾਰਟੀ ਦੀਆਂ ਵੱਡੀਆਂ ਸ਼ਖ਼ਸੀਅਤਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਨੈਸ਼ਨਲ ਸੈਕਟਰੀ ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਐੱਮਪੀ ਜਸਬੀਰ ਸਿੰਘ ਡਿੰਪਾ, ਗੁਰਜੀਤ ਸਿੰਘ ਰਾਣਾ, ਗੁਰਜੀਤ ਸਿੰਘ ਔਜਲਾ ਅਤੇ ਪੰਜਾਬ ਕਾਂਗਰਸ ਦੀਆਂ ਹੋਰ ਕਈ ਮਹਾਨ ਸ਼ਖ਼ਸੀਅਤਾਂ ਹਾਜ਼ਿਰ ਸਨ ਜਿਸ ਤੋਂ ਇਹ ਸਿੱਧ ਹੋ ਗਿਆ ਕਿ ਕਾਂਗਰਸ ਪਾਰਟੀ ਇੱਕਜੁੱਟ ਹੈ।ਬਲਕਾਰ ਸਿੰਘ ਵਡਾਲਾ ਨੇ ਦੱਸਿਆ ਕਿ ਕਾਂਗਰਸ ਪਾਰਟੀ ਦੇ ਨੇਤਾ ਰਾਹੁਲ ਗਾਂਧੀ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਖੜ੍ਹੇ ਹਨ।



## ਮੋਗਾ ਰੈਲੀ ਨੇ 2027 'ਚ ਮੁੜ 'ਆਪ' ਦੀ ਸਰਕਾਰ ਬਣਾਉਣ ਦੀ ਨੀਂਹ ਰੱਖੀ: ਤਲਬੀਰ



ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)-ਹਲਕਾ ਮਜੀਠਾ ਦੇ 'ਆਪ' ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ 'ਆਪ' ਦੀ ਮੋਗਾ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹੋਈ ਯੁੱਧ ਨਸ਼ਿਆਂ ਦੇ ਦੂਜੇ ਪੜਾਅ ਦੀ ਹੋਈ ਵਿਸ਼ਾਲ ਰੈਲੀ 'ਚ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੇ ਸਰਕਾਰ ਦੇ ਹੱਕ 'ਚ ਫਤਵਾ ਦਿੰਦਿਆਂ ਵਿਰੋਧੀਆਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਮੁੜ ਆਪ' ਸਰਕਾਰ ਬਣਾਉਣ ਦੀ ਨੀਂਹ ਰੱਖ ਦਿੱਤੀ ਹੈ ਕਿਉਂਕਿ ਆਪ ਸਰਕਾਰ ਆਪਣੇ 5 ਸਾਲ ਦੇ ਰਾਜ ਦੌਰਾਨ ਜੋ ਵਾਅਦੇ ਲੋਕਾਂ ਨਾਲ ਕੀਤੇ ਉਹ ਪੂਰਿਆਂ ਕਰਕੇ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰੇਗੀ ਤੇ ਜੋ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਬੀੜਾ ਚੁੱਕਿਆ ਹੈ, ਉਸ ਨੂੰ ਪੂਰਿਆਂ ਕਰਕੇ ਵਿਖਾਇਆ ਜਾ ਰਿਹਾ ਹੈ।

ਇਸ ਮੌਕੇ ਸੋਨੀ ਰੰਧਾਵਾ, ਹਰਦੇਵ ਰੰਧਾਵਾ, ਮਨਦੀਪ ਸੁੰਦਰ (ਬਾਊ), ਕਲਵੰਤ ਰਾਏ ਸੁੰਦਰ, ਦੀਪਕ ਭੰਡਾਰੀ (ਕਾਕਾ), ਕਰਮਜੀਤ ਫੌਜੀ, ਜਸਪਾਲ ਸ਼ਰਮਾ, ਸੰਦੀਪ ਸੁੰਦਰ, ਮੋਨੂ ਪਹਿਲਵਾਨ, ਬੱਬੂ ਭੰਡਾਰੀ, ਮੂਰਤੀ ਬਾਵਾ, ਸੁੱਖਾ ਮੈਂਬਰ, ਅਜੇਪਾਲ ਸਿੰਘ (ਏਪੀ) ਸਵਰਨਜੀਤ ਸਿੰਘ, ਸਵਰਨ ਸਿੰਘ ਐੱਸ ਐੱਸ, ਸੁਖਦੇਵ ਸਿੰਘ (ਬਾਊ) ਆਦਿ ਸ਼ਾਮਿਲ ਸਨ।

# ਆਮ ਆਦਮੀ ਕਲੀਨਿਕ ਮਰੀਜ਼ ਫੀਡਬੈਕ 'ਚ ਹੁਸ਼ਿਆਰਪੁਰ ਜ਼ਿਲ੍ਹੇ ਦਾ ਸਰਵੋਤਮ ਪ੍ਰਦਰਸ਼ਨ

**ਹੁਸ਼ਿਆਰਪੁਰ (ਓ ਪੀ ਰਾਣਾ)**

ਸਿਹਤ ਖੇਤਰ ਵਿੱਚ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਸਦਕਾ ਹੁਸ਼ਿਆਰਪੁਰ ਜ਼ਿਲ੍ਹੇ ਨੇ ਇੱਕ ਮਹੱਤਵਪੂਰਨ ਸਥਾਨ ਹਾਸਲ ਕੀਤਾ ਹੈ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਵੱਲੋਂ ਚੰਡੀਗੜ੍ਹ ਵਿਚ ਆਯੋਜਿਤ ਸਿਵਲ ਸਰਜਨ ਅਤੇ ਡਿਪਟੀ ਮੈਡੀਕਲ ਕਮਿਸ਼ਨਰ ਦੀ ਦੋ ਦਿਨਾਂ ਕਾਨਫਰੰਸ ਦੌਰਾਨ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਆਮ ਆਦਮੀ ਕਲੀਨਿਕ ਮਰੀਜ਼ ਫੀਡਬੈਕ ਵਿਚ ਪੂਰੇ ਪੰਜਾਬ ਵਿਚ ਵਧੀਆ ਪ੍ਰਦਰਸ਼ਨ ਦੇ ਲਈ ਸਨਮਾਨਤ ਕੀਤਾ ਗਿਆ। ਇਹ ਸਨਮਾਨ ਹੁਸ਼ਿਆਰਪੁਰ ਦੇ ਐਕਟਿੰਗ ਸਿਵਲ ਸਰਜਨ ਤੇ ਆਮ ਆਦਮੀ ਕਲੀਨਿਕ ਦੇ ਨੋਡਲ ਅਫਸਰ ਡਾ. ਸੀਮਾ ਗਰਗ ਨੇ ਪ੍ਰਾਪਤ ਕੀਤਾ।ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਿਹਤ ਵਿਭਾਗ ਦੀ ਟੀਮ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਨਮਾਨ ਜ਼ਿਲ੍ਹੇ ਦੇ ਸਿਹਤ ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਟੀਮ ਵਰਕ ਅਤੇ ਜਨਤਕ ਵਿਸ਼ਵਾਸ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਸਰਕਾਰ ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਦੇ ਦਰਵਾਜ਼ੇ 'ਤੇ ਮੁੱਢਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਸਨਮਾਨ ਜ਼ਿਲ੍ਹੇ ਦੀ ਸਮੂਹਿਕ ਮਿਹਨਤ ਦਾ ਨਤੀਜਾ ਹੈ ਅਤੇ ਭਵਿੱਖ ਵਿੱਚ ਵੀ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਯਤਨ ਜਾਰੀ ਰਹਿਣਗੇ।ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਵਿਸ਼ੇਸ਼ ਤੌਰ 'ਤੇ ਐਕਟਿੰਗ ਸਿਵਲ ਸਰਜਨ ਅਤੇ ਨੋਡਲ ਅਫਸਰ ਡਾ. ਸੀਮਾ ਗਰਗ ਦੇ ਕੰਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੀ ਕੁਸ਼ਲ ਅਗਵਾਈ, ਤਾਲਮੇਲ ਯੋਗਤਾ ਅਤੇ ਸੇਵਾ ਭਾਵਨਾ ਕਾਰਨ ਜ਼ਿਲ੍ਹੇ ਵਿੱਚ ਸਿਹਤ ਸੇਵਾਵਾਂ ਦੀ ਗੁਣਵੱਤਾ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਡਾ. ਗਰਗ ਬਤੌਰ ਨੋਡਲ ਅਫਸਰ ਅਤੇ ਕਾਰਜਕਾਰੀ ਸਿਵਲ ਸਰਜਨ ਦੇ ਤੌਰ 'ਤੇ ਪੂਰੀ ਲਗਨ, ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਨਾਲ ਕੰਮ ਕਰ ਰਹੇ ਹਨ, ਜੋ ਕਿ ਹੋਰ ਅਧਿਕਾਰੀਆਂ ਲਈ ਵੀ ਪ੍ਰੇਰਨਾ ਸਰੋਤ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਤੋਂ ਇਲਾਜ ਕਰਵਾਉਣ ਤੋਂ ਬਾਅਦ ਮਰੀਜ਼ਾਂ ਦਾ ਡਾਟਾ ਕਾਲ ਸੈਂਟਰ ਟੀਮ ਨਾਲ ਸਾਂਝਾ ਕੀਤਾ ਜਾਂਦਾ ਹੈ, ਜੋ ਮਰੀਜ਼ਾਂ ਨਾਲ ਸੰਪਰਕ ਕਰਦੀ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਉਨ੍ਹਾਂ ਨੂੰ ਦਵਾਈਆਂ ਮਿਲੀਆਂ ਹਨ ਜਾਂ ਨਹੀਂ, ਉਹ ਡਾਕਟਰ ਦੇ ਵਿਵਹਾਰ ਤੋਂ ਸੰਤੁਸ਼ਟ ਹਨ ਜਾਂ ਨਹੀਂ, ਜ਼ਰੂਰੀ ਟੈਸਟ ਕੀਤੇ ਗਏ ਸਨ ਜਾਂ ਨਹੀਂ ਅਤੇ ਸਫਾਈ ਪ੍ਰਣਾਲੀ ਤਸੱਲੀਬਖਸ਼ ਹੈ ਜਾਂ ਨਹੀਂ।



# ਵਿਧਾਇਕ ਨੇ ਪਾਰਕ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਹਲਕਾ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸ਼ਹਿਰ ਦੇ ਵਾਰਡ ਨੰਬਰ 34 ਵਿੱਚ 16 ਲੱਖ 25 ਹਜ਼ਾਰ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਪਾਰਕ ਦੇ ਨਿਰਮਾਣ ਕਾਰਜ ਦੀ ਰਸਮੀ ਸ਼ੁਰੂਆਤ ਕਰਵਾਈ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਪਾਰਕ ਦੇ ਨਿਰਮਾਣ ਨਾਲ ਇਲਾਕੇ ਦੇ ਵਸਨੀਕਾਂ ਨੂੰ ਸਾਫ਼, ਹਰਾ ਅਤੇ ਸਿਹਤਮੰਦ ਵਾਤਾਵਰਣ ਮਿਲੇਗਾ। ਉਨ੍ਹਾਂ ਕਿਹਾ ਕਿ ਸ਼ਹਿਰੀ ਖੇਤਰਾਂ ਵਿੱਚ ਹਰਿਆਵਲ ਵਾਲੇ ਪਾਰਕ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਪਾਰਕ ਬੱਚਿਆਂ ਦੇ ਖੇਡਣ, ਬਜ਼ੁਰਗਾਂ ਦੇ ਸੈਰ ਕਰਨ ਅਤੇ ਸਥਾਨਕ ਨਿਵਾਸੀਆਂ ਦੇ ਭਾਈਚਾਰਕ ਆਪਸੀ ਤਾਲਮੇਲ ਦਾ ਕੇਂਦਰ ਬਣੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਬੁਨਿਆਦੀ ਸਹੂਲਤਾਂ ਦੇ ਵਿਕਾਸ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਤਾਂ ਜੋ ਲੋਕਾਂ ਨੂੰ ਬਿਹਤਰ ਜੀਵਨ ਪੱਧਰ ਪ੍ਰਦਾਨ ਕੀਤਾ ਜਾ ਸਕੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਾਰਕ ਦਾ ਨਿਰਮਾਣ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਅਤੇ ਗੁਣਵੱਤਾਪੂਰਨ ਢੰਗ ਨਾਲ ਪੂਰਾ ਕੀਤਾ ਜਾਵੇ। ਇਸ ਮੌਕੇ ਵਾਰਡ ਨਿਵਾਸੀਆਂ ਨੇ ਵੀ ਪਾਰਕ ਦੇ ਯਤਨਾਂ ਦਾ ਸਵਾਗਤ ਕੀਤਾ ਅਤੇ ਵਿਧਾਇਕ ਦਾ ਧੰਨਵਾਦ ਕੀਤਾ। ਇਸ ਮੌਕੇ ਦਾ ਸੁਰਜੀਤ ਸਿੰਘ, ਰਾਜ ਕੁਮਾਰ ਸਿੰਘ, ਪ੍ਰਦੀਪ ਕਪੂਰ, ਪੰਡਿਤ ਰਾਕੇਸ਼ ਕੁਮਾਰ ਅਤੇ ਸੰਜੀਵ ਸੂਦ ਸਮੇਤ ਹੋਰ ਪਤਵੰਤੇ ਹਾਜ਼ਰ ਸਨ। ਇਲਾਕਾ ਨਿਵਾਸੀਆਂ ਨੇ ਉਮੀਦ ਪ੍ਰਗਟ ਕੀਤੀ ਕਿ ਪਾਰਕ ਦੇ ਨਿਰਮਾਣ ਨਾਲ ਵਾਰਡ ਸੁੰਦਰ ਬਣੇਗਾ ਅਤੇ ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ।

# ਸ੍ਰੀ ਗੁਰ ਰਵਿਦਾਸ ਮਹਾਰਾਜ ਦੇ ਜੀਵਨ ਨੂੰ ਸਮਰਪਤ ਪ੍ਰਸ਼ਨ-ਉੱਤਰ ਮੁਕਾਬਲੇ



**ਆਦਮਪੁਰ (ਪਰਮਜੀਤ ਸਿੰਘ)**-ਭੁਪਿੰਦਰ ਸਿੰਘ ਵੱਲੋਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਨੁਸਾਰ ਲੋਕ ਭਲਾਈ ਦੇ ਕੰਮ ਨੂੰ ਸਮਰਪਿਤ ਮਾਰਾ ਪਿੰਡ 360 ਫਾਊਂਡੇਸ਼ਨ ਦੇ ਸੈਂਟਰ ਪਿੰਡ ਕੋਟਲੀ ਆਰਾਈਆਂ ਵਿਖੇ ਸ੍ਰੀ ਗੁਰ ਰਵਿਦਾਸ ਜੀ ਦੇ ਜੀਵਨ ਨੂੰ ਸਮਰਪਿਤ ਪ੍ਰਸ਼ਨ ਉੱਤਰ ਪ੍ਰਤੀਯੋਗਿਤਾ ਕਰਵਾਈ ਗਈ ਜਿਸ ਦੇ ਵਿੱਚ 100 ਦੇ ਕਰੀਬ ਬੱਚਿਆਂ ਨੇ ਭਾਗ ਲਿਆ ਤੇ ਉਨਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਦੇ ਸੰਬੰਧ ਵਿੱਚ ਪ੍ਰਸ਼ਨਾਵਲੀ ਦੇ ਉੱਤਰ ਦਿੱਤੇ ਤੇ ਮੈਰਿਟ ਵਿੱਚ ਆਉਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ ਸੰਸਥਾ ਦੇ ਮੈਨੇਜਰ ਪੀਯੂਸ਼ ਨਰ ਮਨੀਸ਼ਾ ਨਾਰ ਰਾਜਵਿੰਦਰ ਕੌਰ ਤੇ ਹੋਰ ਵਲੰਟੀਅਰ ਹਾਜ਼ਰ ਸਨ।

# ਸ਼ਿਵਰਾਤਰੀ 'ਤੇ ਲੰਗਰ ਲਗਾਇਆ



**ਜਲੰਧਰ (ਲਖਵਿੰਦਰ ਸਿੰਘ ਆਧੀ)**-ਮਹਾਂ ਸ਼ਿਵਰਾਤਰੀ ਦਾ ਤਿਉਹਾਰ ਜਲੰਧਰ ਸ਼ਹਿਰ ਦੇ ਵੱਖ ਵੱਖ ਮੰਦਰਾਂ ਨੂੰ ਬੜੀ ਖ਼ੂਬਸੂਰਤੀ ਨਾਲ ਸ਼ਿੰਗਾਰਿਆ ਗਿਆ ਸੀ ਅਤੇ ਸਵੇਰ ਤੋਂ ਭੋਲੇ ਨਾਥ ਜੀ ਦੀ ਪੂਜਾ ਆਰਤੀ ਕਰਕੇ ਬਾਬਾ ਭੋਲਾ ਨਾਥ ਜੀ ਦਾ ਆਸ਼ੀਰਵਾਦ ਪ੍ਰਾਪਤ ਕਰ ਰਹੇ ਸਨ। ਇਸ ਮਹਾਂ ਸ਼ਿਵਰਾਤਰੀ ਦੇ ਮੌਕੇ ਤੇ ਭੋਲੇ ਨਾਥ ਦੇ ਸ਼ਰਧਾਲੂਆਂ ਵੱਲੋਂ ਵੱਖ ਵੱਖ ਥਾਵਾਂ ਤੇ ਵੱਖ ਵੱਖ ਤਰ੍ਹਾਂ ਦੇ ਲੰਗਰ ਅਟੁੱਟ ਵਰਤਾਏ ਗਏ।ਸੁਨੀਲ ਢੀਂਗਰਾ ਨੇ ਦੱਸਿਆ ਕਿ ਲਕਸ਼ਮੀ ਮਾਰਕੀਟ ਤੇ ਸੰਮਤੀ ਬੀਰ ਨਹਿਰੂ ਗਾਰਡਨ ਰੋਡ (ਜਲੰਧਰ) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਹਾਂ ਸ਼ਿਵਰਾਤਰੀ ਦਾ ਤਿਉਹਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਤੇ ਛੋਲੇ ਪੂਰੀਆਂ ਅਤੇ ਖੀਰ ਦੇ ਲੰਗਰ ਅਟੁੱਟ ਵਰਤਾਏ ਗਏ। ਇਸ ਮੌਕੇ ਤੇ ਸੁਨੀਲ ਢੀਂਗਰਾ, ਤਰੁਣ ਢੀਂਗਰਾ, ਚੁਰਾਗ ਢੀਂਗਰਾ, ਮੋਲਕ ਢੀਂਗਰਾ, ਰਕੇਸ਼ ਕਪੂਰੀਆ, ਰਜਿੰਦਰ ਸਿੰਘ, ਸੱਭਰਵਾਲ, ਰਾਹੁਲ ਸ਼ਰਮਾ, ਮਨੋਜ ਅਤੇ ਮਨਜੀਤ ਸਿੰਘ ਆਦਿ ਹੋਰ ਵੀ ਬਹੁਤ ਸਾਰੇ ਸ਼ਰਧਾਲੂਆਂ ਹਾਜ਼ਰ ਸਨ।

# 2 ਭਗੌੜੇ ਦੋਸ਼ੀ ਗ੍ਰਿਫਤਾਰ



**ਦਸੂਹਾ (ਕਰਨੈਲ ਮਾਂਗਟ)**-ਸੰਦੀਪ ਕੁਮਾਰ ਮਲਿਕ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ-ਨਿਰਦੇਸ਼ਾਂ ਤੇ ਪਰਮਿੰਦਰ ਸਿੰਘ ਹੀਰ ਐਸ.ਪੀ. ਇੰਨਵੈਸਟੀਗੇਸ਼ਨ ਹੁਸ਼ਿਆਰਪੁਰ ਤੇ ਬਲਵਿੰਦਰ ਸਿੰਘ ਜੋੜਾ ਡੀ. ਐਸ. ਪੀ. ਦਸੂਹਾ ਦੀਆਂ ਹਦਾਇਤਾਂ ਮੁਤਾਬਿਕ ਇੰਸਪੈਕਟਰ ਅਮਰਜੀਤ ਕੌਰ ਥਾਣਾ ਮੁੱਖੀ ਦਸੂਹਾ ਦੀ ਅਗਵਾਈ ਹੇਠ ਭਗੌੜਿਆਂ ਦੇ ਖ਼ਿਲਾਫ ਚਲਾਈ ਗਈ ਮੁਹਿੰਮ ਤਹਿਤ ਏ.ਐਸ.ਆਈ ਰਕੇਸ਼ ਕੁਮਾਰ ਸਮੇਤ ਸਾਥੀ ਕਰਮਚਾਰੀ ਦੇ ਮੁਕੱਦਮਾ ਨੰਬਰ 171 ਮਿਤੀ 11-10-22 ਅਧੀਨ ਥਾਣਾ ਦਸੂਹਾ ਜਿਲ੍ਹਾ ਹੁਸ਼ਿਆਰਪੁਰ ਵਿੱਚ ਮਾਨਯੋਗ ਅਦਾਲਤ ਵੱਲੋਂ ਭਗੌੜੇ ਮੁਹੰਮਦ ਸਫੀ ਪੁੱਤਰ ਮਾਮ ਹੁਸੈਨ ਵਾਸੀ ਕਾਲਾ ਝਿੰਗੜ ਥਾਣਾ ਦਸੂਹਾ ਤੇ ਮੁਹੰਮਦ ਸਾਈ ਪੁੱਤਰ ਮੁਰਾਦ ਅਲੀ ਵਾਸੀ ਗੰਭੋਵਾਲ ਥਾਣਾ ਦਸੂਹਾ ਨੂੰ ਗ੍ਰਿਫਤਾਰ ਕਰਕੇ ਕੇਂਦਰੀ ਜੇਲ ਹੁਸ਼ਿਆਰਪੁਰ ਵਿਖੇ ਭੇਜ ਦਿੱਤਾ ਗਿਆ ਹੈ।

# ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਲਗਾਇਆ




**ਬੰਗਾ (ਅਵਤਾਰ ਕਲੇਰ)**

ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਤੇ ਗ੍ਰੇਟ ਬ੍ਰਿਟੇਨ ਤੇ ਡਾ.ਅੰਬੇਡਕਰ ਬੁਧਿੱਸਟ ਰਿਸੋਰਸ ਸੈਂਟਰ ਮੈਨੇਜਿੰਗ ਕਮੇਟੀ ਚੈਰੀਟੇਬਲ ਸੂੰਢ ਵੱਲੋਂ ਐੱਨ ਆਰ ਆਈ ਤੇ ਵਰਲਡ ਕੈਂਸਰ ਕੇਅਰ (ਕੈਂਸਰ ਕੇਅਰ ਚੈਰੀਟੇਬਲ ਸੁਸਾਇਟੀ) ਦੇ ਸਹਿਯੋਗ ਨਾਲ ਅੱਖਾਂ ਦੀ ਬਿਮਾਰੀਆਂ ਦਾ ਫਰੀ ਚੈੱਕਅੱਪ ਅਤੇ ਅਪ੍ਰੇਸ਼ਨ ਕੈਂਪ ਡਾ.ਅੰਬੇਡਕਰ ਬੁਧਿੱਸਟ ਰਿਸੋਰਸ ਸੈਂਟਰ ਸੂੰਢ ਵਿਖੇ ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਦੀ ਰਹਿਨੁਮਾਈ ਹੇਠ ਲੇਟ ਕਰਤਾਰ ਚੰਦ ਕਲੇਰ ਅਤੇ ਲੇਟ ਹਰਬਲਾਸ ਬੰਗੜ੍ਹ ਦੀ ਯਾਦ ਵਿੱਚ ਲਗਾਇਆ ਗਿਆ। ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਸੁਰਿੰਦਰ ਝੱਲੀ ਤੇ ਜਰਮਨ ਸਿੰਘ ਯੂ.ਕੇ.ਸ਼ਾਮਲ ਹੋਏ, ਵਿਸ਼ੇਸ਼ ਮਹਿਮਾਨ ਵਜੋਂ ਧਰਮਪਾਲ ਬੰਗੜ੍ਹ, ਨਰੇਸ਼ ਬੰਗਾ, ਜੁਗਿੰਦਰ ਕੌਰ ਬੰਗੜ੍ਹ, ਮਹਿੰਦਰ ਕੌਰ ਬੰਗਾ, ਰਾਮਦਾਸ ਚਾਹਲ, ਜਸਵਿੰਦਰ ਤਲਵਣ ਯੂ.ਕੇ., ਚਰਨਜੀਤ, ਦੀਸ਼ਾ ਦਾਦਰਾ, ਸੁਮਿੱਤਰੀ ਦਾਦਰਾ, ਤਰਸੇਮ ਕੌਲ, ਤੇਜਿੰਦਰ ਝੱਲੀ, ਹਰਵਿੰਦਰ ਕੌਲ, ਪ੍ਰਭਦਿਆਲ ਰਾਮਪੁਰਾ ਸ਼ਾਮਲ ਹੋਏ। ਕੈਂਪ ਦੀ ਸ਼ੁਰੂਆਤ ਭੰਤੇ ਵਿਨੇ ਥੇਰੋ ਨੇ ਪੰਚਸ਼ੀਲ ਤੇ ਤ੍ਰੀਸ਼ਣ ਦੇ ਉਚਾਰਣ ਨਾਲ ਕੀਤੀ। ਉਦਘਾਟਨ ਸੁਰਿੰਦਰ ਝੱਲੀ ਤੇ ਜਰਮਨ ਸਿੰਘ ਯੂ ਕੇ ਨੇ ਆਪਣੇ ਕਰ ਕਮਲਾ ਨਾਲ ਰੀਬਨ ਕੱਟ ਕੇ ਕੀਤਾ। ਮਾਹਿਰ ਡਾਕਟਰਾਂ ਦੀ ਟੀਮ ਵਲੋਂ 500 ਤੋਂ ਵੱਧ ਮਰੀਜ਼ਾਂ ਦਾ ਫਰੀ ਚੈੱਕਅੱਪ ਕੀਤਾ ਗਿਆ ਅਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਅਤੇ 200 ਲੋੜਵੰਦ ਮਰੀਜ਼ਾਂ ਨਜ਼ਰ ਵਾਲੀਆ ਐਨਕਾਂ ਫਰੀ ਦਿੱਤੀਆ ਗਈਆ। ਅੱਖਾਂ ਦੇ ਅਪ੍ਰੇਸ਼ਨ ਲਈ 20 ਚੁਣੇ ਗਏ ਮਰੀਜ਼ਾਂ ਦੇ ਅਪ੍ਰੇਸ਼ਨ ਡਾ. ਰਾਜਨ ਆਈ ਕੇਅਰ ਹਸਪਤਾਲ ਫਗਵਾੜਾ ਵਿਖੇ ਕੀਤੇ ਜਾਣਗੇ। ਇਸ ਮੌਕੇ ਸੇਵਾ ਸੁਸਾਇਟੀ ਬੰਗਾ (ਪੰਜਾਬ) ਵਲੋਂ ਲਗਾਏ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਦੌਰਾਨ ਮਰੀਜ਼ਾਂ ਦਾ ਮੁਫ਼ਤ ਚੈੱਕਅੱਪ ਕਰਕੇ ਲੋੜਵੰਦਾਂ ਨੂੰ ਫਰੀ ਦਵਾਈਆਂ ਦੇਣ ਦੇ ਨਾਲ ਨਾਲ ਲੋੜਵੰਦ ਮਰੀਜ਼ਾਂ ਦਾ ਬੀ ਪੀ, ਸ਼ੂਗਰ, ਈ ਸੀ ਜੀ ਟੈਸਟ ਮੁਫ਼ਤ ਕੀਤੇ ਗਏ। ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੁਰਿੰਦਰ ਝੱਲੀ ਅਤੇ ਜਰਮਨ ਸਿੰਘ ਯੂ ਕੇ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਕੀਤੇ ਜਾਣ ਵਾਲੇ ਨੇਕ ਕਾਰਜਾਂ ਵਿੱਚ ਸਾਨੂੰ ਵੱਧ ਚੜ੍ਹ ਕੇ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਲੋੜਵੰਦਾਂ ਦੀ ਵੱਧ ਤੋਂ ਵੱਧ ਮੱਦਦ ਕੀਤੀ ਜਾ ਸਕੇ। ਪ੍ਰਿੰਸੀਪਲ ਮਨਜੀਤ ਸਿੰਘ ਲੌਂਗੀਆ, ਵਾਈਸ ਪ੍ਰਿੰਸੀਪਲ ਅੰਜਲੀ, ਹਰਬਲਾਸ ਬਸਰਾ, ਇੰਦਰਜੀਤ ਅਟਾਰੀ, ਅਮਰ ਚੰਦ ਅਟਾਰੀ, ਮਹੇਸ਼ ਕੁਮਾਰ ਅਟਾਰੀ, ਹਰਮਨ ਸੰਧਵਾਂ, ਮਨਜੋਤ ਲੌਂਗੀਆ, ਬਲਦੀਸ਼ ਕੌਰ ਪੂੰਨੀਆ ਸੇਵਾ ਸੁਸਾਇਟੀ ਬੰਗਾ ਅਤੇ ਸਮੁੱਚੀ ਟੀਮ, ਸੋਢੀ ਰਾਮ ਝੱਲੀ, ਹਰਜਿੰਦਰ ਜੰਡਿਆਲੀ, ਬੀ.ਕੇ.ਰੱਤੂ, ਸੁਨੀਤਾ ਬੌਧ,ਦੇਸ ਰਾਜ ਬਸਰਾ, ਚਰਨਜੀਤ ਸਿੰਘ ਨੰਬਰਦਾਰ,ਸੁਲਿੰਦਰ ਹੀਰਾ ਆਦਿ ਮੌਜੂਦ ਸਨ।

# ਹੋਲੇ ਮਹੱਲੇ ਤੋਂ ਪਹਿਲਾਂ ਚਰਨ ਗੰਗਾ ਸਟੇਡੀਅਮ 'ਚ ਸਫਾਈ ਮੁਹਿੰਮ ਸ਼ੁਰੂ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਹੋਲੇ ਮਹੱਲੇ ਨੂੰ ਧਿਆਨ ਵਿੱਚ ਰੱਖਦੇ ਹੋਏ ਚਰਨ ਗੰਗਾ ਸਟੇਡੀਅਮ, ਸ੍ਰੀ ਅਨੰਦਪੁਰ ਸਾਹਿਬ ਵਿੱਚ ਵਣ ਵਿਭਾਗ ਵੱਲੋਂ ਵਿਸ਼ੇਸ਼ ਸਫਾਈ ਮੁਹਿੰਮ ਚਲਾਈ ਜਾ ਰਹੀ ਹੈ। ਹੋਲੇ ਮਹੱਲੇ ਦੌਰਾਨ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਦੀ ਆਮਦ ਦੇ ਮੱਦੇਨਜ਼ਰ ਪ੍ਰਸ਼ਾਸਨ ਨੇ ਪਹਿਲਾਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸਟੇਡੀਅਮ ਤੇ ਇਸ ਦੇ ਆਲੇ-ਦੁਆਲੇ ਪੈਂਦੇ ਖੇਤਰਾਂ ਵਿੱਚ ਇਕੱਠੇ ਹੋਏ ਕੂੜੇ-ਕਰਕਟ ਨੂੰ ਹਟਾਇਆ ਜਾ ਰਿਹਾ ਹੈ ਅਤੇ ਸਫਾਈ ਕਰਮਚਾਰੀ ਲਗਾਤਾਰ ਕੰਮ ਕਰ ਰਹੇ ਹਨ।ਵਣ ਵਿਭਾਗ ਦੀਆਂ ਟੀਮਾਂ ਵੱਲੋਂ ਘਾਹ-ਬੂਟਿਆਂ ਦੀ ਕੱਟ-ਛਾਂਟ, ਸੁੱਕੇ ਪੱਤਿਆਂ ਅਤੇ ਝਾੜੀਆਂ ਦੀ ਸਫਾਈ, ਨਾਲ ਹੀ ਖੁੱਲ੍ਹੇ ਮੈਦਾਨ ਨੂੰ ਸੁਚੱਜਾ ਬਣਾਉਣ ਲਈ ਮਿੱਟੀ ਸਮਤਲ ਕਰਨ ਵਰਗਾ ਕੰਮ ਕੀਤਾ ਜਾ ਰਿਹਾ ਹੈ। ਇਸ ਨਾਲ ਸਿਰਫ਼ ਸਫਾਈ ਹੀ ਨਹੀਂ, ਸਗੋਂ ਇਲਾਕੇ ਦੀ ਸੁੰਦਰਤਾ ਵਿੱਚ ਵੀ ਵਾਧਾ ਹੋ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਟੇਡੀਅਮ ਦੇ ਆਲੇ-ਦੁਆਲੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਖਤਰਨਾਕ ਟਾਹਣੀਆਂ ਨੂੰ ਵੀ ਕੱਟਿਆ ਜਾ ਰਿਹਾ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਣਹੋਣੀ ਤੋਂ ਬਚਿਆ ਜਾ ਸਕੇ। ਪ੍ਰਸ਼ਾਸਨ ਵੱਲੋਂ ਕਿਹਾ ਗਿਆ ਹੈ ਕਿ ਹੋਲੇ ਮਹੱਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਸ਼ਹਿਰ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਪਹੁੰਚਦੀ ਹੈ ਤੇ ਚਰਨ ਗੰਗਾ ਸਟੇਡੀਅਮ ਸਮੇਤ ਕਈ ਖੁੱਲ੍ਹੇ ਮੈਦਾਨ ਅਸਥਾਈ ਠਹਿਰਾਉ ਤੇ ਪ੍ਰੋਗਰਾਮਾਂ ਲਈ ਵਰਤੇ ਜਾਂਦੇ ਹਨ। ਇਸ ਲਈ ਸਮੇਂ ਸਿਰ ਸਫਾਈ ਅਤੇ ਤਿਆਰੀਆਂ ਬਹੁਤ ਜ਼ਰੂਰੀ ਹਨ।

# ਐੱਲ ਪੀ ਯੂ ਵਿਖੇ ਦੂਜੀ ਪ੍ਰੋ ਮੈਰਾਥਨ 22 ਨੂੰ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**-ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਕੁਮਾਰ ਪੰਚਾਲ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ), ਫਗਵਾੜਾ ਵਿਖੇ 22 ਫਰਵਰੀ ਨੂੰ ਹੋਣ ਵਾਲੀ ਦੂਜੀ ਪ੍ਰੋ ਮੈਰਾਥਨ ਦਾ ਅਧਿਕਾਰਕ ਪੋਸਟਰ ਜਾਰੀ ਕੀਤਾ। ਇਹ ਪ੍ਰੋਗਰਾਮ 22 ਮਾਰਚ ਨੂੰ ਮਾਹਿਲਪੁਰ ਵਿੱਚ ਹੋਣ ਵਾਲੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੈਸ਼ਨਲ ਮੈਰਾਥਨ ਲਈ ਇਕ ਪ੍ਰੇਰਣਾਦਾਇਕ ਸ਼ੁਰੂਆਤ ਸਾਬਤ ਹੋਵੇਗਾ।5 ਕਿਲੋਮੀਟਰ ਦੀ ਪ੍ਰੋ ਮੈਰਾਥਨ ਸਵੇਰੇ 6:00 ਵਜੇ ਐਲ.ਪੀ.ਯੂ ਕੈਂਪਸ ਤੋਂ ਸ਼ੁਰੂ ਹੋਵੇਗੀ। ਇਹ ਦੋਵੇਂ ਪ੍ਰੋਗਰਾਮ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਮਹਾਨ ਸ਼ਹਾਦਤ ਨੂੰ ਨਮਨ ਕਰਨ ਤੇ ਪੰਜਾਬ ਨੂੰ ਨਸ਼ਾ-ਮੁਕਤ ਬਣਾਉਣ ਲਈ ਇਕ ਮਜ਼ਬੂਤ ਸਮੂਹਕ ਯਤਨ ਵਜੋਂ ਆਯੋਜਿਤ ਕੀਤੇ ਜਾ ਰਹੇ ਹਨ।ਇਸ ਮੌਕੇ 'ਤੇ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੈਸ਼ਨਲ ਮੈਰਾਥਨ ਸਿਰਫ਼ ਇਕ ਖੇਡ ਪ੍ਰੋਗਰਾਮ ਨਹੀਂ, ਬਲਕਿ ਦੇਸ਼ਭਗਤੀ, ਤੰਦਰੁਸਤੀ ਅਤੇ ਨਸ਼ਿਆਂ ਵਿਰੁੱਧ ਡਟ ਕੇ ਲੜਨ ਦਾ ਇਕ ਸ਼ਕਤੀਸ਼ਾਲੀ ਅੰਦੋਲਨ ਹੈ। ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਵਿਦਿਆਰਥੀਆਂ, ਨੌਜਵਾਨਾਂ, ਪਰਿਵਾਰਾਂ, ਕਰਮਚਾਰੀਆਂ ਤੇ ਸੀਨੀਅਰ ਸਿਟੀਜ਼ਨਾਂ ਸਮੇਤ ਹਰ ਉਮਰ ਵਰਗ ਦੇ ਨਾਗਰਿਕਾਂ ਨੂੰ ਵੱਡੀ ਗਿਣਤੀ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਸਾਰਿਆਂ ਨੂੰ 22 ਫਰਵਰੀ ਨੂੰ ਐੱਲ ਪੀ ਯੂ ਵਿਖੇ ਦੂਜੀ ਪ੍ਰਮੋਸ਼ਨਲ ਮੈਰਾਥਨ ਤੇ 22 ਮਾਰਚ ਨੂੰ ਮਾਹਿਲਪੁਰ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੈਸ਼ਨਲ ਮੈਰਾਥਨ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਦਿਆਂ ਕਿਹਾ ਕਿ ਇਸ ਨਾਲ ਨਸ਼ਾ-ਮੁਕਤ ਪੰਜਾਬ ਲਈ ਚੱਲ ਰਹੀ ਜਨ ਅੰਦੋਲਨ ਨੂੰ ਹੋਰ ਮਜ਼ਬੂਤੀ ਮਿਲੇਗੀ।

# ਗੁਰਦਾਸ ਮਾਨ ਦੀ ਸਟਾਰ ਨਾਈਟ ਨੇ ਨੇਚਰ ਫੈਸਟ 2026 ਨੂੰ ਬਣਾਇਆ ਯਾਦਗਾਰ

**ਹੁਸ਼ਿਆਰਪੁਰ (ਓ ਪੀ ਰਾਣਾ, ਬੀ ਐੱਸ ਸੈਣੀ)**

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਯੋਜਿਤ ਨੇਚਰ ਫੈਸਟ-2026 ਤੇ ਪੰਜਾਬ ਸਖੀ ਸ਼ਕਤੀ ਮੇਲੇ ਦੇ ਆਖਰੀ ਦਿਨ ਉਤਸ਼ਾਹ, ਸੱਭਿਆਚਾਰ ਤੇ ਸੰਗੀਤ ਦਾ ਇੱਕ ਅਨੋਖਾ ਸੰਗਮ ਦੇਖਣ ਨੂੰ ਮਿਲਿਆ। ਪ੍ਰੋਗਰਾਮ ਦੀ ਸ਼ੁਰੂਆਤ ਸਾਈਕਲੋਥੋਨ ਨਾਲ ਹੋਈ, ਜਦਕਿ ਸਮਾਪਤੀ ਸ਼ਾਨਦਾਰ ਸਿੰਗਰ ਨਾਈਟ ਨਾਲ ਹੋਈ। ਰੰਗਾਰੰਗ ਪੇਸ਼ਕਾਰੀਆਂ ਅਤੇ ਸੱਭਿਆਚਾਰਕ ਜੋਸ਼ ਨਾਲ ਸਜੀ ਇਹ ਸਟਾਰ ਨਾਈਟ ਦਰਸ਼ਕਾਂ ਲਈ ਅਭੁੱਲ ਬਣ ਗਈ।ਸਟਾਰ ਨਾਈਟ ਦਾ ਮੁੱਖ ਆਕਰਸ਼ਣ ਪ੍ਰਸਿੱਧ ਪੰਜਾਬੀ ਗਾਇਕ ਗੁਰਦਾਸ ਮਾਨ ਰਹੇ, ਜਿਨ੍ਹਾਂ ਨੇ ਆਪਣੀ ਸੁਰੀਲੀ ਆਵਾਜ਼ ਅਤੇ ਜੀਵੰਤ ਪ੍ਰਦਰਸ਼ਨ ਨਾਲ ਹਜ਼ਾਰਾਂ ਦਰਸ਼ਕਾਂ ਨੂੰ ਕੀਲ ਦਿੱਤਾ। ਜਿਵੇਂ ਹੀ ਉਨ੍ਹਾਂ ਆਪਣੇ ਮਸ਼ਹੂਰ ਗੀਤ 'ਛੱਲਾ' ਤੇ 'ਦਿਲ ਦਾ ਮਾਮਲਾ ਹੈ' ਦੇ ਨਾਲ-ਨਾਲ ਹੋਰ ਸਦਾਬਹਾਰ ਸੁਰਾਂ ਦੀ ਪੇਸ਼ਕਾਰੀ ਕੀਤੀ, ਪੂਰਾ ਪੰਡਾਲ ਤਾੜੀਆਂ ਦੀ ਗੂੰਜ ਅਤੇ ਨੱਚਦੇ ਦਰਸ਼ਕਾਂ ਨਾਲ ਗੂੰਜ ਉੱਠਿਆ। ਉਨ੍ਹਾਂ ਦੀ ਭਾਵਪੂਰਨ ਗਾਇਕੀ ਨੇ ਦਰਸ਼ਕਾਂ ਨੂੰ ਦੇਰ ਰਾਤ ਤੱਕ ਸਮਾਗਮ ਵਾਲੀ ਥਾਂ ਨਾਲ ਜੋੜੀ ਰੱਖਿਆ।ਇਸ ਮੌਕੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ, ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਕਰਮਬੀਰ ਸਿੰਘ ਘੁੰਮਣ, ਵਿਧਾਇਕ ਇਸ਼ਾਂਕ ਕੁਮਾਰ, ਸੈਰ-ਸਪਾਟਾ ਅਤੇ ਸੱਭਿਆਚਾਰ ਵਿਭਾਗ ਦੇ ਡਾਇਰੈਕਟਰ ਸੰਜੀਵ ਤਿਵਾੜੀ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਐੱਸ ਐੱਸ ਪੀ ਸੰਦੀਪ ਕੁਮਾਰ ਮਲਿਕ, ਮੁਕੇਰੀਆਂ ਹਲਕਾ ਇੰਚਾਰਜ ਪ੍ਰੋਫੈਸਰ ਜੀਐਸ ਮੁਲਤਾਨੀ, ਬੈਕਫਿੰਕੋ ਦੇ ਚੇਅਰਮੈਨ ਸੰਦੀਪ ਸੈਣੀ, ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ, ਮਾਰਕੀਟ ਕਮੇਟੀ ਹੁਸ਼ਿਆਰਪੁਰ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਬਿੰਦਰ ਸਿੰਘ ਪਾਬਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਮਹਿਮਾਨਾਂ ਨੇ ਕਿਹਾ ਕਿ ਅਜਿਹੇ ਸੱਭਿਆਚਾਰਕ ਸਮਾਗਮ ਨਾ ਸਿਰਫ਼ ਪੰਜਾਬ ਦੇ ਅਮੀਰ ਵਿਰਸੇ ਨੂੰ ਜ਼ਿੰਦਾ ਰੱਖਦੇ ਹਨ ਸਗੋਂ ਸਮਾਜਿਕ ਏਕਤਾ ਅਤੇ ਸੱਭਿਆਚਾਰਕ ਬੰਧਨ ਨੂੰ ਵੀ ਮਜ਼ਬੂਤ ਕਰਦੇ ਹਨ।ਇਸ ਮੌਕੇ ਸਹਿਕਾਰੀ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ, ਕਮਿਸ਼ਨਰ ਨਗਰ ਨਿਗਮ ਜਯੋਤੀ ਬਾਲਾ ਮੱਟੂ, ਐੱਸ ਡੀ ਐੱਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ, ਐਸਡੀਐਮ ਮੁਕੇਰੀਆਂ ਓਇਸ਼ੀ ਮੰਡਲ, ਆਰ ਟੀ ਓ ਅਮਨਦੀਪ ਕੌਰ ਘੁੰਮਣ, ਐੱਸ ਡੀ ਐੱਮ ਗੜ੍ਹਸ਼ੰਕਰ ਪਰਮਪ੍ਰੀਤ ਸਿੰਘ, ਸਹਾਇਕ ਕਮਿਸ਼ਨਰ ਗੁਰਪ੍ਰੀਤ ਕੌਰ ਅਤੇ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।




# ਲਾਇਲਪੁਰ ਖਾਲਸਾ ਕਾਲਜ ਨੇ 'ਆਈ ਟੀ-ਸਪਾਰਕ' ਪ੍ਰਤੀਯੋਗਤਾ ਕਰਵਾਈ

**ਜਲੰਧਰ (ਸ਼ੈਲੀ ਐਲਬਰਟ)**



ਵਿਦਿਆਰਥੀਆਂ ਵਿੱਚ ਸਿਰਜਣਾਤਮਕਤਾ, ਨਵੀਨਤਾ ਅਤੇ ਮੁਕਾਬਲੇ ਨੂੰ ਉਤਸ਼ਾਹਿਤ ਕਰਨ ਲਈ ਲਾਇਲਪੁਰ ਖਾਲਸਾ ਕਾਲਜ ਦੇ ਪੀ.ਜੀ. ਕੰਪਿਊਟਰ ਸਾਇੰਸ ਅਤੇ ਆਈ.ਟੀ. ਵਿਭਾਗ ਨੇ ਸਾਲਾਨਾ ਅੰਤਰ-ਵਿਭਾਗੀ ਆਈ.ਟੀ. ਪ੍ਰਤੀਯੋਗਿਤਾ 'ਆਈ ਟੀ-ਸਪਾਰਕ' ਦਾ ਆਜੋਯਨ ਕੀਤਾ। ਇਸ ਦੋ-ਰੋਜ਼ਾ ਸਮਾਗਮ ਨੇ ਵਿਦਿਆਰਥੀਆਂ ਵਿੱਚ ਗਿਆਨ ਤੇ ਰਚਨਾਤਮਕਤਾ ਦੀ ਲੋਅ ਜਗਾਈ। ਉਦਘਾਟਨੀ ਸਮਾਰੋਹ ਦੇ ਮੁੱਖ ਮਹਿਮਾਨ ਵਜੋਂ ਕਾਲਜ ਦੇ ਪ੍ਰਿੰਸੀਪਲ ਡਾ.ਰਸ਼ਪਾਲ ਸਿੰਘ ਸੰਧੂ ਨੇ ਸ਼ਿਰਕਤ ਕੀਤੀ। ਸਦਭਾਵਨਾ ਤੇ ਨਵੀਂ ਸ਼ੁਰੂਆਤ ਦੇ ਪ੍ਰਤੀਕ ਵਜੋਂ ਡਾ. ਰਸ਼ਪਾਲ ਸਿੰਘ ਸੰਧੂ, ਵਿਭਾਗ ਦੇ ਮੁਖੀ ਪ੍ਰੋ. ਸੰਜੀਵ ਕੁਮਾਰ ਆਨੰਦ ਤੇ ਵਿਭਾਗ ਦੇ ਹੋਰ ਸੀਨੀਅਰ ਫੈਕਲਟੀ ਮੈਂਬਰਾਂ ਨੇ ਸ਼ਮ੍ਹਾਂ ਰੌਸ਼ਨ ਕਰਨ ਦੀ ਰਸਮ ਅਦਾ ਕੀਤੀ। ਆਪਣੇ ਉਦਘਾਟਨੀ ਭਾਸ਼ਣ ਵਿੱਚ ਪ੍ਰਿੰਸੀਪਲ ਨੇ ਭਾਗੀਦਾਰਾਂ ਦੀ ਸਫ਼ਲਤਾ ਦੀ ਕਾਮਨਾ ਕੀਤੀ ਅਤੇ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਦੀ ਸਮੁੱਚੀ ਸ਼ਖਸੀਅਤ ਨੂੰ ਨਿਖਾਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਇਸ ਸ਼ਾਨਦਾਰ ਮੁਕਾਬਲੇ ਦੇ ਆਯੋਜਨ ਲਈ ਵਿਭਾਗ ਦੀ ਸ਼ਲਾਘਾ ਕੀਤੀ। ਵਿਭਾਗ ਦੇ ਮੁਖੀ, ਪ੍ਰੋ. ਸੰਜੀਵ ਕੁਮਾਰ ਆਨੰਦ ਨੇ ਮੁੱਖ ਮਹਿਮਾਨ ਪ੍ਰਿੰਸੀਪਲ ਡਾ. ਰਸ਼ਪਾਲ ਸਿੰਘ ਸੰਧੂ, ਸਾਰੇ ਫੈਕਲਟੀ ਮੈਂਬਰਾਂ ਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਵਿੱਚ ਆਈ ਟੀ ਸਪਾਰਕ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤੇ ਦੱਸਿਆ ਕਿ ਇਹ ਕਿਵੇਂ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਭਾਵਨਾ ਲਿਆਉਂਦਾ ਹੈ। ਇਸ ਪ੍ਰੋਗਰਾਮ ਦੌਰਾਨ, ਵਿਦਿਆਰਥੀ 17 ਵੱਖ-ਵੱਖ ਮੁਕਾਬਲੇ ਜਿਵੇਂ ਕਿ ਥਿੰਕ ਇਨ ਸਲਾਈਡਜ਼, ਬ੍ਰੇਨ ਵਾਰਜ਼, ਟੂਨਜ਼ ਮੇਨੀਆ, ਫੋਟੋ 2 ਫ੍ਰੇਜ਼, ਟੈਕ ਟ੍ਰੀਵੀਆ, ਮਾਈਂਡ ਮੈਟ੍ਰਿਕਸ, ਸਕੈਚ ਓ ਵਿਜ਼ਨ, ਬ੍ਰੇਨ ਬਿਟਸ, ਸ਼ਟਰ ਸਪਾਰਕ, ਕੀ ਰਸ਼, ਰੀਮੇਕ ਆਈਟੀ, ਡਿਜੀ ਡਰਾਮਾ, ਨੈਨੋ ਸ਼ਾਟ, ਟੈਕ ਹੰਟ, ਟੈਕ ਸਟਾਰਟਅੱਪ ਪਿੱਚ, ਬੱਗ ਪਲੱਗ ਅਤੇ ਸਿੰਕ ਐਂਡ ਸਪਿਨ ਵਿੱਚ ਹਿੱਸਾ ਲੈਣਗੇ। ਵੱਖ-ਵੱਖ ਮੁਕਾਬਲਿਆਂ ਲਈ ਕੁੱਲ 206 ਟੀਮਾਂ ਰਜਿਸਟਰ ਕੀਤੀਆਂ ਗਈਆਂ ਸਨ ਅਤੇ ਇਸ ਪ੍ਰੋਗਰਾਮ ਵਿੱਚ ਕੁੱਲ 381 ਭਾਗੀਦਾਰਾਂ ਨੇ ਹਿੱਸਾ ਲਿਆ। ਇਸ ਪ੍ਰੋਗਰਾਮ ਦੇ ਕੋਆਰਡੀਨੇਟਰ ਪ੍ਰੋ. ਮਨਦੀਪ ਸਿੰਘ ਭਾਟੀਆ ਹਨ। ਇਸ ਮੌਕੇ ਪ੍ਰੋ. ਸੰਦੀਪ ਬੱਸੀ, ਪ੍ਰੋ. ਮਨਦੀਪ ਸਿੰਘ ਭਾਟੀਆ, ਡਾ. ਸੰਦੀਪ ਸਿੰਘ, ਡਾ. ਮਨਪ੍ਰੀਤ ਸਿੰਘ ਲਹਿਲ, ਪ੍ਰੋ. ਰਤਨਾਕਰ ਮਾਨ, ਪ੍ਰੋ. ਦਲਜੀਤ ਕੌਰ, ਪ੍ਰੋ. ਨਵਨੀਤ ਕੌਰ, ਅਤੇ ਵਿਭਾਗ ਦੇ ਹੋਰ ਸਟਾਫ਼ ਮੈਂਬਰਾਂ ਵੀ ਹਾਜ਼ਰ ਸਨ। ਮੰਚ ਦਾ ਸੰਚਾਲਨ ਡਾ. ਦਲਜੀਤ ਕੌਰ ਵਲੋਂ ਬਾਖੂਬੀ ਨਿਭਾਇਆ ਗਿਆ।

# ਜਮਨਾ ਦਾਸ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕੀਤੀ



**ਫਗਵਾੜਾ (ਡਾ. ਰਮਨ)**

ਦਰਵੇਸ਼ ਪਿੰਡ ਦੇ ਚਰਨਜੀਤ ਕੁਮਾਰ ਬਿੱਲਾ ਮੂਲ ਨਿਵਾਸੀ ਦੇ ਪਿਤਾ ਸੇਵਾ ਮੁਕਤ ਇੰਸਪੈਕਟਰ ਕੋਆਪ੍ਰੇਟਿਵ ਸੁਸਾਇਟੀ ਜਮਨਾ ਦਾਸ ਨੇ ਆਪਣੇ ਜਿਉਂਦੇ ਜੀਅ ਇਹ ਫੈਸਲਾ ਲਿਆ ਸੀ ਕਿ ਮੌਤ ਤੋਂ ਬਾਅਦ ਉਹਨਾਂ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਲਜ ਨੂੰ ਦਿੱਤੀ ਜਾਵੇ। ਪੂਰੇ ਪਰਿਵਾਰ, ਰਿਸ਼ਤੇਦਾਰਾਂ ਸਕੇ ਸਬੰਧੀਆਂ ਤੇ ਤਰਕਸ਼ੀਲ ਸੁਸਾਇਟੀ ਦੇ ਸਾਥੀਆਂ ਨੂੰ ਬੜੀ ਹੀ ਸਤਿਕਾਰ ਸਹਿਤ ਸਮਾਜਿਕ ਪਰਿਵਰਤਨ ਦੀ ਜਿੰਮੇਵਾਰੀ ਨਿਭਾਉਂਦਿਆਂ ਹੋਇਆ ਜਮਨਾ ਦਾਸ ਦੀ ਮ੍ਰਿਤਕ ਦੇਹ ਜਲੰਧਰ ਦੇ ਪਿੰਮਸ ਹਸਪਤਾਲ ਪਹੁੰਚ ਕੇ ਮੈਡੀਕਲ ਕਾਲਜ ਨੂੰ ਪ੍ਰਦਾਨ ਕੀਤੀ। ਉਹਨਾਂ ਦੇ ਪੁੱਤਰ ਚਰਨਜੀਤ ਬਿੱਲਾ ਨੇ ਦੱਸਿਆ ਕਿ ਸਾਡੇ ਸਾਰੇ ਪਰਿਵਾਰ ਨੇ ਮਾਤਾ ਬਚਨੀ ਦੇਵੀ ਹੁਣਾਂ ਦੀ ਇਛਾ ਦਾ ਸਤਿਕਾਰ ਤੇ ਵਿਗਿਆਨ ਸੋਚ ਨੂੰ ਪ੍ਰਫੁੱਲਤ ਕਰਨ ਲਈ ਪਿਤਾ ਜੀ ਦੀ ਮ੍ਰਿਤਕ ਦੇਹ ਮੈਡੀਕਲ ਕਾਲਜ ਨੂੰ ਪ੍ਰਦਾਨ ਕੀਤੀ ਹੈ। ਉਹਨਾਂ ਦੱਸਿਆ ਕਿ ਕੁੱਝ ਦਿਨ ਪਹਿਲਾਂ ਸਾਡੇ ਸਤਿਕਾਰ ਯੋਗ ਮਾਤਾ ਬਚਨੀ ਦੇਵੀ ਦੀ ਮੌਤ ਹੋਣ ਉਪਰੰਤ ਉਹਨਾਂ ਦੀ ਵੀ ਮ੍ਰਿਤਕ ਦੇਹ ਪਿਮਸ ਮੈਡੀਕਲ ਕਾਲਜ ਜਲੰਧਰ ਨੂੰ ਪ੍ਰਦਾਨ ਕੀਤੀ ਜਾ ਚੁੱਕੀ ਹੈ। ਇਸ ਮੌਕੇ ਜਸਵਿੰਦਰ ਫਗਵਾੜਾ, ਮਾਸਟਰ ਸੁਖਦੇਵ ਤਰਕਸ਼ੀਲ ਆਗੂ, ਅਜੇ ਕੁਮਾਰ ਬਾਮਸੇਫ ਤੇ ਅਸ਼ੋਕ ਕੁਮਾਰ ਨੇ ਬੋਲਦਿਆਂ ਕਿਹਾ ਕਿ ਸੰਸਕਾਰ ਦੀ ਆਮ ਰਵਾਇਤ ਤੋਂ ਪਾਸੇ ਹਟ ਕੇ ਮ੍ਰਿਤਕ ਦੇਹਾਂ ਮੈਡੀਕਲ ਖੋਜ ਕਾਰਜਾਂ ਤੇ ਵਿਗਿਆਨਕ ਨੂੰ ਪ੍ਰਫੁੱਲਤ ਕਰਨ ਲਈ ਦੇਣਾ ਵੱਡੀ ਸੋਚ ਦੀ ਨਿਸ਼ਾਨੀ ਹੈ। ਇਸ ਮੌਕੇ ਰਿਸ਼ਤੇਦਾਰ, ਸੱਜਣ ਮਿੱਤਰ ਤੇ ਤਰਕਸ਼ੀਲ ਸੁਸਾਇਟੀ ਅੰਬੇਡਕਰ ਸਭਾਵਾਂ ਦੇ ਸਾਥੀ ਹਾਜ਼ਰ ਸਨ।

# ਮੁਫਤ ਹੁਨਰ ਸਿਖਲਾਈ ਰਜਿਸਟਰੇਸ਼ਨ ਕੈਂਪ ਲਗਾਇਆ



**ਪੋਜੇਵਾਲ (ਰਾਮ ਲਾਲ)**

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਅਧੀਨ ਪੈਂਦੇ ਪਿੰਡ ਸੜੋਆ ਵਿਖੇ ਮੁਫਤ ਹੁਨਰ ਸਿਖਲਾਈ ਰਜਿਸਟਰੇਸ਼ਨ ਕੈਂਪ ਲਗਾਇਆ ਗਿਆ। ਇਹ ਕੈਂਪ ਆਰੀਅਨਜ਼ ਐਜੂਕੇਸ਼ਨਲ ਟਰੱਸਟ ਡੀ ਡੀ ਯੂ-ਜੀ ਕੇ ਵਾਈ ਸੈਂਟਰ ਦੁਆਬਾ ਗਰੁੱਪ ਆਫ ਕਾਲਜ ਸ਼ੋਕਰਾ ਰਾਹਾਂ ਵੱਲੋਂ ਲਗਾਇਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਇਸ ਕੈਂਪ ਦੇ ਅਧਿਕਾਰੀ ਨੇ ਦੱਸਿਆ ਕਿ ਇਹ ਕੈਂਪ ਸਰਕਾਰ ਵੱਲੋਂ ਮੁਫਤ ਲਗਾਇਆ ਜਾਂਦਾ ਹੈ। ਪੰਜਾਬ ਸਰਕਾਰ ਤੇ ਪੇਂਡੂ ਵਿਕਾਸ ਮੰਤਰਾਲਿਆ ਵੱਲੋਂ ਡੀ ਡੀ ਯੂ-ਜੀ ਕੇ ਵਾਈ ਅਧੀਨ ਪਿੰਡਾਂ ਦੇ ਗਰੀਬ ਪਰਿਵਾਰਾਂ ਦੇ ਬੇਰੁਜ਼ਗਾਰ ਲੜਕੇ ਤੇ ਲੜਕੀਆਂ ਲਈ ਮੁਫਤ ਸਿਖਲਾਈ ਯੋਜਨਾ ਤਹਿਤ ਦੁਆਬਾ ਗਰੁੱਪ ਆਫ ਕਾਲਜਿਜ, ਛੋਕਰਾਂ ( ਰਾਹੋ)ਵਿਖੇ ਮਲਟੀ ਸਕਿੱਲ ਟੈਕਨੀਸ਼ੀਅਨ ਅਤੇ ਰਿਟੇਲ ਸੇਲਜ ਅਸਿਸਟੈਂਟ ਲਈ ਇੱਕ ਸਿਖਲਾਈ ਕੇਂਦਰ ਚਲਾਇਆ ਜਾ ਰਿਹਾ ਹੈ ਇਹ ਕੋਰਸ ਤਿੰਨ ਮਹੀਨੇ ਤੋਂ ਪੰਜ ਮਹੀਨਿਆ ਲਈ ਰੁਜ਼ਗਾਰ ਪ੍ਰਦਾਨ ਕਰਨ ਵਾਲਾ ਕੋਰਸ ਚਲਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਮੁਫਤ ਸਿਖਲਾਈ, ਕੰਪਿਊਟਰ ਕੋਰਸ, ਅੰਗਰੇਜ਼ੀ ਬੋਲਣਾ, ਸੋਫਟ ਸਕਿਲ ਕੋਰਸ ਸ਼ਾਮਿਲ ਹਨ। ਇਸ ਕੈਂਪ ਵਿੱਚ ਮੁਫਤ ਸਿਖਲਾਈ, ਮੁਫਤ ਵਰਦੀ, ਮੁਫਤ ਰਹਿਣ ਸਹਿਣ ਖਾਣਾ ਪੀਣਾ, ਮੁਫਤ ਕਿਤਾਬਾਂ, 100% ਵਰਦੀ ਦੀ ਸਹੂਲਤ ਦਿੱਤੀ ਜਾਂਦੀ ਹੈ। ਇਸ ਸਮੇਂ ਉਨਾਂ ਨੇ ਦੱਸਿਆ ਕਿ ਕੋਰਸ ਤੋਂ ਬਾਅਦ ਲੜਕੇ ਅਤੇ ਲੜਕੀਆਂ ਨੂੰ ਸਰਟੀਫਿਕੇਟ ਦਿੱਤੇ ਜਾਂਦੇ ਹਨ ਅਤੇ ਪੱਕੀ ਨੌਕਰੀ ਲਗਵਾ ਕੇ ਦਿੱਤੀ ਜਾਂਦੀ ਹੈ। ਇਸ ਮੌਕੇ ਪਿੰਡ ਸੜੋਆ ਦੇ ਅਤੇ ਹੋਰ ਪਿੰਡਾਂ ਦੇ ਬੱਚਿਆਂ ਨੇ ਆਪਣੇ ਫਾਰਮ ਭਰਵਾਏ। ਇਸ ਮੌਕੇ ਪਿੰਡ ਸੜੋਆ ਦੇ ਸਰਪੰਚ ਰਾਜੀਵ ਕੁਮਾਰ ਪੰਨੂ ਨੇ ਆਈ ਹੋਈ ਪੂਰੀ ਟੀਮ ਦਾ ਧੰਨਵਾਦ ਕੀਤਾ।ਪਿੰਡ ਸੜੋਆ ਦੇ ਰਾਜੀਵ ਕੁਮਾਰ ਪੁੰਨੂ ਸਰਪੰਚ,ਸੁਰਿੰਦਰ ਪਾਲ ਪੰਚ,ਅਮਰੀਕ ਚੰਦ ਟੋਰੋਵਾਲ,ਮਨਜੀਤ ਕੌਰ ਪੰਚ,ਸੋਨੀਆ ਦੇਵੀ ਪੰਚ,ਜਤਿੰਦਰ ਕੌਰ ਪੰਚ ,ਹੇਮਾ ਰਾਣੀ ਪੰਚ,ਸੋਹਣ ਲਾਲ ਸਹਿਜਪਾਲ , ਸੇਵਾ ਰਾਣਾ ,ਕਮਲਜੀਤ ਫੌਜੀ , ਵਿਪਨ ਜਗੋਤਾ,ਦੀਪਕ ਕੌਸ਼ਲ, ਜਰਨੈਲ ਜੈਲੀ,ਸੂਬੇਦਾਰ ਵੈਦ ਪਰਕਾਸ਼ (ਸਾਬਕਾ ਪੰਚ),ਚਮਨ ਲਾਲ ਸਾਬਕਾ ਪੰਚ, ਵਿਜੈ ਸਾਹਿਗਲ, ਵਿਜੈ ਪੰਡਿਤ ਆਦਿ ਪਤਵੰਤੇ ਅਤੇ ਪਿੰਡ ਵਾਸੀ ਹਾਜ਼ਰ ਰਹੇ।

# ਪੰਡਤ ਰਾਮ ਕਿਸ਼ਨ ਭੜੋਲੀਆਂ ਦੀ ਬਰਸੀ 22 ਨੂੰ

**ਨੰਗਲ (ਸੁਰਜੀਤ ਸਿੰਘ ਢੇਰ)**

ਮਹਾਨ ਦੇਸ਼ ਭਗਤ ਪੰਡਿਤ ਰਾਮ ਕਿਸ਼ਨ ਭੜੋਲੀਆ ਸਾਬਕਾ ਐੱਮ ਐੱਲ ਏ ਦੀ 51ਵੀਂ ਬਰਸੀ 22 ਫਰਵਰੀ ਦਿਨ ਐਤਵਾਰ ਨੂੰ ਅੱਡਾ ਮਾਰਕੀਟ ਵਿਖੇ ਮਨਾਈ ਜਾ ਰਹੀ ਹੈ। ਇਸ ਦੀ ਤਿਆਰੀ ਲਈ ਜ਼ਿਲ੍ਹਾ ਸਕੱਤਰ ਬਜਿੰਦਰ ਪੰਡਿਤ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਤਹਿਸੀਲ ਸਕੱਤਰ ਸਤਨਾਮ ਸਿੰਘ ਸ਼ੇਰਾ, ਰਕੇਸ਼ ਬਾਲੀ ਕਲਸੇੜਾ,ਜਗੀਰ ਸਿੰਘ ਰੌਲੀ, ਸੁਖਦੇਵ ਸਿੰਘ ਨੰਗਲ,ਹਰਨੇਕ ਸਿੰਘ ਦੀ ਅਗਵਾਈ ਹੇਠ ਵੱਖ-ਵੱਖ ਮਾਰਕੀਟਾਂ ਵਿੱਚੋਂ ਫੰਡ ਦੀ ਉਗਰਾਹੀ ਸ਼ੁਰੂ ਕੀਤੀ ਗਈ ਹੈ। ਜਿਸ ਦਾ ਸ਼ਹਿਰ ਵਾਸੀਆਂ ਵੱਲੋਂ ਭਰਵਾਂ ਸਹਿਯੋਗ ਮਿਲ ਰਿਹਾ ਹੈ। ਦੱਸਣਯੋਗ ਹੈ ਕਿ ਬਰਸੀ ਹਰ ਸਾਲ ਲੋਕਾਂ ਦੇ ਸਹਿਯੋਗ ਨਾਲ ਮਨਾਈ ਜਾਂਦੀ ਹੈ। ਇੱਥੇ ਮੇਨ ਮਾਰਕੀਟ, ਰੇਲਵੇ ਰੋਡ ਅਤੇ ਤਹਿਸੀਲ ਕੰਪਲੈਕਸ ਵਿਖੇ ਉਕਤ ਆਗੂਆਂ ਦੀ ਅਗਵਾਈ ਹੇਠ ਦੁਕਾਨਦਾਰ ਕੋਲੋਂ ਫੰਡ ਦੀ ਉਗਰਾਹੀ ਕੀਤੀ ਗਈ। ਇਸ ਮੌਕੇ ਤੇ ਆਗੂਆਂ ਨੇ ਦੱਸਿਆ ਕਿ ਪੰਡਿਤ ਜੀ ਮਹਾਨ ਦੇਸ਼ ਭਗਤ ਸਨ। ਉਹਨਾਂ ਨੇ ਦੇਸ਼ ਦੀ ਆਜ਼ਾਦੀ ਲਈ ਲੰਬਾ ਸਮਾਂ ਅੰਗਰੇਜ਼ ਦੀ ਕੈਦ ਕੱਟੀ ਤੇ ਆਜ਼ਾਦੀ ਤੋਂ ਬਾਅਦ ਗਰੀਬ ਮੁਜ਼ਾਰਿਆਂ, ਕਿਸਾਨਾਂ ਦੇ ਲਈ ਅਨੇਕਾਂ ਘੋਲ ਲੜੇ। ਪੰਜਾਬ ਸਰਕਾਰ ਖਿਲਾਫ ਚੱਲੇ ਘੋਲਾਂ ਵਿੱਚ ਵੀ ਉਹ ਲੰਬਾ ਸਮਾਂ ਜੇਲ੍ਹਾਂ ਵਿੱਚ ਰਹੇ। ਇੱਥੋਂ ਦੇ ਲੋਕਾਂ ਨੇ ਉਹਨਾਂ ਨੂੰ ਇੱਕ ਵਾਰ ਵਿਧਾਨ ਸਭਾ ਵਿੱਚ ਜਾਣ ਦਾ ਮੌਕਾ ਵੀ ਦਿੱਤਾ। ਉਹ ਹਰਮਨ ਪਿਆਰੇ ਆਗੂ ਵਜੋਂ ਗਿਣੇ ਜਾਂਦੇ ਹਨ। ਉਹਨਾਂ ਨੇ ਆਪਣੀ ਜਾਇਦਾਦ ਵੀ ਪਾਰਟੀ ਦੇ ਨਾਂਅ ਲਗਾ ਦਿੱਤੀ ਸੀ। ਅੱਜ ਵੀ ਜਿਲਾ ਪਾਰਟੀ ਦਾ ਮੁੱਖ ਦਫਤਰ 12 ਅੱਡਾ ਮਾਰਕੀਟ ਪੰਡਿਤ ਜੀ ਦੇ ਪਲਾਟ ਵਿੱਚ ਹੀ ਚਲਦਾ ਹੈ। ਆਗੂਆਂ ਨੇ ਪਾਰਟੀ ਹਮਦਰਦਾਂ ਸ਼ਹਿਰ ਵਾਸੀਆਂ ਕੋਲੋਂ ਹਰ ਸਹਿਯੋਗ ਦੀ ਮੰਗ ਕੀਤੀ ਹੈ ਅਤੇ ਬਰਸੀ ਤੇ ਪਹੁੰਚ ਕੇ ਆਪਣੇ ਇਨਕਲਾਬੀ ਨੂੰ ਸ਼ਰਧਾਂਜਲੀ ਭੇਂਟ ਕਰਨ। ਇਸ ਬਰਸੀ ਤੇ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ।



# ਹਾਕੀ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸਮਾਪਤ

**ਬੰਗਾ (ਅਵਤਾਰ ਕਲੇਰ)**

ਖੇਡਾਂ ਕਰਾਉਣਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦਾ ਵਧੀਆ ਉਪਰਾਲਾ ਹੈ, ਉਹ ਖੇਡ ਕਲੱਬਾਂ, ਪੰਚਾਇਤਾਂ ਵਧਾਈ ਦੀਆਂ ਪਾਤਰ ਹਨ ਜਿਨ੍ਹਾਂ ਨੌਜਵਾਨਾਂ ਨੂੰ ਖੇਡਾਂ ਵੱਲ ਤੋਰਿਆ ਹੈ। ਇਹ ਸ਼ਬਦ ਸਾਬਕਾ ਹਾਕੀ ਖਿਡਾਰੀ ਪ੍ਰਗਟ ਸਿੰਘ ਵਿਧਾਇਕ ਜਲੰਧਰ ਨੇ ਸਪੋਰਟਸ-ਕਲੱਬ ਮੇਹਲੀ ਵਲੋਂ ਕਰਵਾਏ ਹਾਕੀ ਟੂਰਨਾਮੈਂਟ ਵਿੱਚ ਜੇਤੂ ਟੀਮਾਂ ਨੂੰ ਇਨਾਮ ਵੰਡਦਿਆਂ ਆਖੇ। ਉਨ੍ਹਾਂ ਨੌਜਵਾਨਾਂ ਨੂੰ ਖੇਡਾਂ ਤੇ ਪੜ੍ਹਾਈ ਲਈ ਵੀ ਪ੍ਰੇਰਿਤ ਕੀਤਾ। ਉਪਰੰਤ ਦਾਨੀ ਸੱਜਣਾਂ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ। ਉਕਤ ਟੂਰਨਾਮੈਂਟ 'ਚ ਪਹਿਲਾਂ ਸੀਨੀਅਰ ਫਾਈਨਲ ਮੈਚ ਘਵੱਦੀ ਤੇ ਸ਼ਰੀਂਹ ਦੀਆਂ ਟੀਮਾਂ 'ਚ ਖੇਡਿਆ ਗਿਆ ਜਿਸ ਵਿੱਚ ਘਵੱਦੀ ਦੀ ਟੀਮ ਜੇਤੂ ਰਹੀ। ਜੂਨੀਅਰ ਵਿ ਫਾਈਨਲ ਮੈਚ ਅੰਡਰ 16 ਔੜ ਤੇ ਮੇਹਲੀ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਕਲੱਬ ਦੇ ਪ੍ਰਧਾਨ ਗੁਰਦੀਪ ਸਿੰਘ ਦੀਪਾ ਮੇਹਲੀ ਨੇ ਜਿੱਥੇ ਪ੍ਰਮੁੱਖ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ, ਉਥੇ ਖੇਡ ਪ੍ਰੇਮੀਆਂ ਨੇ ਐੱਨ ਆਰ ਆਈ ਵੀਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਹਾਕੀ ਖਿਡਾਰੀ ਪ੍ਰਗਟ ਸਿੰਘ ਵਿਧਾਇਕ ਜਲੰਧਰ, ਸਾਬਕਾ ਵਿਧਾਇਕ ਬੰਗਾ ਚੌਧਰੀ ਮੋਹਣ ਲਾਲ, ਸਤਵੀਰ ਸਿੰਘ ਪੱਲੀ ਝਿੱਕੀ ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਨਵਾਂਸ਼ਹਿਰ, ਸਾਬਕਾ ਮੈਂਬਰ ਜਿਲ੍ਹਾ ਪ੍ਰੀਸ਼ਦ ਕਮਲਜੀਤ ਬੰਗਾ, ਪ੍ਰਧਾਨ ਗੁਰਦੀਪ ਸਿੰਘ ਦੀਪਾ,ਉੱਪ ਪ੍ਰਧਾਨ ਅਮਨਦੀਪ ਸਿੰਘ ਅਮਨਾ, ਸੈਕਟਰੀ ਜਸਕਰਨ ਸਿੰਘ ਲਾਟੀ, ਖਜ਼ਾਨਚੀ ਸ਼ੇਰਵਿੰਦਰ ਸਿੰਘ ਬੱਗਾ, ਤਰਸੇਮ ਸਿੰਘ, ਕਲਾਕਾਰ ਸਰਬਜੀਤ ਚੀਮਾ, ਨਵਤੇਜ ਸਿੰਘ ਤੇਜਾ, ਹਰਜਿੰਦਰ ਸਿੰਘ ਕੈਨੇਡਾ, ਮੇਜਰ ਪ੍ਰਿਤਪਾਲ ਸਿੰਘ, ਕੈਪਟਨ ਪੰਕਜ, ਸੀਨੀਅਰ ਪੱਤਰਕਾਰ ਪਰਮਵੀਰ ਸਿੰਘ ਬਾਠ, ਸੀਨੀਅਰ ਪੱਤਰਕਾਰ ਸਵਰਨ ਸਿੰਘ ਟਹਿਣਾ, ਪ੍ਰੋ.ਨਿਰਮਲ ਸਿੰਘ, ਬਲਜਿੰਦਰ ਸਿੰਘ ਨੰਬਰਦਾਰ ਆਦਿ ਹਾਜ਼ਰ ਸਨ।




# ਜਨਤਕ ਦਸਤਖ਼ਤ ਪਟੀਸ਼ਨ ਲਈ ਜ਼ਿਲ੍ਹਾ ਪੱਧਰੀ ਨਿਯੁਕਤੀਆਂ

**ਮੋਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੀਆਂ ਹੱਕੀ ਮੰਗਾਂ ਨੂੰ ਲੈਕੇ ਮਿਸਲ ਸਤਲੁਜ ਵੱਲੋਂ ਸ਼ੁਰੂ ਕੀਤੀ ਪੂਰਾ ਪੰਜਾਬ ਲਹਿਰ ਦੇ ਦੂਜੇ ਦਿਨ ਨੂੰ ਵੀ ਪੰਜਾਬ ਪ੍ਰਸਤ ਲੋਕਾਂ ਦਾ ਵੱਡਾ ਹੁੰਗਾਰਾ ਮਿਲਿਆ। ਗੁਰਦੁਆਰਾ ਅੰਬ ਸਾਹਿਬ (ਮੁਹਾਲੀ) ਨੇੜੇ ਜਾਰੀ ਮੰਚ ਤੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ, ਅੱਜ ਪੰਜਾਬ ਨੂੰ ਆਪਣੀਆਂ ਮੰਗਾਂ ਮੰਗਾਂ, ਅਧਿਕਾਰਾਂ ਦੀ ਪ੍ਰਾਪਤੀ ਅਤੇ ਹਿੱਤਾਂ ਦੀ ਸੁਰੱਖਿਆ ਲਈ ਬਹੁਤ ਜ਼ਰੂਰੀ ਹੈ। ਪੰਜਾਬ ਇਕਜੁੱਟਤਾ ਦਾ ਸਬੂਤ ਪੇਸ਼ ਕਰੇ। ਪੂਰਾ ਪੰਜਾਬ ਲਹਿਰ ਹੇਠ ਪੰਜਾਬ ਨੂੰ ਇਕਜੁੱਟ ਕਰਨ ਲਈ ਮਿਸਲ ਸਤਲੁਜ ਦੀ ਪਹਿਲ ਕਦਮੀ ਦਾ ਸਵਾਗਤ ਕਰਦੇ ਹੋਏ ਬੁਲਾਰਿਆਂ ਨੇ ਕਿਹਾ, ਜਿਸ ਸੁਹਿਰਦਤਾ ਨਾਲ ਪੰਜਾਬ ਦੀਆਂ ਮੰਗਾਂ ਲਈ ਸਾਂਝਾ ਪਲੇਟਫਾਰਮ ਤਿਆਰ ਕੀਤਾ ਗਿਆ, ਓਹ ਕਾਬਿਲ ਏ ਤਾਰੀਫ਼ ਹੈ। ਬੁਲਾਰਿਆਂ ਨੇ ਮਿਸਲ ਸਤਲੁਜ ਦੇ ਪ੍ਰਧਾਨ ਸਰਦਾਰ ਅਜੇਪਾਲ ਸਿੰਘ ਬਰਾੜ ਨੂੰ ਇਸ ਕਦਮ ਲਈ ਵਧਾਈ ਦਿੰਦਿਆਂ ਕਿਹਾ ਕਿ, ਅੱਜ ਲੰਮੇ ਸਮੇਂ ਬਾਅਦ ਅਜਿਹੀ ਲਹਿਰ ਨੂੰ ਖੜਾ ਕਰਨਾ, ਨਾ ਸਿਰਫ ਸਮੇਂ ਦੀ ਲੋੜ ਸੀ, ਸਗੋਂ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਢੁੱਕਵਾਂ ਕਦਮ ਵੀ ਹੈ। ਇਸ ਦੇ ਨਾਲ ਬੁਲਾਰਿਆਂ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ, ਸਮੂਹ ਪੰਜਾਬੀ ਆਪਣੇ ਰਾਜਸੀ ਵਖਰੇਵਿਆਂ ਨੂੰ ਪਿੱਛੇ ਰੱਖ ਕੇ ਇਸ ਲਹਿਰ ਦਾ ਹਿੱਸਾ ਬਣਨ।ਸਰਦਾਰ ਅਜੇਪਾਲ ਸਿੰਘ ਬਰਾੜ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ, ਬੇਸ਼ਕ ਅੱਜ ਪੂਰਾ ਪੰਜਾਬ ਲਹਿਰ ਦਾ ਦੂਜਾ ਦਿਨ ਹੈ ਪਰ ਜਨਤਕ ਦਸਤਖ਼ਤ ਪਟੀਸ਼ਨ ਦੀ ਮੰਗ ਨੂੰ ਲੈਕੇ ਪੰਜਾਬ ਭਰ ਤੋਂ ਸੁਨੇਹੇ ਮਿਲ ਰਹੇ ਹਨ। ਸਰਦਾਰ ਬਰਾੜ ਨੇ ਕਿਹਾ ਕਿ, ਜਨਤਕ ਦਸਤਖ਼ਤ ਪਟੀਸ਼ਨ ਨੂੰ ਘਰ ਘਰ ਤੱਕ ਲੈਕੇ ਜਾਣ ਲਈ ਅਤੇ ਹਰ ਜ਼ਿਲ੍ਹੇ ਤੋਂ ਪਟੀਸ਼ਨ ਦੀ ਪ੍ਰਾਪਤੀ ਲਈ ਵੱਖ ਵੱਖ ਜ਼ੋਨ ਹੇਠ ਡਿਊਟੀਆਂ ਲਗਾਈਆਂ ਗਈਆਂ ਹਨ। ਇਹਨਾਂ ਜ਼ੋਨ ਲਈ ਇੱਕ ਆਬਜ਼ਰਵਰ ਅਤੇ ਦੋ ਸਹਿ ਆਬਜ਼ਰਵਰ ਦੀ ਨਿਯੁਕਤੀ ਕੀਤੀ ਗਈ ਹੈ। ਪੰਜਾਬ ਭਰ ਤੋ ਕੋਈ ਵੀ ਬਾਸ਼ਿੰਦਾ ਹੁਣ ਆਬਜ਼ਰਵਰ ਨੂੰ ਇੱਕ ਫੋਨ ਕਾਲ ਤੇ ਪਟੀਸ਼ਨ ਦੀ ਕਾਪੀ ਪ੍ਰਾਪਤ ਕਰ ਸਕਦਾ ਹੈ। ਪੂਰਾ ਪੰਜਾਬ ਲਹਿਰ ਦੇ ਮੰਚ ਤੋ ਨਾਮਵਰ ਹਸਤੀਆਂ ਨੇ ਸੰਬੋਧਨ ਕੀਤਾ, ਜਿੰਨਾ ਵਿੱਚ ਸਰਦਾਰ ਹਰਦੀਪ ਸਿੰਘ ਕਿੰਗਰਾ, ਚੇਤਨ ਸਹੋੜ ਕੌਮੀ ਪ੍ਰਧਾਨ ਈ ਆਰ ਟੀ ਸੀ,ਹਰਭਜਨ ਸਿੰਘ ਸਲਾਹਕਾਰ ਮੈਂਬਰ ਯੂ ਐੱਨ ਓ,ਪੰਜਾਬ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਦਲਜਿੰਦਰ ਸਿੰਘ ਸੰਧੂ, ਐਡਵੋਕੇਟ ਅਨੁਰੀਤ ਸਿੰਘ ਸਿੱਧੂ, ਨਛੱਤਰ ਸਿੰਘ ਕੰਡਾ, ਗੁਰਮਹਕ ਸਿੰਘ ਅਤੇ ਕਾਰਤਿਕ ਕੌਸ਼ਲ ਨੇ ਸੰਬੋਧਨ ਕੀਤਾ। ਇਸ ਮੌਕੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਸਰਦਾਰ ਦਵਿੰਦਰ ਸਿੰਘ ਸੇਖੋਂ,ਗੁਰਬੀਰ ਸਿੰਘ ਧੀਰਾ ਯੂਥ ਪ੍ਰਧਾਨ ਮਿਸਲ ਸਤਲੁਜ, ਲੱਖੀ ਝੰਜੇੜੀ, ਸੁਲਭਪ੍ਰੀਤ ਸਿੰਘ ਯੂਥ ਪ੍ਰਧਾਨ ਖਰੜ ਸ਼ਹਿਰ ਵੱਲੋ ਕੀਤਾ ਗਿਆ।

# 10ਵੀਂ ਤੇ 12ਵੀਂ ਕਲਾਸ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਿਨਪਾਲਕੇ (ਜਲੰਧਰ) ਵਿਖੇ ਪ੍ਰਿੰਸੀਪਲ ਸੁਰਿੰਦਰ ਕੁਮਾਰ ਰਾਣਾ ਦੀ ਅਗਵਾਈ ਵਿੱਚ 9ਵੀ ਕਲਾਸ ਦੇ ਵਿਦਿਆਰਥੀਆਂ ਨੇ ਆਪਣੇ ਕਲਾਸ ਇੰਚਾਰਜ ਧੀਰਜ ਕਲਸੀ, ਸਰਬਜੀਤ ਕੌਰ ਅਤੇ 11ਵੀ ਕਲਾਸ ਦੇ ਵਿਦਿਆਰਥੀਆਂ ਨੇ ਆਪਣੇ ਕਲਾਸ ਇੰਚਾਰਜ ਲੈਕਚਰਾਰ ਬਲਜੀਤ ਕੌਰ, ਲੈਕਚਰਾਰ ਰਾਜਿੰਦਰ ਸਿੰਘ ਦੀ ਪ੍ਰੇਰਨਾ ਸਦਕਾ 10ਵੀ ਅਤੇ 12ਵੀ ਕਲਾਸ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਦੁਰਗਾ ਬੰਦਨਾ ਦੁਆਰਾ ਕੀਤੀ ਗਈ। 9ਵੀ ਅਤੇ 11ਵੀ ਕਲਾਸ ਦੇ ਵਿਦਿਆਰਥੀਆਂ ਵੱਲੋਂ ਗੀਤ, ਡਾਂਸ ਤੇ ਗਿੱਧਾ ਪੇਸ਼ ਕੀਤਾ ਗਿਆ ਤੇ ਸਕੂਲ ਤੋਂ ਵਿਦਾ ਕਰਨ ਜਾ ਰਹੇ ਵਿਦਿਆਰਥੀਆਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। 10ਵੀ ਅਤੇ 12ਵੀ ਕਲਾਸ ਦੇ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਦਾ ਮਾਰਗਦਰਸ਼ਨ ਕਰਨ ਲਈ ਧੰਨਵਾਦ ਕੀਤਾ ਤੇ ਆਪਣੇ ਗੀਤਾਂ ਰਾਹੀਂ ਕਮੈਂਟਸ ਦੇ ਕੇ ਸਨਮਾਨਤ ਕੀਤਾ। ਲੈਕਚਰਾਰ ਪੂਨਮ ਦੱਤਾ, ਲੈਕਚਰਾਰ ਬਲਜੀਤ ਕੌਰ ਤੇ ਰੂਪ ਰਾਣੀ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। 10ਵੀ ਅਤੇ 12ਵੀ ਕਲਾਸ ਦੇ ਵਿਦਿਆਰਥੀਆਂ ਵੱਲੋਂ ਆਪਣੇ ਕਲਾਸ ਇੰਚਾਰਜ ਰੂਪ ਰਾਣੀ, ਨਿਰਮਲ ਕੌਰ, ਨਲਿਨੀ ਸਿੱਕਾ, ਪੂਨਮ ਦੱਤਾ ਦੀ ਅਗਵਾਈ ਵਿੱਚ ਸਕੂਲ ਨੂੰ ਮਿਊਜ਼ਿਕ ਸਿਸਟਮ ਦਾਨ ਕੀਤਾ। ਪ੍ਰਿੰਸੀਪਲ ਸੁਰਿੰਦਰ ਕੁਮਾਰ ਰਾਣਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਦਿਆਰਥੀਆਂ ਨੂੰ ਮਨ ਲਗਾ ਕੇ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਜੋ ਜ਼ਿੰਦਗੀ ਵਿੱਚ ਵਧੀਆ ਮੁਕਾਮ ਹਾਸਿਲ ਕੀਤਾ ਜਾ ਸਕੇ।

# ਛੱਤਬੀੜ ਚਿੜੀਆਘਰ 'ਚ ਸੈਲਾਨੀਆਂ ਦੀ ਰਿਕਾਰਡ ਆਮਦ : ਕਟਾਰੂ ਚੱਕ

**ਚੰਡੀਗੜ (ਗੁਰਜੀਤ ਬਿੱਲਾ)**-ਜੰਗਲੀ ਜੀਵਾਂ ਦੀ ਸੁਰੱਖਿਆ ਅਤੇ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਭਗਵੰਤ ਸਿੰਘ ਮਾਨ ਸਰਕਾਰ ਦੇ ਠੋਸ ਯਤਨਾਂ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ ਜਿਸ ਨਾਲ ਮਹਿੰਦਰ ਚੌਧਰੀ ਜ਼ੂਆਲੋਜੀਕਲ ਪਾਰਕ, ਛੱਤਬੀੜ ਵਿਖੇ ਸੈਲਾਨੀਆਂ ਦੀ ਆਮਦ ਵਿੱਚ ਕਾਫ਼ੀ ਵਾਧਾ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸਾਲ ਦੇ ਪਹਿਲੇ ਦੋ ਮਹੀਨਿਆਂ ਦੌਰਾਨ ਹੀ ਚਿੜੀਆਘਰ ਵਿੱਚ 80,508 ਸੈਲਾਨੀਆਂ ਦੀ ਆਮਦ ਹੋਈ ਹੈ ਜੋ ਕਿ ਜੰਗਲੀ ਜੀਵਾਂ ਦੀ ਸੁਰੱਖਿਆ ਸਬੰਧੀ ਲੋਕਾਂ ਦੀ ਵੱਧ ਰਹੀ ਜਾਗਰੂਕਤਾ ਅਤੇ ਸ਼ਮੂਲੀਅਤ ਨੂੰ ਦਰਸਾਉਂਦਾ ਹੈ।ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਨੇ ਦੱਸਿਆ, 'ਸਿਰਫ਼ ਜਨਵਰੀ ਮਹੀਨੇ ਦੌਰਾਨ ਹੀ ਛੱਤਬੀੜ ਚਿੜੀਆਘਰ ਵਿੱਚ 48,719 ਸੈਲਾਨੀਆਂ ਦੀ ਆਮਦ ਹੋਈ, ਜਦੋਂ ਕਿ ਫਰਵਰੀ ਵਿੱਚ 31,789 ਸੈਲਾਨੀ ਸ਼ਾਂਤ ਤੇ ਕੁਦਰਤੀ ਮਾਹੌਲ ਵਿੱਚ ਪੰਛੀਆਂ ਅਤੇ ਜਾਨਵਰਾਂ ਦੀਆਂ ਵੱਖ-ਵੱਖ ਪ੍ਰਜਾਤੀਆਂ ਨੂੰ ਦੇਖਣ ਲਈ ਆਏ।'